Voice of Social Concerns

Registration No. 210836300

# ਸਰੋਕਾਰਾਂ ਦੀ ਆਵਾਜ਼

Pro-People Arts Project Media Group

ਸਾਲ-4, ਅੰਕ-11, 16 ਅਕਤੂਬਰ 2014

HARBANS SINGH 416-817-7142, Master Bhajan Singh 403-455-4220 Email: ppapmg@gmail.com Website: www.ppapmg.com





5

‘ਨੰਗੇ ਪੈਰਾਂ ਵਾਲੇ’ ਇਨਕਲਾਬੀ ਨੌਜਵਾਨ ਡਾਕਟਰਾਂ ਦੀਆਂ ਮਹਾਨ ਦੇਣਾਂ


13

Where are all the women (candidates)?


24

ਪ੍ਰਬੰਧ ਦੀਆਂ ਨਜ਼ਰਾਂ ’ਚ ਕਿਰਤੀ ਇਕ ਸੰਦ ਜਾਂ ਮਾਲ ਤੂਫਾਨਾਂ ਦੀ ਆਹਟ ਨੂੰ ਪਹਿਚਾਨੋ


29

ਟਿੱਬਿਆਂ ’ਚੋਂ ਲੰਘਦੀ ਝਨਾਂ !

# ਕੈਨੇਡਾ ’ਚ ਸਥਾਨਕ ਸਰਕਾਰਾਂ (ਮਿਉਂਸਪਲ-ਕਮੇਟੀਆਂ ਕਾਰਪੋਰੇਸ਼ਨਾਂ)

**ਮਲਕੀਤ**

ਭੂਗੋਲਿਕ ਪੱਖੋਂ ਕੈਨੇਡਾ ਇਕ ਵਿਸਾਲ ਦੇਸ਼ ਹੈ। ਇਹ ਉਤਰੀ ਅਮਰੀਕਾ ਮਹਾਂਦੀਪ ਦੇ ਧੁਰ ਉਤਰ ਵਿਚ ਵਿਸ਼ਾਲ ਭੂ-ਖੇਤਰਾਂ ਵਿਚ ਫੈਲਿਆ ਹੋਇਆ ਹੈ। ਉਨਵੀਂ ਸਦੀ ਦੇ ਅੱਧ ਤੱਕ ਇਸ ਦੀ ਆਬਾਦੀ ਬੜੀ ਸੀਮਤ ਸੀ-ਸਿਰਫ਼ ਕੁਝ ਕੁ ਹਜ਼ਾਰਾਂ ਵਿਚ ਗਿਣੀ ਜਾ ਸਕਦੀ ਸੀ। ਹਡਜਨ ਕੰਪਨੀ ਨੇ ਕੁਝ ਕੁ ਅਬਾਦੀਆਂ ਸਥਾਪਤ ਕਰ ਰੱਖੀਆਂ ਸਨ; ਜਿਨ੍ਹਾਂ ਰਾਹੀਂ ਉਸਦੇ ਯੂਰਪੀਅਨ ਵਪਾਰੀ ਸਥਾਨਕ ਮੂਲ ਵਸਨੀਕਾਂ ਦੀ ਸਹਾਇਤਾ ਨਾਲ ਬਰਫ਼ੀਲੇ ਖੇਤਰਾਂ ਦੇ ਜਾਨਵਰਾਂ ਦੀਆਂ ਖੱਲਾਂ ਅਤੇ ਉਨ ਦਾ ਵਪਾਰ ਯੂਰਪ ਨਾਲ ਕਰਦੇ ਸਨ।

ਇਨ੍ਹਾਂ ਬਸਤੀਆਂ ਦਾ ਪ੍ਰਬੰਧ ਚਲਾਉਣ ਵਾਸਤੇ 1840-50 ਤੱਕ ਸਥਾਨਕ ਕਮੇਟੀਆਂ ਹੋਂਦ ਵਿਚ ਆ ਚੁੱਕੀਆਂ ਸਨ। ਇਸ ਤੋਂ ਬਾਅਦ 1867 ਵਿਚ ਕੈਨੇਡਾ ਦਾ ਸੰਵਿਧਾਨ ਤਿਆਰ ਕਰਕੇ ਇਸ ਨੂੰ ਸੰਘੀ-ਕਨਫੈਡਰੇਸ਼ਨ ਰਾਜ ਐਲਾਨ ਕਰ ਦਿੱਤਾ ਗਿਆ। ਇਸ ਤਰ੍ਹਾਂ ਅਜੋਕਾ ਕੈਨੇਡਾ ਦਸ ਪ੍ਰਾਂਤਾਂ ਜਾਂ ਸੂਬਿਆਂ ਅਤੇ ਤਿੰਨ ਸੰਘੀ ਖੇਤਰਾਂ ਦਾ ਦੇਸ਼ ਹੈ। ਇਸ ਦੀ ਆਬਾਦੀ ਸਵਾ ਕੁ ਤਿੰਨ ਕਰੋੜ ਮਸਾਂ ਹੈ। ਇਹ ਹਰ ਪੱਖੋਂ ਪ੍ਰਭੂ ਸੱਤਾ ਸੰਪੰਨ ਰਾਜ ਹੈ। ਨਾ-ਮਾਤਰ ਤੌਰ ’ਤੇ ਇਸ ਦਾ ਸਬੰਧ ਇੰਗਲੈਂਡ ਦੀ ਮਹਾਰਾਣੀ ਨਾਲ ਜੁੜਿਆ ਹੋਇਆ ਹੈ। ਉਸ ਕੋਲ ਕੋਈ ਕਾਰਜਕਾਰੀ ਅਧਿਕਾਰ ਨਹੀਂ ਹਨ।

**ਕੈਨੇਡਾ ਦੇ ਮਿਉਂਸਪਲ ਸਿਸਟਮ ਦਾ ਸੰਖੇਪ ਇਤਿਹਾਸ**

ਕੈਨੇਡਾ ਵਿਚ ਮਿਉਂਸਪਲ ਸਿਸਟਮ ਸਹੀ ਅਰਥਾਂ ਵਿਚ ਉਨਵੀਂ ਸਦੀ ਦੇ ਦੂਜੇ ਅੱਧ ਤੋਂ ਸ਼ੁਰੂ ਹੁੰਦਾ ਹੈ। ਕੈਨੇਡਾ ਦੇ 1867 ਦੇ ਸੰਵਿਧਾਨ ਵਿਚ ਮਿਉਂਸਪਲ ਸਿਸਟਮ ਵੀ ਸਥਾਪਤੀ ਦਾ ਕੋਈ ਜ਼ਿਕਰ ਨਹੀਂ ਹੈ। ਸੰਵਿਧਾਨ ਦੀ ਧਾਰਾ 92 (8) ਅਨੁਸਾਰ ਇਹ ਸੂਬਾਈ ਸਰਕਾਰ ਦੇ ਕਾਰਜ ਖੇਤਰ ਵਿਚ ਪਾ ਦਿੱਤਾ ਗਿਆ ਹੈ। ਅਲੱਗ-ਅਲੱਗ ਸੂਬਿਆਂ ਨੇ ਆਪੋ ਆਪਣੀਆਂ ਲੋੜਾਂ ਅਨੁਸਾਰ ਇਸਦੇ ਸਿਸਟਮ ਨੂੰ ਵਿਉਂਤਬੰਦ ਕੀਤਾ ਹੈ। ਜਿਵੇਂ ਕਿਊਬਕ ਸੂਬੇ ਨੇ 40 ਅਤੇ ਉਨਟਾਰੀਓ ਸੂਬੇ ਨੇ ਇਸ ਸਬੰਧੀ 150 ਕਾਨੂੰਨ ਬਣਾ ਰੱਖੇ ਹਨ। ਸੂਬਿਆਂ ਦੇ ਇਨ੍ਹਾਂ ਕਾਨੂੰਨਾਂ ਅਨੁਸਾਰ ਦੋ ਕਿਸਮ ਦੀਆਂ ਸਥਾਨਕ ਸਰਕਾਰਾਂ-ਸ਼ਹਿਰੀ, ਮਿਉਂਸਪਲ ਕਮੇਟੀਆਂ, ਕਾਰਪੋਰੇਸ਼ਨਾਂ ਜਾਂ ਟਾਊਨਸ਼ਿਪ ਕਮੇਟੀਆਂ ਹਨ ਅਤੇ ਪੇਂਡੂ ਖੇਤਰਾਂ ਵਿਚ, ਪਾਰਿਸ਼, ਟਾਊਨ ਜਾਂ ਹੈਮਲਟ ਕਾਊਂਸਲਾਂ ਹਨ। ਇਸ ਤਰ੍ਹਾਂ ਸੂਬਾਈ ਸਰਕਾਰ ਹੀ ਇਨ੍ਹਾਂ ਦੇ ਖੇਤਰ ਅਤੇ ਕਰਨ ਵਾਲੇ ਕੰਮ ਤੈਅ ਕਰਦੀਆਂ ਹਨ। ਇਨ੍ਹਾਂ ਕੰਮਾਂ ਵਾਸਤੇ ਪੈਸਾ ਕਿਥੋਂ ਪ੍ਰਾਪਤ ਕਰਨੀਆਂ ਇਹ ਵੀ ਤੈਅ ਕੀਤਾ ਜਾਂਦਾ ਹੈ।

ਮੁੱਖ ਰੂਪ ਵਿਚ ਇਹ ਕੌਂਸਲਾਂ, ਕਮੇਟੀਆਂ ਸਥਾਨਕ ਸਰਕਾਰ ਦਾ ਰੋਲ ਕਰਦੀਆਂ ਹਨ। ਇਹ ਆਪਣੇ ਅਧਿਕਾਰ ਖੇਤਰ ਦੇ ਵਸਨੀਕਾਂ, ਵਾਸਤੇ ਵੱਖ-ਵੱਖ ਸੇਵਾਵਾਂ ਪ੍ਰਦਾਨ ਕਰਦੀਆਂ ਹਨ। ਇਨ੍ਹਾਂ ਦੀ ਹੱਦਬੰਦੀ, ਕੰਮ ਕਰਨ ਦੀਆਂ ਸੀਮਾਵਾਂ ਅਤੇ ਟੈਕਸ ਉਗਰਾਹੀ ਦੀਆਂ ਤਾਕਤਾਂ ਇਨ੍ਹਾਂ ਨੂੰ ਪ੍ਰਾਂਤਕ ਸਰਕਾਰ ਵਲੋਂ ਹੀ ਡੈਲੀਗੇਟ ਕੀਤੀਆਂ ਜਾਂਦੀਆਂ ਹਨ। ਮਾਰਚ 2003 ਦੀ ਇਕ

SUPER VISA INSURANCE

PUNJAB INSURANCE INC.



Sherjang Singh Rana
416.910.9000

• Life Insurance • Mortgage Insurance
• Critical Illness Insurance • Disability Insurance
• RESP, RRSP

www.punjabinsurance.ca



Ravinder Singh Basra
416.845.6232

ਗਿਣਤੀ ਅਨੁਸਾਰ ਕੈਨੇਡਾ ਵਿਚ ਸਥਾਨਕ ਸਰਕਾਰਾਂ ਦੀ ਕੁੱਲ ਗਿਣਤੀ 3719 ਸੀ।

| ਪ੍ਰਾਂਤ ਦਾ ਨਾਂ | ਗਿਣਤੀ |
|---|---|
| 1. ਨਿਊ ਫਾਊਂਡਲੈਂਡ | 286 |
| 2. ਪ੍ਰਿੰਸ ਐਡਵਰਡ ਟਾਪੂ | 75 |
| 3. ਨੋਵਾ ਸਕੋਸੀਆ | 77 |
| 4. ਨਿਊ ਬਰਨਸਵਿਕ | 103 |
| 5. ਕਿਊਬਕ | 1147 |
| 6. ਉਂਨਟਾਰੀਓ | 448 |
| 7. ਮੈਨੀਟੋਬਾ | 199 |
| 8. ਸਸਕੈਚਵਨ | 829 |
| 9. ਅਲਬਰਟਾ | 352 |
| 10. ਬ੍ਰਿਟਿਸ਼ ਕੋਲੰਬੀਆ | 154 |
| **ਕੇਂਦਰੀ ਸ਼ਾਸਤ ਖੇਤਰ** | |
| 1. ਯੂਰੋਨ | 8 |
| 2. ਨੂਨਾਵੁੱਡ | 25 |
| 3. ਉਤਰ ਪੱਛਮੀ ਖੇਤਰ | 16 |
| ਕੁੱਲ ਜੋੜ | = 3719 |

ਇਸ ਤਰ੍ਹਾਂ ਦੇਖਿਆ ਜਾਂਦਾ ਹੈ ਕਿ ਇਹ ਗਿਣਤੀ ਬਹੁਤ ਜ਼ਿਆਦਾ ਸੀ। 1990ਵਿਆਂ ਤੋਂ ਲੈ ਕੇ ਗਿਣਤੀ ਘਟਾਉਣ ਵਾਸਤੇ ਦੇਸ਼ ਵਿਆਪੀ ਬਹਿਸ ਚਲ ਰਹੀ ਸੀ ਕਿ ਨਾਲ ਨਾਲ ਜੁੜਵੀਆਂ ਕਮੇਟੀਆਂ ਨੂੰ ਇਸ ਕਰਕੇ ਮਹਾਂਨਗਰਾਂ ਦਾ ਦਰਜਾ ਦੇ ਦਿੱਤਾ ਜਾਵੇ ਜਿਵੇਂ ਟਰਾਂਟੋ ਅਤੇ ਮਾਂਟਰੀਅਲ ਵਿਚ ਕਰ ਦਿੱਤਾ ਗਿਆ ਹੈ।

ਸਾਰਿਆਂ ਸੂਬਿਆਂ ਵਿਚੋਂ ਵੱਡੀਆਂ ਤਬਦੀਲੀਆਂ ਉਂਨਟਾਰੀਓ ਵਿਚ ਹੀ ਕੀਤੀਆਂ ਗਈਆਂ ਹਨ। ਇਥੇ ਜੁਲਾਈ 1996 ਤੱਕ 815 ਕਮੇਟੀਆਂ ਸਨ ਜਿਹੜੀਆਂ ਜਨਵਰੀ ਵਿਚ ਘਟਾ ਕੇ 447 ਕਰ ਦਿੱਤੀਆਂ ਗਈਆਂ ਹਨ। ਉਂਨਟਾਰੀਓ ਵਿਚ ਨਿਸ਼ਾਨਾ ਇਹ ਮਿਥਿਆ ਗਿਆ ਹੈ ਕਿ 1. ਮੈਂਬਰਾਂ ਦੀ ਗਿਣਤੀ ਘੱਟ ਹੋਵੇ, 2. ਟੈਕਸ ਘਟਾਏ ਜਾਣ, 3. ਅਫ਼ਸਰਸ਼ਾਹੀ ਦਾ ਬੋਲਬਾਲਾ ਘੱਟ ਹੋਵੇ, 4. ਸਿਵਲ ਸੇਵਾਵਾਂ ਬਿਹਤਰ ਹੋਣ, 5. ਸਥਾਨਕ ਸਰਕਾਰ ਦੀ ਜਵਾਬਦੇਹੀ ਵਧਾਈ ਜਾਵੇ। ਅਜਿਹਾ 1996 ਵਿਚ ਪਾਸ ਕੀਤੇ ਕਾਨੂੰਨ ਅਨੁਸਾਰ ਕੀਤਾ ਗਿਆ ਹੈ।

**ਸਥਾਨਕ ਸਰਕਾਰਾਂ ਦੀਆਂ ਜ਼ਿੰਮੇਵਾਰੀਆਂ ਅਤੇ ਕਾਰਜ**

1999 ਵਿਚ ਕੈਨੇਡਾ ਭਰ ਦੀਆਂ ਸਾਰੀਆਂ ਮਿਊਂਸਪੈਲਟੀਆਂ ਵਲੋਂ ਆਪਣੇ ਕਾਰਜਾਂ ਉਪਰ ਕੀਤਾ ਗਿਆ ਕੁੱਲ ਖਰਚਾ 43.3 ਅਰਬ ਡਾਲਰ ਸੀ। ਇਹ ਕੈਨੇਡਾ ਦੀ ਫੈਡਰਲ ਸਰਕਾਰ ਦੇ ਉਸ ਸਾਲ ਵਿਚ ਕੀਤੇ ਖਰਚੇ ਦਾ ਦੱਸਵਾਂ ਹਿੱਸਾ ਹੈ। ਕੈਨੇਡੀਅਨ ਸਥਾਨਕ ਸਰਕਾਰਾਂ ਦੇ ਮੁੱਖ ਖਰਚਿਆਂ ਵਾਲੀਆਂ ਮੱਦਾਂ ਵਿਚ ਹਨ। 1. ਆਵਾਜਾਈ ਅਤੇ ਸੰਚਾਰ ਵਿਸਸਥਾ ਦੇ ਸਾਧਨ, 2. ਸਥਾਨਕ ਸੁਰੱਖਿਆ ਅਤੇ ਪੁਲਿਸ, 3. ਸਾਫ਼ ਸਫ਼ਾਈ, 4. ਵਾਤਾਵਰਣ ਦੀ ਸੰਭਾਲ, 5. ਮਨੋਰੰਜਨ ਦੇ ਸਾਧਨ ਅਤੇ ਸਭਿਆਚਾਰਕ ਗਤੀਵਿਧੀਆਂ। ਇਨ੍ਹਾਂ ਤੋਂ ਬਿਨਾਂ ਪਲਾਨਿੰਗ, ਆਰਥਿਕ ਵਿਕਾਸ,










Time for Change! New Leadership – Real Change

Elect John Sanderson Mayor



All leaders have to be held accountable. My goal is to earn your support to help me deliver on what I am outlining for the City of Brampton. The City's new Council-driven Strategic Plan, which is the result of an extensive public consultation process, along with my own work with residents, community groups and business leaders have helped shape the key points of my election platform. I encourage all Brampton residents to use this as a scorecard to grade my performance as Mayor.

If elected as your Mayor, my priorities will be:

- Economy
- Respect for Taxpayers
- Growth
- Healthcare
- Education
- Crime & Safety
- Traffic Congestion

Facebook.com/VoteJohnSanderson

@JohnSandersonCA

- Regional Councillor for Wards 3 & 4 since 2006
- Brampton Guardian's Citizen of the Year
- Brampton Board of Trade's Business Person of the Year
- Canadian Chamber of Commerce's Volunteer of the Year for Eastern Canada
- Recipient of the prestigious Queen's Golden & Diamond Jubilee medal
- Brampton Rotary Club's Paul Harris Fellowship Award, Rotary's highest honour

Visit our website to learn more, make a donation, request a lawn sign, or join our volunteer team, visit us at: johnsanderson.ca

905.454.JOHN (5646) · vote@johnsanderson.ca · johnsanderson.ca

INSURANCE!

Save up to 51%

• Auto • Home • Business

Get the best rates with us!

FIVE STAR INSURANCE BROKERS LIMITED

We work with 15 major insurance companies& can get you the best prices guaranteed!

www.fivestarinsurance.ca

*With qualified discounts

Call: Harman Pandher

905.459.0555

270 Orenda Rd., Unit # 200 Brampton, ON L6T 4X6



ਸਮਾਜਿਕ ਘਰ ਉਸਾਰੀ ਅਤੇ ਸਥਾਨਕ ਟੂਰਿਜ਼ਮ ’ਤੇ ਵੀ ਖਰਚਾ ਹੁੰਦਾ ਹੈ। ਉਂਨਟਾਰੀਓ ਪ੍ਰਾਂਤ ਵਿਚ ਸਿਹਤ, ਸਿੱਖਿਆ ਅਤੇ ਸਮਾਜਿਕ ਸੇਵਾਵਾਂ ’ਤੇ ਵੀ ਖਰਚਾ ਹੁੰਦਾ ਹੈ। ਪਰ ਬਾਕੀ ਕੈਨੇਡਾ ਵਿਚ ਸਿਹਤ, ਸਿੱਖਿਆ ਅਤੇ ਸਿਵਲ ਸੇਵਾਵਾਂ ਪ੍ਰੋਵੈਂਸਲ ਸਰਕਾਰਾਂ ਅਧੀਨ ਹਨ। ਸੰਨ 2000 ਵਿਚ ਕੈਨੇਡਾ ਦੀਆਂ ਸਥਾਨਕ ਸਰਕਾਰਾਂ ਦਾ ਪ੍ਰਤੀ ਜੀ ਖਰਚਾ ਅੰਦਾਜਨ 1500 ਡਾਲਰ ਸੀ। ਪਰ ਉਨਟਾਰੀਓ ਵਿਚ ਪ੍ਰਤੀ ਜੀ ਖਰਚਾ 2000 ਡਾਲਰ ਹੈ।

**ਆਰਥਿਕਤਾ ਅਤੇ ਵਿੱਤ**

ਕੈਨੇਡਾ ਦੀਆਂ ਸਥਾਨਕ ਸਰਕਾਰਾਂ, ਫੈਡਰਲ ਜਾਂ ਪ੍ਰਾਂਤਕ ਸਰਕਾਰਾਂ ਤੋਂ ਆਜ਼ਾਦ ਹਨ। ਇਹ ਆਪਣੇ ਸਾਲਾਨਾ ਬਜਟ ਵਾਸਤੇ 90% ਤੱਕ ਸਾਧਨ ਆਪ ਹੀ ਜੁਟਾਉਂਦੀਆਂ ਹਨ। ਫਿਰ ਵੀ ਪ੍ਰਾਂਤਕ ਸਰਕਾਰਾਂ ਬਜਟ ਅਤੇ ਖਰਚਿਆਂ ਉਪਰ ਕਰੜੀ ਨਿਗ੍ਹਾ ਰੱਖੀ ਜਾਂਦੀ ਹੈ। ਕਿਸੇ ਕਮੇਟੀ ਨੂੰ ਘਾਟੇ ਵਾਲਾ ਬਜਟ ਤਿਆਰ ਕਰਨ ਦੀ ਆਗਿਆ ਨਹੀਂ ਹੈ ਤਾਂ ਕਿ ਬੈਂਕਰਪਸੀ ਨਾ ਹੋਵੇ। ਵੱਖ-ਵੱਖ ਟੈਕਸ, ਫੀਸਾਂ ਅਤੇ ਜੁਰਮਾਨੇ ਆਦਿ ਇਕੱਠੇ ਕਰਨ ਵਾਸਤੇ ਪ੍ਰਾਂਤਕ ਸਰਕਾਰਾਂ ਨੇ ਕਾਨੂੰਨ ਬਣਾ ਰੱਖੇ ਹਨ। ਆਮ ਕਰਕੇ ਆਮਦਨ ਦਾ ਵੱਡਾ ਸਾਧਨ ਜਾਇਦਾਦ ਟੈਕਸ ਜਾਂ ਇਸ ਨਾਲ ਸਬੰਧਤ ਟੈਕਸ ਹੀ ਹਨ।

**ਮਹਾਂਨਗਰ ਅਤੇ ਮੈਟਰੋ ਸ਼ਹਿਰ**

ਕੈਨੇਡਾ ਦੇ ਮਿਉਂਸਪਲ ਨਕਸ਼ੇ ਉਪਰ ਨੌਂ ਵੱਡੇ ਮੈਟਰੋਪੋਲੀਟਨ ਖੇਤਰ ਹਨ ਅਤੇ ਇਨ੍ਹਾਂ ਦੀ ਪੂਰੇ ਕੈਨੇਡਾ ਵਾਸਤੇ ਵੱਡੀ ਆਰਥਿਕ ਅਤੇ ਰਾਜਨੀਤਕ ਮਹੱਤਤਾ ਹੈ। ਇਨ੍ਹਾਂ ਨੌਂ ਮੈਟਰੋ ਖੇਤਰਾਂ ਵਿਚ ਹੀ ਦੇਸ਼ ਦੀ ਦੋ ਤਿਹਾਈ ਵਸੋਂ ਵਸਦੀ ਹੈ। ਇਹ ਖੇਤਰ ਹੇਠ ਲਿਖੇ ਅਨੁਸਾਰ ਹਨ।

1. **ਵੈਨਕੂਵਰ (ਬੀ.ਸੀ.)** : ਇਹ ਕੈਨੇਡਾ ਦਾ ਵਿਸ਼ਾਲ ਪੱਛਮੀ ਮਹਾਂਨਗਰ ਹੈ। ਇਸ ਵਿਚ ਹੀ ਬੀ. ਸੀ. ਦੀ ਅੱਧੀ ਤੋਂ ਜ਼ਿਆਦਾ ਵਸੋਂ ਹੈ। ਇਹ 1967 ਵਿਚ 21 ਮਿਉਂਸਪੈਲਟੀਆਂ ਨੂੰ ਇਕੱਠਾ ਕਰਕੇ ਹੋਂਦ ਵਿਚ ਲਿਆਂਦਾ ਗਿਆ ਸੀ। ਇਸ ਵਿਚ ਇਕ ਖੇਤਰ ਅਜਿਹਾ ਵੀ ਹੈ ਜਿਥੇ ਕੋਈ ਸਥਾਨਕ ਸਰਕਾਰ ਨਹੀਂ ਹੈ। ਇਸ ਦਾ ਖੇਤਰਫ਼ਲ 3249 ਵਰਗ ਕਿਲੋਮੀਟਰ ਹੈ। ਇਸ ਨੂੰ ਗਰੇਟਰ ਵੈਨਕੂਵਰ ਰੀਜ਼ਨਲ ਜ਼ਿਲ੍ਹਾ ਨਾਂ ਦਿੱਤਾ ਗਿਆ ਹੈ।

2. **ਹੈਲੀਫੈਕਸ (ਨੋਵਾ ਗਕੋਸ਼ੀਆ)** : ਇਹ ਕੈਨੇਡਾ ਦਾ ਵੱਡਾ ਪੂਰਬੀ ਸ਼ਹਿਰੀ ਖੇਤਰ ਹੈ। ਇਹ 1996 ਵਿਚ ਪੰਜ ਸਥਾਨਕ ਸਰਕਾਰਾਂ ਨੂੰ ਮਿਲਾ ਕੇ ਬਣਾਇਆ ਗਿਆ। 2001 ਵਿਚ ਇਸ ਦੀ ਅਬਾਦੀ 3,59,111 ਸੀ।

3. **ਟਰਾਂਟੋ-ਉਂਨਟਾਰੀਓ** : ਇਹ ਕੈਨੇਡਾ ਦਾ ਸਭ ਤੋਂ ਵੱਡਾ ਮਹਾਂਨਗਰ ਹੈ। ਇਹ ਜਨਵਰੀ 1998 ਵਿਚ ਛੇ ਮਿਉਂਸਪੈਲਟੀਆਂ ਨੂੰ ਮਿਲਾ ਕੇ ਬਣਾਇਆ ਗਿਆ ਹੈ। 2001 ਵਿਚ ਇਸ ਖੇਤਰ ਦੀ ਅਬਾਦੀ 24,81,404 ਸੀ। ਇਸ ਦਾ ਖੇਤਰਫਲ 6000 ਵਰਗ ਕਿਲੋਮੀਟਰ ਹੈ।

4. **ਔਟਵਾ-ਉਨਟਾਰੀਓ** : ਜਨਵਰੀ 2001 ਵਿਚ ਔਟਵਾ-ਕਾਰਲਟਨ ਖੇਤਰ ਨੂੰ ਗਿਆਰਾਂ ਹੋਰ ਸਥਾਨਕ ਸਰਕਾਰਾਂ ਨਾਲ ਮਿਲਾ ਕੇ ਇਹ ਹੋਂਦ ਵਿਚ ਆਇਆ ਹੈ। ਇਸ ਦਾ ਖੇਤਰਫਲ ਅੰਦਾਜ਼ਾ 2800 ਵਰਗ ਕਿਲੋਮੀਟਰ ਹੈ।

5. **ਵਿਨੀਪੈੱਗ-ਮੈਟੀਟੋਬਾ** : ਇਹ ਖੇਤਰ 1972 ਦੇ ਇਕ ਕਾਨੂੰਨ ਅਨੁਸਾਰ ਹੋਂਦ ਵਿਚ ਆਇਆ ਇਸ ਨੂੰ ਯੂਨੀਸਿਟੀ ਵੀ ਆਖਿਆ ਜਾਂਦਾ ਹੈ। ਇਸ ਵਿਚ 12 ਹੋਰ ਸਥਾਨਕ ਸਰਕਾਰਾਂ ਮਿਲਾ ਦਿੱਤੀਆਂ ਗਈਆਂ ਹਨ। ਇਸ ਦੀ ਆਬਾਦੀ 2001 ਵਿਚ 6,19,544 ਸੀ।

6. **ਕੈਲਗਰੀ (ਅਲਬਰਟਾ)** : ਅਲਬਰਟਾ ਪ੍ਰਾਂਤ ਦਾ ਇਹ ਕੇਂਦਰੀ ਸ਼ਹਿਰ ਹੈ।

7. **ਐਡਮਿੰਟਨ (ਅਲਬਰਟਾ)** : ਇਸ ਵਿਚ 22 ਮਿਉਂਸਪੈਲਟੀਆਂ ਨੂੰ ਜੋੜਿਆ ਗਿਆ ਹੈ। ਇਹ ਅਲਬਰਟਾ ਦਾ ਰਾਜਧਾਨੀ ਖੇਤਰ ਹੈ ਅਤੇ ਇਸ ਦੇ ਇਰਧ ਗਿਰਧ ਵਿਸ਼ਾਲ ਅਣਵਿਕਸਤ ਖੇਤਰ ਪਿਆ ਹੈ।

8. **ਮਾਂਟਰੀਅਲ (ਕਿਊਬਕ)** : ਟਰਾਂਟੋ ਤੋਂ ਦੂਜੇ ਨੰਬਰ ’ਤੇ ਮਾਂਟਰੀਅਲ ਮਹਾਂਨਗਰ ਦਾ ਦਰਜਾ ਹੈ। ਇਸ ਵਿਚ ਨਾਲ ਲੱਗਵੀਆਂ 22 ਹੋਰ ਮਿਉਂਸਪੈਲਟੀਆਂ ਮਿਲਾ ਕੇ 2002 ਵਿਚ ਇਸ ਨੂੰ ਇਕ ਸੂਬਾਈ ਕਾਨੂੰਨ ਅਨੁਸਾਰ ਬਣਾਇਆ ਗਿਆ। ਇਸ ਨੂੰ ਐਮ. ਐਮ. ਸੀ. (ਮਾਂਟਰੀਅਲ, ਮੈਟਰੋਪੋਲੀਟਨ, ਕਮਿਊਨਿਟੀ) ਕਰਕੇ ਵੀ ਜਾਣਿਆ ਜਾਂਦਾ ਹੈ। ਇਸ ਵੇਲੇ ਇਸ ਵਿਚ 64 ਮੈਂਬਰ ਮਿਉਂਸਪੈਲਟੀਆਂ ਸ਼ਾਮਲ ਹਨ ਅਤੇ ਇਥੇ 127 ਬਾਰੋ ਕਾਊਂਸਲਾਂ ਵੀ ਕੰਮ ਕਰਦੀਆਂ ਹਨ।

9. **ਕਿਊਬਕ ਮਹਾਂਨਗਰ-ਕਿਊਬਕ** : ਜਨਵਰੀ 2002 ਵਿਚ ਦੋ ਸ਼ਹਿਰਾਂ ਕਿਊਬਕ ਅਤੇ ਲੀਵਸ ਨੂੰ ਮਿਲਾ ਕੇ ਇਹ ਮਹਾਂਨਗਰ ਹੋਂਦ ਵਿਚ ਆਇਆ। ਇਸ ਦੀ 2001 ਵਿਚ ਆਬਾਦੀ 6,35,000 ਅੰਦਾਜ਼ਨ ਸੀ। ਇਸ ਵਿਚ ਕਿਊਬਕ, ਲੀਵਸ ਸਮੇਤ 24 ਹੋਰ ਛੋਟੀਆਂ ਮਿਉਂਸਪੈਲਟੀਆਂ ਸ਼ਾਮਲ ਹਨ। ਮਾਂਟਰੀਅਲ ਵਾਂਗ ਇਥੇ ਵੀ ਦੋ ਪਰਤੀ ਸਥਾਨਕ ਸਰਕਾਰਾਂ ਹਨ ਅਤੇ 35 ਸਥਾਨਕ ਬਾਰੋਜ਼ ਕੰਮ ਕਰਦੀਆਂ ਹਨ।

**ਰਾਜਨੀਤਕ ਅਤੇ ਪ੍ਰਸ਼ਾਸਨਿਕ ਪੱਖ**

ਕੈਨੇਡਾ ਦੀਆਂ ਮਿਉਂਸਪਲ ਕਮੇਟੀਆਂ, ਕਾਰਪੋਰੇਸ਼ਨਾਂ ਨੂੰ ਚਲਾਉਣ ਵਾਸਤੇ ਆਮ ਸ਼ਹਿਰੀਆਂ ਵਲੋਂ ਕਾਊਂਸਲਾਂ ਚੁਣੀਆਂ ਜਾਂਦੀਆਂ ਹਨ। ਇਨ੍ਹਾਂ ਵਿਚ ਮੇਅਰ ਅਤੇ ਮੈਂਬਰ ਹੁੰਦੇ ਹਨ। ਆਮ ਕਰਕੇ ਚੋਣ ਵਿਚ ਰਾਜਨੀਤੀ ਅਲੱਗ ਰੱਖੀ ਜਾਂਦੀ ਹੈ। ਸਥਾਨਕ ਪੱਧਰ ’ਤੇ ਨਾ ਤਾਂ ਰਾਜਨੀਤਕ ਪਾਰਟੀਆਂ ਦਖ਼ਲ ਦਿੰਦੀਆਂ ਹਨ ਅਤੇ ਨਾ ਹੀ ਮੈਂਬਰ ਪਾਰਟੀ ਟਿਕਟਾਂ ’ਤੇ ਚੋਣ ਲੜਦੇ ਹਨ। ਮਹਾਂਨਗਰਾਂ ਵਿਚ ਵੀ ਸਿਰਫ਼ ਸਥਾਨਕ ਜੋੜ ਤੋੜ ਹੀ ਕੀਤੇ ਜਾਂਦੇ ਹਨ। ਮੇਅਰ ਦੀਆਂ ਸ਼ਕਤੀਆਂ ਭਾਵੇਂ ਬੜੀਆਂ ਸੀਮਤ ਹੁੰਦੀਆਂ ਹਨ ਪਰ ਫਿਰ ਵੀ ਉਹ ਕਾਨੂੰਨੀ, ਪ੍ਰਸ਼ਾਸਨਿਕ, ਰਾਜਨੀਤਕ ਅਤੇ ਚਿੰਨਆਤਮਿਕ ਤੌਰ ’ਤੇ ਬੜਾ ਅਹਿਮ ਹੁੰਦਾ ਹੈ। ਉਸ ਨੂੰ ਧਿਆਨ ਰੱਖਣਾ ਪੈਂਦਾ ਹੈ ਕਿ ਸਥਾਨਕ ਮਸਲਿਆਂ ਵਿਚ ਰਾਜਨੀਤਕ ਦਖ਼ਲ ਨਾ ਹੋਵੇ। ਮੇਅਰ, ਮੈਂਬਰਾਂ ਅਤੇ ਕਾਊਂਸਲ ਦੀ ਅਫ਼ਸਰਸ਼ਾਹੀ ਨੂੰ ਪ੍ਰੋਵੈਸ਼ਲ ਸਰਕਾਰ ਦੀ ਨਜ਼ਰਸਾਨੀ ਵਿਚ ਕੰਮ ਕਰਨਾ ਪੈਂਦਾ ਹੈ। ਫਿਰ ਵੀ ਕਾਫ਼ੀ ਹੱਦ ਤੱਕ ਸਥਾਨਕ ਸਰਕਾਰਾਂ ਖੁਦ ਮੁਖਤਿਆਰ ਹਨ।

**ਅੰਤਿਕਾ ਤਤਸਾਰ**

ਪਿਛਲੀ ਸਦੀ ਦੇ ਅੰਤਲੇ ਦਹਾਕੇ ਤੋਂ ਕੈਨੇਡਾ ਦੇ ਸਾਰਿਆਂ ਸੂਬਿਆਂ ਵਲੋਂ ਸਥਾਨਕ ਸਰਕਾਰਾਂ ਦੇ ਪ੍ਰਸ਼ਾਸਨਿਕ ਖੇਤਰ ਵਿਚ ਵੱਡੇ ਸੁਧਾਰ ਲਾਗੂ ਕੀਤੇ ਗਏ ਹਨ। ਕਈ ਖੇਤਰਾਂ ਵਿਚ ਤਾਂ ਨਵੀਆਂ ਹੱਦਬੰਦੀਆਂ ਨਿਰਧਾਰਤ ਕੀਤੀਆਂ ਗਈਆਂ ਹਨ। ਸੁਧਾਰਾਂ ਦੇ ਘੇਰੇ ਵਿਚ ਇਨ੍ਹਾਂ ਦੇ ਵਿੱਤੀ ਸਾਧਨ, ਟੈਕਸ ਉਗਰਾਹੀ ਕਾਰਜਕੁਸ਼ਲਤਾ, ਸਿਵਲ ਸੇਵਾਵਾਂ ਵਿਚ ਬਿਹਤਰੀ ਸ਼ਾਮਲ ਹਨ। ਜ਼ਿਆਦਾ ਜ਼ਿੰਮੇਵਾਰੀਆਂ ਦੇ ਨਾਲ-ਨਾਲ ਜ਼ਿਆਦਾ ਖੁਦਮੁਖਤਿਆਰੀ ਵੀ ਦਿੱਤੀ ਗਈ ਹੈ ਪਰ ਅਜੇ ਵੀ ਵੱਡੇ ਸ਼ਹਿਰੀ ਖੇਤਰਾਂ ਅਤੇ ਹੋਰ ਸਥਾਨਕ ਸਰਕਾਰਾਂ ਵਲੋਂ ਅਤੇ ਉਨ੍ਹਾਂ ਦੀਆਂ ਐਸੋਸੀਏਸ਼ਨਾਂ ਵਲੋਂ ਮੰਗਾਂ ਉਠਾਈਆਂ ਜਾ ਰਹੀਆਂ ਹਨ। ਵੱਡੀ ਮੰਗ ਤਾਂ ਇਹ ਹੈ ਕਿ ਸਥਾਨਕ ਸਰਕਾਰਾਂ ਨੂੰ ਸੰਵਿਧਾਨਕ ਦਰਜਾ ਦਿੱਤਾ ਜਾਵੇ ਅਤੇ ਵਧੇਰੇ ਵਿੱਤੀ ਸਾਧਨ ਦਿੱਤੇ ਜਾਣ ਤਾਂ ਕਿ ਕੈਨੇਡਾ ਦੇ ਸ਼ਹਿਰ ਵੀ ਸੰਸਾਰ ਪੱਧਰ ਦੇ ਸ਼ਹਿਰਾਂ ਦਾ ਮੁਕਾਬਲਾ ਕਰ ਸਕਣ। ਅਜੋਕੀਆਂ ਮੰਗਾਂ ਕਾਨੂੰਨੀ ਅਤੇ ਰਾਜਨੀਤਕ ਕਿਸਮ ਦੀਆਂ ਹਨ। ਮੁੱਕਦੀ ਗੱਲ ਤਾਂ ਇਹ ਹੈ ਕਿ ਸਥਾਨਕ ਸਰਕਾਰਾਂ ਦੀ ਜੋ ਬਣਤਰ ਉਨਵੀਂ ਸਦੀ ਦੇ ਅੱਧ ਤੋਂ ਸ਼ੁਰੂ ਹੋਈ ਅਤੇ ਜੋ ਕਈ ਸੁਧਾਰਾਂ ਵਿਚੋਂ ਗੁਜ਼ਰਦੀ ਹੋਈ ਅੱਜ ਦੇ ਮੁਕਾਮ ’ਤੇ ਪਹੁੰਚੀ ਹੈ; ਉਸ ਬਾਰੇ ਅੱਜ ਤੱਕ ਵੀ ਕਈ ਵੱਡੇ ਸਵਾਲ ਹਨ ਜਿਨ੍ਹਾਂ ਨੂੰ ਹੱਲ ਕੀਤਾ ਜਾਣਾ ਅਜੇ ਤੱਕ ਬਾਕੀ ਹੈ।

**ਸਕੂਲ ਬੋਰਡ, ਪਾਰਕ ਅਤੇ ਖੇਡ ਕਮੇਟੀਆਂ**

ਕੈਨੇਡਾ ਦੀਆਂ ਸਥਾਨਕ ਸਰਕਾਰਾਂ ਤੋਂ ਅਲੱਗ ਕਈ ਸੂਬਿਆਂ ਵਿਚ ਸਕੂਲ ਬੋਰਡ ਅਤੇ ਪਾਰਕ ਕਮੇਟੀਆਂ ਵੀ ਗਠਿਤ ਹਨ। ਸਕੂਲ ਬੋਰਡ ਤਾਂ ਐਲੀਮੈਂਟਰੀ ਅਤੇ ਸੈਕੰਡਰੀ ਸਿੱਖਿਆ ਵਾਸਤੇ ਹਨ। ਸਕੂਲ ਬੋਰਡ ਵੀ ਔਸਤ 1063 ਡਾਲਰ ਫੀ ਵਿਦਿਆਰਥੀ ਸਾਲਾਨਾ ਖਰਚ ਕਰਦੇ ਹਨ। ਇਹ ਔਸਤ ਨੋਵਾ ਸਕੋਸੀਆ ਵਿਚ ਸਭ ਤੋਂ ਘੱਟ 901 ਡਾਲਰ ਅਤੇ ਉਨਟਾਰੀਓ ਵਿਚ ਸਭ ਤੋਂ ਵੱਧ 1247 ਡਾਲਰ ਹਨ। ਇਨ੍ਹਾਂ ਵਾਸਤੇ ਵੀ ਚੁਣੀਆਂ ਕਮੇਟੀਆਂ ਹੁੰਦੀਆ ਹਨ।



ਹਰਕੰਵਲ ਥਿੰਦ ਦਾ ਚੋਣ ਪ੍ਰਚਾਰ ਭਖਿਆ

## ਚੋਣ-ਘਮਸਾਣ

ਸਾਰੇ ਵੇਖ ਰਹੇ ਹਨ, ਮੈਂ ਵੀ ਸਾਰਿਆਂ ਵਿੱਚ ਹਾਂ। ਮੈਂ ਵੀ ਵੇਖਦਾ ਹਾਂ ਕਿ ਚੋਣਾਂ ਦਾ ਬਿਗਲ ਵੱਜਦਿਆਂ ਹੀ ਉਮੀਦਵਾਰ ਖੁੰਬਾਂ ਵਾਂਗ ਪੈਦਾ ਹੋ ਗਏ। ਇਸ ਵਾਰ ਉਮੀਦਵਾਰਾਂ ਦੀ ਗਿਣਤੀ ਕਿਤੇ ਜ਼ਿਆਦਾ ਹੈ। ਸਾਰੇ ਕਮਿਊਨਿਟੀ ਦੀ ਸੇਵਾ ਕਰਨ ਦਾ ਦਾਅਵਾ ਕਰਦੇ ਹਨ। ਅਨੇਕਤਾ ਵਿੱਚ ਕਿੰਨੀ ਵੱਡੀ ਏਕਤਾ? ਵੱਖ-ਵੱਖ ਉਮੀਦਵਾਰ ਹੁੰਦਿਆਂ ਵੀ ਜ਼ਾਹਰਾ ਏਜੰਡਾ ਇੱਕੋ—ਲੋਕ ਸੇਵਾ ਦਾ ਏਜੰਡਾ। ਇਹਨਾਂ ਚੋਣਾਂ ਦੇ ਦਿਨਾਂ ਵਿੱਚ ਹੀ ਪਤਾ ਲੱਗਾ ਕਿ ਕਿੰਨੇ ਭੱਦਰਪੁਰਸ਼ ਲੋਕਾਂ ਦੀ ਸੇਵਾ ਲਈ ਕਮਰਕੱਸੇ ਕੱਸੀ ਫਿਰਦੇ ਹਨ। ਇੱਕ ਵਾਰ ਤਾਂ ਮਨੁੱਖ ਸੋਚਣ ਲਈ ਮਜਬੂਰ ਹੋ ਜਾਂਦਾ ਹੇ ਕਿ ਇਹ ਕਲਯੁਗ ਨਹੀਂ ਸਗੋ ਸਤਯੁਗ ਹੈ। ਇਹ ਲੋਕਾਂ ਦੀ ਨਲਾਇਕੀ ਜਾਂ ਮਜਬੂਰੀ ਸਮਝੋ ਕਿ ਉਹ ਸਾਰਿਆਂ ਨੂੰ ਤਾਂ ਮੌਕਾ ਨਹੀਂ ਦੇ ਸਕਦੇ, ਇੱਕ ਨੂੰ ਹੀ ਦੇ ਸਕਦੇ ਹਨ। ਮੇਰੇ ਵਰਗੇ ਕਈ ਸੋਚਦੇ ਹੋਣਗੇ ਕਿ ਜੇ ਅਸੀ ਸਾਰਿਆਂ ਨੂੰ ਸੇਵਾ ਦਾ ਮੌਕਾ ਦੇ ਸਕਦੇ ਭਾਵ ਜਿਤਾ ਸਕਦੇ ਹੁੰਦੇ ਤਾਂ ਕਿੰਨੀ ਮੌਜ ਹੋ ਜਾਣੀ ਸੀ, ਕਿੰਨੇ ਸਾਰੇ ਸੇਵਕ ਮਿਲ ਜਾਣੇ ਸਨ। ਖੈਰ ਛੱਡੋ ਇਹ ਸਬਜਬਾਗ ਕਾਹਤੋ ਵੇਖਣੇ ਹਨ।

ਉਮੀਦਵਾਰਾਂ ਨੇ ਆਪਣੇ ਆਪਣੇ ਢੰਗ ਨਾਲ ਚੋਣ ਮੁਹਿੰਮ ਅਰੰਭ ਕਰ ਦਿੱਤੀ ਹੈ। ਬਹੁਤੇ ਉਮੀਦਵਾਰਾਂ ਨੇ ਗੁਰਦੁਆਰੇ, ਮੰਦਿਰ, ਮਸੀਤ ਜਾਂ ਚਰਚ ਤੋਂ ਇਸ ਦਾ ਸ਼ੁਭ ਅਰੰਭ ਕੀਤਾ। ਆਪਣੇ ਆਪਣੇ ਵਾਹਿਗੁਰੂ, ਭਗਵਾਨ, ਅੱਲਾ ਜਾਂ ਗੌਡ ਅੱਗੇ ਆਪਣੀ ਜਿੱਤ ਲਈ ਅਸ਼ੀਰਵਾਦ ਲਿਆ। ਇਸ ਉਪਰੰਤ ਜੋੜ-ਤੋੜ ਤੇ ਪਾਰਟੀਆਂ ਦਾ ਸਿਲਸਿਲਾ ਸੂਰੂ ਹੋ ਗਿਆ। ਖਾਣ ਪੀਣ ਦੇ ਸ਼ੌਕੀਨਾਂ ਨੂੰ ਮੌਜ ਲੱਗ ਗਈ, ਬਾਰ ਬੀ ਕਿਊ ਹੋਣ ਲੱਗੇ ਤੇ ਜੱਗਾਂ ਦੇ ਡੱਟ ਖੁਲਣ ਲੱਗ ਪਏ—ਮੌਜਾਂ ਹੀ ਮੌਜਾਂ। ਉਮੀਦਵਾਰਾਂ ਵੱਲੋ ਖਾਣ ਪੀਣ ਤੇ ਰਾਈਡਾਂ ਦਾ ਪ੍ਰਬੰਧ, ਇਸ ਤੋਂ ਵੱਧ ਹੋਰ ਕੀ ਚਾਹੀਦਾ? ਸਮਰਥਕ ਫਲਾਇਰ ਵੰਡਣ ਤੇ ਸਾਈਨ ਲਾਉਣ ਵਿੱਚ ਤਨਦੇਹੀ ਨਾਲ ਜੁਟ ਗਏ, ਚਲਾਕ ਤੇ ਖਾਊ-ਪੀਊ ਯਾਰ ਵੋਟਾਂ ਤੋੜਨ ਦੀਆਂ ਫੜ੍ਹਾਂ ਮਾਰਨ ਵਿੱਚ। ਸ਼ਾਮ ਨੂੰ ਚੋਣ ਦਫਤਰ ਜਾ ਕੇ ਰਿਪੋਰਟਾਂ ਦਿੰਦੇ ਕਿ ਵਿਰੋਧੀ ਦੀਆਂ ਐਨੀਆਂ ਵੋਟਾਂ ਤੋੜ ਆਏ ਹਾਂ—ਉਮੀਦਵਾਰ ਲਈ ਜਿੱਤ ਦਾ ਅਹਿਸਾਸ ਤੇ ਉਹਨਾਂ ਲਈ ਦਾਰੂ-ਸਿੱਕਾ। ਸਮਰਥਕ ਚੰਗਾ ਖਾ ਪੀਕੇ ਮੌਜਾਂ ਮਾਣ ਰਹੇ ਹਨ ਤੇ ਉਮੀਦਵਾਰ ਜਿੱਤ ਦਾ ਭਰਮ ਪਾਲਦਾ ਹੈ। ਉਹ ਉਸ ਨੂੰ ਚੜ੍ਹਦੀ ਕਲਾ ਵਿੱਚ ਰੱਖ ਰਹੇ ਨੇ ਤਾਂ ਕਿ ਉਹ ਆਪ ਭੀ ਚੋਣਾਂ ਦੌਰਾਨ ਚੜ੍ਹਦੀ ਕਲਾ ਵਿੱਚ ਰਹਿਣ।

ਚੋਣਾਂ ਦੇ ਇਸ ਘਮਸਾਣ ਚੌਦੇ ਵਿੱਚ, ਜਿੱਥੇ ਹੁੰਦੇ ਚਾਰ ਇਕੱਠੇ ਬੰਦੇ, ਗੱਲ ਮੁੱਕਦੀ ਆਖਰ ਚੋਣਾਂ ਤੇ। ਅਜਿਹੀ ਹੀ ਇੱਕ ਮਹਿਫਲ ਵਿੱਚ ਦਸ ਬਾਰਾਂ ਬੰਦੇ ਬੈਠੇ ਸਨ। ਗੱਲ ਚੋਣਾਂ ਤੋ ਸੂਰੂ ਹੋ ਕੇ ਆਪਣੀ ਆਪਣੀ ਪਸੰਦ ਦੇ ਉਮੀਦਵਾਰਾਂ ’ਤੇ ਪਹੁੰਚ ਗਈ।

ਇੱਕ ਬੋਲਿਆ,ਯਾਰ ਆਪਾਂ ਨੂੰ ਸਿੱਖ ਹੋਣ ਦੇ ਨਾਤੇ ਸਿੱਖ ਨੂੰ ਹੀ ਵੋਟ ਪਾਉਣੀ ਚਾਹੀਦੀ ਹੈ, ਉਹ ਸਾਡੀ ਗੱਲ ਨੂੰ ਸਾਡੀ ਭਾਸਾ ਵਿੱਚ ਸਮਝਦਾ ਹੈ ਤੇ ਉਸ ਨਾਲ ਬਿਨਾਂ ਕਿਸੇ ਝਿਜਕ ਦੇ ਗੱਲਬਾਤ ਕੀਤੀ ਜਾ ਸਕਦੀ ਹੈ।

ਮਹਿਫਲ ਵਿੱਚ ਬੈਠਾ ਇੱਕ ਹਿੰਦੂ ਸੱਜਣ ਕਹਿਣ ਲੱਗਾ, “ਉਸ ਨੇ ਕਿਸੇ ਹੋਰ ਉਮੀਦਵਾਰ ਦੇ ਪੜ੍ਹੇ ਹੋਣ ਦੇ ਨਾਲ-ਨਾਲ ਉਸ ਦੇ ਸੇਵਾ ਭਾਵ ਦੇ ਜਜ਼ਬੇ ਤੇ ਮੋਹਰ ਲਾਉਂਦਿਆਂ ਕਿਹਾ ਕਿ ਉਹ ਹਰ ਧਾਰਮਿਕ ਪ੍ਰੋਗਰਾਮ ਸਮੇਂ ਮੰਦਰ ਵਿੱਚ ਤਨਦੇਹੀ ਨਾਲ ਸੇਵਾ ਕਰਦਾਂ ਹੈ, ਉਸ ਵਰਗਾ ਲੋਕ-ਸੇਵਕ ਕੋਈ ਹੋਰ ਨਹੀਂ ਹੋ ਸਕਦਾ।

ਮਹਿਫਲ ਵਿੱਚ ਦੋ ਪਾਕਿਸਤਾਨੀ ਵੀ ਬੈਠੇ ਸਨ। ਉਹਨਾਂ ਵਿੱਚੋ ਇੱਕ ਨੇ ਗੱਲਬਾਤ ਵਿੱਚ ਹਿੱਸਾ ਲੈਂਦਿਆਂ ਕਿਹਾ,ਆਪਣੇ ਖਾਨ ਸਾਹਿਬ ਲੋਕਾਂ ਦੀ ਨਬਜ ਖੂਬ ਪਹਿਚਾਨਦੇ ਨੇ, ਨਾਲੇ ਲਹਿੰਦੇ ਤੇ ਚੜ੍ਹਦੇ ਪੰਜਾਬ ਦਾ ਸਭਿਆਚਾਰ ਤਾਂ ਇੱਕੋ ਹੈ। ਉਹ ਖਾਤਰਦਾਰੀ ਲਈ ਮਸ਼ਹੂਰ ਹਨ, ਕਿਉਂ ਨਾ ਆਪਾਂ ਰਲ ਕੇ ਉਸੇ ਨੂੰ ਜਿਤਾਈਏ।

ਗੋਰੇ ਦੇ ਸਮਰਥਕ ਨੇ ਸਹਿਜ ਨਾਲ ਕਿਹਾ,ਸਾਡਾ ਉਮੀਦਵਾਰ ਇੱਥੋ ਦਾ ਜੰਮਪਲ ਹੈ, ਕੈਨੇਡਾ ਦੇ ਮਲਟੀਕਲਚਰ ਨੂੰ ਚੰਗੀ ਤਰ੍ਹਾਂ ਸਮਝਦਾ ਹੈ ਨਾਲੇ ਆਪਾਂ ਹੁਣ ਇੱਥੇ ਹੀ ਰਹਿਣਾ ਹੈ, ਕਿਉ ਨਾ ਆਪਾਂ ਉਸ ਨੂੰ ਹੀ ਵੋਟ ਪਾਈਏ।

ਮਹਿਫਲ ਵਿੱਚ ਇੱਕ ਸੱਜਣ ਬੜਾ ਗੰਭੀਰ ਹੋ ਕੇ ਇਹ ਵਾਰਤਾਲਾਪ ਸੁਣ ਰਿਹਾ ਸੀ, ਅੰਤ ਵਿੱਚ ਉਹ ਬੋਲਿਆ,ਵੇਖੋ ਇਹਨਾਂ ਸਾਰਿਆਂ ਨੇ ਆਪਣੇ ਆਪਣੇ ਇਸ਼ਟਾਂ ਤੋਂ ਜਿੱਤ ਲਈ ਅਸ਼ੀਰਵਾਦ ਲਿਆ। ਮੈਨੂੰ ਲੱਗਦਾ ਇਹਨਾਂ ਨੂੰ ਉਹਨਾਂ ਤੇ ਵੀ ਇਤਬਾਰ ਨਹੀਂ, ਇਸੇ ਕਰਕੇ ਉਹ ਜੋੜ-ਤੋੜ ਕਰਨ, ਜਾਤ ਬਰਾਦਰੀ ਤੇ ਇਲਾਕੇ ਦਾ ਵਾਸਤਾ ਪਾਉਣ, ਹੋਰ ਤਿਕੜਮਬਾਜ਼ੀਆਂ ਕਰਨ ਵਿੱਚ ਰੁੱਝੇ ਹੋਏ ਹਨ। ਉਹ ਵੋਟਰਾਂ ਨੂੰ ਤਰ੍ਹਾਂ-ਤਰ੍ਹਾਂ ਦੀਆਂ ਦਾਅਵਤਾਂ ਦੇ ਕੇ ਲੁਭਾਉਣ ਦੀ ਕੋਸ਼ਿਸ਼ ਵਿੱਚ ਜੁਟੇ ਹੋਏ ਹਨ। ਤੁਸੀਂ ਸਾਰੇ ਸਮਝਦਾਰ ਹੋ, ਮੇਰੀ ਤਾਂ ਇੱਕੋ ਬੇਨਤੀ ਹੈ ਕਿ ਇਹਨਾਂ ਸਭ ਗੱਲਾਂ ਨੂੰ ਪਾਸੇ ਰੱਖ ਕੇ ਉਮੀਦਵਾਰਾਂ ਦੇ ਗੁਣ-ਔਗੁਣਾਂ ਦੀ ਆਪ ਪੜਚੋਲ ਕਰੀਏ, ਉਹਨਾਂ ਦਾ ਪਿਛਲਾ ਕਿਰਦਾਰ, ਕੰਮ ਕਰਨ ਦੀ ਭਾਵਨਾ, ਸਮੱਸਿਆਵਾਂ ਸਮਝਣ ਤੇ ਹੱਲ ਕਰਨ ਦੀ ਯੋਗਤਾ ਨੂੰ ਧਿਆਨ ਵਿੱਚ ਰੱਖ ਕੇ ਸਹੀ ਉਮੀਦਵਾਰ ਚੁਣੀਏ।ਉਸ ਦੀਆਂ ਗੱਲਾਂ ਨੇ ਬਾਕੀ ਸਾਰਿਆਂ ਨੂੰ ਡੂੰਘੀਆਂ ਸੋਚਾਂ ਵਿੱਚ ਪਾ ਦਿੱਤਾ।

**ਹਰਜੀਤ ਬੇਦੀ-ਪਰਮਜੀਤ ਬੜਿੰਗ**
905-794-8871 905-913-2775

**ਮਿਉਂਸੀਪਲ ਚੋਣਾਂ**

# ਹੋਰ ਵੀ ਦਰਦ ਹਨ ਪੀਲ ਖੇਤਰ ਦੇ

**ਜਗਦੀਸ਼ ਗਰੇਵਾਲ**

ਪੀਲ ਖੇਤਰ ਵਿੱਚ ਮਿਉਂਸੀਪਲ ਚੋਣਾਂ ਦਾ ਰਾਮ ਰੌਲਾ ਆਪਣੇ ਸਿਖਰ ਉੱਤੇ ਹੈ। ਮੇਅਰ, ਸਿਟੀ ਕਾਉਂਸਲ ਜਾਂ ਰੀਜਨਲ ਕਾਉਂਸਲ ਲਈ ਖੜੇ ਉਮੀਦਵਾਰ ਆਪੋ ਆਪਣੀ ਤੂਤੀ ਸਿਰ ਚੜ ਕੇ ਬੋਲ ਰਹੇ ਹਨ। ਜੇਕਰ ਇਹਨਾਂ ਦੇ ਪਲੇਟਫਾਰਮਾਂ ਨੂੰ ਵੇਖਿਆ ਜਾਵੇ ਤਾਂ ਸਾਰੇ ਇੱਕੋ ਜਿਹੇ ਜਾਪਦੇ ਹਨ। ਉਹੀ ਪੁਰਾਣੇ ਰਟੇ ਹੋਏ ਨਾਅਰੇ ਅਤੇ ਉਹੀ ਘਿਸੇ ਪਿਟੇ ਮੁੱਦੇ।ਜੇਕਰ ਬਹੁਗਿਣਤੀ ਉਮੀਦਵਾਰਾਂ ਦੇ ਪਲੇਟਫਾਰਮ ਉੱਤੇ ਝਾਤੀ ਮਾਰੀ ਜਾਵੇ ਤਾਂ ਇਹਨਾਂ ਦੇ ਪਲੇਟਫਾਰਮ ਤਿੰਨ ਚਾਰ ਗੱਲਾਂ ਉੱਤੇ ਸੀਮਤ ਹੋ ਕੇ ਰਹਿ ਚੁੱਕੇ ਹਨ। ਇਹਨਾਂ ਵਿੱਚ ਬਰੈਂਪਟਨ ਵਿੱਚ ਯੂਨੀਵਰਸਿਟੀ ਸਥਾਪਤ ਕਰਨਾ, ਟੈਕਸਾਂ ਦੇ ਵਾਧੇ ਨੂੰ ਰੋਕਣਾ, ਵਧੇਰੇ ਨੌਕਰੀਆਂ ਪੈਦਾ ਕਰਨੀਆਂ, ਵਿਉਪਾਰ ਨੂੰ ਹੱਲਾਸ਼ੇਰੀ ਦੇਣੀ, ਨਸ਼ਿਆਂ ਖਿਲਾਫ ਜਿਹਾਦ ਵਿੱਢਣਾ। ਦਰਅਸਲ ਇਹ ਅਜਿਹੇ ਗੋਲ ਮੋਲ ਮੁੱਦੇ ਹਨ ਜੋ 2010 ਦੀਆਂ ਚੋਣਾਂ ਵਿੱਚ ਵੀ ਲਾਗੂ ਹੁੰਦੇ ਸੀ, ਅੱਜ 2014 ਦੀਆਂ ਚੋਣਾਂ ਲਈ ਵੀ ਖਰੇ ਹਨ ਅਤੇ ਜਦੋਂ 2018 ਅਤੇ 2022 ਵਿੱਚ ਚੋਣਾਂ ਹੋਣਗੀਆਂ ਤਾਂ ਉਸੇ ਵੇਲੇ ਵੀ ਇਹਨਾਂ ਦੀ ਗੱਲ ਛੇੜ ਕੇ ਸਿਆਸਤ ਦਾ ਪਿੜ ਮਘਾਇਆ ਜਾ ਸਕੇਗਾ।

ਸਭ ਤੋਂ ਵੱਡਾ ਮਸਲਾ ਜੋ ਪੀਲ ਖੇਤਰ ਨੂੰ ਦਰਪੇਸ਼ ਹੈ ਉਹ ਹੈ ਕਿ ਮਿਉਂਸੀਪਲ, ਪ੍ਰੋਵਿੰਸ਼ੀਅਲ ਅਤੇ ਫੈਡਰਲ ਸਰਕਾਰਾਂ ਨੇ ਇਸਦੇ ਵਿਕਾਸ ਲਈ ਬਣਦੇ ਡਾਲਰ ਮੁਹਈਆ ਨਹੀਂ ਕੀਤੇ। ਇਸ ਅਣਗਹਿਲੀ ਦੇ ਸਿੱਟੇ ਵਜੋਂ ਬੁਨਿਆਦੀ ਢਾਂਚੇ (ਸੜਕਾਂ, ਹਸਪਤਾਲ, ਪੁੱਲ, ਆਦਿ), ਯੂਥ ਪ੍ਰੋਗਰਾਮਾਂ, ਸੀਨੀਅਰ ਸਿਟੀਜ਼ਨਾਂ ਲਈ ਮਦਦ, ਮਾਨਸਿਕ ਸਿਹਤ (ਮੈਂਟਲ ਹੈਲਥ), ਪਰਿਵਾਰਾਂ ਨੂੰ ਸਹਾਰੇ ਆਦਿ ਦੀਆਂ ਸੇਵਾਵਾਂ ਦਾ ਲੱਗਭੱਗ ਘਾਣ ਹੋ ਚੁੱਕਾ ਹੈ। ਦੁੱਖ ਦੀ ਗੱਲ ਇਹ ਹੈ ਕਿ ਇਹਨਾਂ ਮੁੱਦਿਆਂ ਦੀ ਜੜ ਤੱਕ ਜਾਣ ਲਈ ਜੋ ਮਿਹਨਤ ਲੱਗਦੀ ਹੈ, ਉਸ ਨਾਲੋਂ ਚੋਣਾਂ ਵਿੱਚ ਉਮੀਦਵਾਰ ਖੜਾ ਹੋਣਾ ਕਿਤੇ ਸੌਖਾ ਹੈ।

ਕਿਸੇ ਖੇਤਰ ਨੂੰ ਸੇਵਾਵਾਂ ਲਈ ਦਿੱਤੇ ਜਾਣ ਵਾਲੇ ਡਾਲਰ ਵੱਸੋਂ ਦੇ ਹਿਸਾਬ ਨਾਲ ਅਲਾਟ ਕੀਤੇ ਜਾਣੇ ਚਾਹੀਦੇ ਹਨ। ਪੀਲ ਖੇਤਰ ਦੀ ਸਮੱਸਿਆ ਇਹ ਰਹੀ ਕਿ ਪਿਛਲੇ ਡੇਢ ਦਹਾਕੇ ਤੋਂ ਪਰਵਾਸੀਆਂ ਦੀ ਆਮਦ ਕਾਰਣ ਵੱਸੋਂ ਵਿੱਚ ਪਿਛਲੇ ਦੋ ਦਹਾਕਿਆਂ ਵਿੱਚ ਤਿੰਨ ਗੁਣਾ ਵਾਧਾ ਹੋਇਆ ਹੈ। ਇਸਦੇ ਕਈ ਲਾਭ ਹੋਏ। ਵੱਧੀ ਹੋਈ ਵੱਸੋਂ ਉੱਤੇ ਲੱਗਣ ਵਾਲੇ ਟੈਕਸ ਡਾਲਰਾਂ ਕਾਰਣ ਸਰਕਾਰਾਂ ਖਾਸਕਰਕੇ ਸਿਟੀ ਪੱਧਰ ਦੀਆਂ ਸਰਕਾਰਾਂ ਦੀ ਆਮਦਨ ਵਿੱਚ ਵਾਧਾ ਹੋਇਆ, ਵਿਉਪਾਰਾਂ ਨੂੰ ਸਸਤੀ ਲੇਬਰ ਮਿਲਣ ਲੱਗੀ ਅਤੇ ਬਿਲਡਰਾਂ ਵੱਲੋਂ ਧੜਾਧੜ ਮਕਾਨ ਬਣਾ ਕੇ ਨਵੇਂ ਪਰਵਾਸੀਆਂ ਨੂੰ ਵੇਚ ਕੇ ਜੇਬਾਂ ਗਰਮ ਕੀਤੀਆਂ ਜਾਣ ਲੱਗੀਆਂ। ਸਿਆਸਤਦਾਨਾਂ ਨੂੰ ਮਿਲਣ ਵਾਲੀਆਂ ਵੋਟਾਂ ਵਿੱਚ ਵਾਧਾ ਹੋਇਆ।

ਨੁਕਸਾਨ ਇਹ ਹੋਇਆ ਕਿ ਪੀਲ ਖੇਤਰ ਵਿੱਚ ਦਿੱਤੀਆਂ ਜਾਣ ਵਾਲੀਆਂ ਸੇਵਾਵਾਂ ਅਤੇ ਬੁਨਿਆਦੀ ਢਾਂਚੇ ਲਈ ਮਿਉਂਸੀਪਲ, ਪ੍ਰੋਵਿੰਸ ਜਾਂ ਫੈਡਰਲ ਸਰਕਾਰਾਂ ਤੋਂ ਮਿਲਣ ਵਾਲੇ ਡਾਲਰਾਂ ਵਿੱਚ ਉਸ ਦਰ ਨਾਲ ਵਾਧਾ ਨਾ ਹੋਇਆ ਜੋ ਵੱਸੋਂ ਦੇ ਹਿਸਾਬ ਨਾਲ ਹੋਣਾ ਚਾਹੀਦਾ ਸੀ।ਨਤੀਜਾ ਇਹ ਹੋਇਆ ਕਿ ਪੀਲ ਵਾਸੀਆਂ ਨੂੰ ਮਿਲਣ ਵਾਲੀਆਂ ਸੇਵਾਵਾਂ ਵਿੱਚ ਲਗਾਤਾਰ ਗਿਰਾਵਟ ਆਉਣੀ ਸ਼ੁਰੂ ਹੋ ਗਈ ਜਿਸ ਸਦਕਾ ਬੱਚਿਆਂ ਅਤੇ ਬਜ਼ੁਰਗਾਂ ਦੀ ਸੰਭਾਲ ਦਾ ਮੰਦਾਹਾਲ, ਗਰੀਬੀ ਵਿੱਚ ਵਾਧਾ, ਵਿਕਾਸਮਈ ਸੇਵਾਵਾਂ ਦਾ ਸੁੰਗੜਨਾ, ਮਾਨਸਿਕ ਲੋੜਾਂ ਵਾਲੇ ਵਿੱਦਿਆਰਥੀਆਂ ਦਾ ਸੇਵਾਵਾਂ ਪੱਖੋਂ ਰੁਲਣਾ ਅਤੇ ਟਰਾਂਜ਼ਿਟ ਦਾ ਮੰਦਾਹਾਲ ਆਮ ਗੱਲਾਂ ਬਣ ਗਈਆਂ ਹਨ।

2001 ਤੋਂ ਬਾਅਦ ਪੀਲ ਦੀ ਵੱਸੋਂ ਦੇ ਵਾਧੇ ਵਿੱਚ 80% ਹਿੱਸਾ ਨਵੇਂ ਪਰਵਾਸੀਆਂ ਦੇ ਆਉਣ ਕਰਕੇ ਹੋਇਆ ਹੈ। ਮਿਸੀਸਾਗਾ ਕੈਨੇਡਾ ਦਾ ਛੇਵਾਂ ਅਤੇ ਬਰੈਂਪਟਨ ਨੌਂਵਾਂ ਵੱਡਾ ਸ਼ਹਿਰ ਬਣ ਚੁੱਕੇ ਹਨ। ਪੀਲ ਖੇਤਰ ਵਿੱਚ ਵਿਕਾਸਮੁਖੀ ਸੇਵਾਵਾਂ ਉੱਤੇ ਖਰਚ ਕਰਨ ਵਾਸਤੇ ਪ੍ਰਤੀ ਵਿਅਕਤੀ 63.20 ਡਾਲਰ ਆ ਰਹੇ ਹਨ ਜਦੋਂ ਕਿ ਉਂਟੇਰੀਓ ਦੀ ਔਸਤ 119.30 ਡਾਲਰ ਹੈ। ਟੋਰਾਂਟੋ ਨੂੰ ਵਿਕਾਸਮੁਖੀ ਸੇਵਾਵਾਂ ਲਈ ਪ੍ਰਤੀ 84 ਡਾਲਰ ਮਿਲਦੇ ਹਨ।

ਹਸਪਤਾਲਾਂ ਤੋਂ ਬਾਹਰ ਕਮਿਉਨਿਟੀ ਸੰਸਥਾਵਾਂ ਰਾਹੀਂ ਪ੍ਰਦਾਨ ਕੀਤੀਆਂ ਜਾਣ ਵਾਲੀਆਂ ਸਿਹਤ ਸੇਵਾਵਾਂ ਉੱਤੇ ਉਂਟੇਰੀਓ ਵਿੱਚ ਪ੍ਰਤੀ ਵਿਅਕਤੀ ਔਸਤ 1440 ਡਾਲਰ ਖਚਰ ਕੀਤੇ ਜਾਂਦੇ ਹਨ ਜਦੋਂ ਕਿ ਪੀਲ ਖੇਤਰ ਵਿੱਚ ਸਿਰਫ 757 ਡਾਲਰ।ਹਸਪਤਾਲ ਸੇਵਾਵਾਂ ਦੇ ਮੰਦੇ ਹਾਲ ਬਾਰੇ ਲਿਖ 2 ਕੇ ਤਾਂ ਅਸੀਂ ਹੁਣ ਥੱਕ ਚੁੱਕੇ ਹਾਂ।

ਪੀਲ ਵਿੱਚ 15000 ਤੋਂ ਵੱਧ ਪਰਿਵਾਰ ਸੋਸ਼ਲ ਹਾਊਸਿੰਗ ਲਈ ਉਡੀਕ ਕਰ ਰਹੇ ਹਨ ਜਿਸਦਾ ਉਡੀਕ ਸਮਾਂ ਕੈਨੇਡਾ ਭਰ ਵਿੱਚ ਸੱਭ ਤੋਂ ਲੰਬਾ ਹੈ। ਇਸੇ ਤਰਾਂ ਵਿਸ਼ੇਸ਼ ਲੋੜਾਂ ਵਾਲੇ (ਮਾਨਸਿਕ ਅਤੇ ਸਰੀਰਕ ਅਪਾਹਜਤਾ ਵਾਲੇ) ਵਿੱਦਿਆਰਥੀਆਂ ਲਈ ਪੀਲ ਸਕੂਲ ਬੋਰਡ ਨੂੰ ਮਹਿਜ਼ ਪ੍ਰਤੀ ਵਿੱਦਿਆਰਥੀ ਉਂਟੇਰੀਓ ਵਿੱਚ ਸੱਭ ਤੋਂ ਘੱਟ 339 ਡਾਲਰ ਮਿਲਦੇ ਹਨ ਜਦੋਂ ਕਿ ਉਂਟੇਰੀਓ ਦੇ ਹੋਰ ਸਕੂਲ ਬੋਰਡਾਂ ਲਈ ਇਹ ਔਸਤ 1700 ਡਾਲਰ ਹੈ।

ਮਾਨਸਿਕ ਪਰੇਸ਼ਾਨੀ ਵਾਲੇ ਬੱਚਿਆਂ ਨੂੰ ਕਾਉਂਸਲਿੰਗ ਦੀ ਸੇਵਾ ਲੈਣ ਲਈ ਪੀਲ ਖੇਤਰ ਵਿੱਚ 6 ਤੋਂ 8 ਮਹੀਨੇ ਤੱਕ ਉਡੀਕ ਕਰਨੀ ਪੈਂਦੀ ਹੈ। ਮੁਫਤ ਕਨੂੰਨੀ ਸੇਵਾਵਾਂ ਦੇਣ ਲਈ ਪੀਲ ਖੇਤਰ ਵਿੱਚ ਸਿਰਫ 16 ਵਿਅਕਤੀਆਂ ਦਾ ਸਟਾਫ ਹੈ ਜਦੋਂ ਕਿ ਟੋਰਾਂਟੋ ਵਿੱਚ ਇਹ ਗਿਣਤੀ 109 ਹੈ। ਬਰੈਂਪਟਨ ਵਿੱਚ ਔਖੇ ਵਕਤ ਵਿੱਚੋਂ ਗੁਜ਼ਰਨ ਵਾਲੇ ਯੂਥ ਨੂੰਆਸਰਾ ਦੇਣ ਲਈ ਸਿਰਫ ਇੱਕ ਸ਼ੈਲਟਰ ਹੋਮ ਹੈ ਜਿਸ ਵਿੱਚ 14 ਬੈੱਡ ਹਨ ਜਦੋਂ ਕਿ ਟੋਰਾਂਟੋ ਦੇ 11 ਸ਼ੈਲਟਰ ਹੋਮਾਂ ਵਿੱਚ 579 ਬੈੱਡ ਹਨ।

ਉੱਪਰ ਦਿੱਤੇ ਗਏ ਅੰਕੜਿਆਂ ਤੋਂ ਸਾਬਤ ਹੁੰਦਾ ਹੈ ਕਿ ਪੀਲ ਖੇਤਰ ਵਿੱਚ ਜੀਵਨ ਦੀ ਗੁਣਵੱਤਾ ਨੂੰ ਚੰਗੇਰਾ ਬਣਾਉਣ ਵਾਲੀਆਂ ਸੇਵਾਵਾਂ ਲਈ ਡਾਲਰ ਖਰਚਣ ਵੇਲੇ ਸੱਤਾ ਉੱਤੇ ਬੈਠੇ ਪ੍ਰਭੂ ਕੱਛਾਂ ਵਿੱਚ ਹੱਥ ਦੇ ਕੇ ਬੈਠ ਜਾਂਦੇ ਹਨ। ਸੁਆਲ ਉੱਠਦਾ ਹੈ ਕਿ ਕੀ ਪਬਲਿਕ ਦੀ ਆਵਾਜ਼ ਬਣਨ ਦਾ ਦਾਅਵਾ ਕਰਨ ਵਾਲੇ ਉਮੀਦਵਾਰਾਂ ਨੂੰ ਪੀਲ ਖੇਤਰ ਦੀ ਨਾਜ਼ੁਕ ਸਥਿਤੀ ਦਾ ਅਸਲ ਅੰਦਾਜ਼ਾ ਵੀ ਹੈ? ਕੀ ਉਹ ਪ੍ਰੋਵਿੰਸ਼ੀਅਲ ਅਤੇ ਫੈਡਰਲ ਸਰਕਾਰਾਂ ਨਾਲ ਮਿਲ ਕੇ ਕੰਮ ਕਰਨ ਦੀ ਯੋਗਤਾ ਰੱਖਦੇ ਹਨ? ਇਸ ਯੋਗਤਾ ਵਿੱਚ ਉਮੀਦਵਾਰ ਦੀ ਵਿੱਦਿਆ, ਤਜੁਰਬਾ, ਵਿਸ਼ੇ ਦੀ ਜਾਣਕਾਰੀ, ਪਬਲਿਕ ਸਪੀਕਿੰਗ ਦਾ ਅਨੁਭਵ, ਘੱਟੋ ਘੱਟ ਦੋ ਜ਼ੁਬਾਨਾਂ (ਅੰਗਰੇਜ਼ੀ ਅਤੇ ਪੰਜਾਬੀ ਪੀਲ ਖੇਤਰ ਵਾਸਤੇ) ਦਾ ਉੱਚ ਪੱਧਰ ਦਾ ਗਿਆਨ ਸ਼ਾਮਲ ਹੈ।

27 ਅਕਤੂਬਰ ਨੂੰ ਹੋਣ ਵਾਲੀਆਂ ਚੋਣਾਂ ਵਿੱਚ ਵੋਟ ਪਾਉਣ ਤੋਂ ਪਹਿਲਾਂ ਵੋਟਰਾਂ ਨੂੰ ਖੁਦ ਨੂੰ ਸੁਆਲ ਕਰਨਾ ਚਾਹੀਦਾ ਹੈ ਕਿ ਉਹਨਾਂ ਦੀ ਵੋਟ ਦਾਕੌਣ ਸਹੀ ਅਧਿਕਾਰੀ ਹੈ ਜੋ ਮਿਸੀਸਾਗਾ, ਬਰੈਂਪਟਨ ਨੂੰ ਮਿਲਣ ਵਾਲੇ ਘੱਟ ਡਾਲਰਾਂ ਬਾਰੇ ਗੱਲ ਸਕੇਗਾ? ਇੱਕ ਅਨੁਮਾਨ ਅਨੁਸਾਰ ਪੀਲ ਖੇਤਰ ਨੂੰ ਬਣਦੇ ਹਿੱਸੇ ਨਾਲੋਂ ਹਰ ਸਾਲ 336 ਮਿਲੀਅਨ ਡਾਲਰ ਘੱਟ ਮਿਲਦੇ ਹਨ।ਇਹਨਾਂ 336 ਮਿਲੀਅਨ ਵਧੇਰੇ ਡਾਲਰਾਂ ਨਾਲ ਸਿਰਫ ਬਰੈਂਪਟਨ ਮਿਸੀਸਾਗਾ ਵਿੱਚ ਸੇਵਾਵਾਂ ਹੀ ਨਹੀਂ ਸੁਧਰਨਗੀਆਂ ਸਗੋਂ ਹਜ਼ਾਰਾਂ ਦੀ ਗਿਣਤੀ ਵਿੱਚ ਇਲਾਕਾ ਵਾਸੀਆਂ ਨੂੰ ਰੁਜ਼ਗਾਰ ਵੀ ਮਿਲੇਗਾ।

**ਲੇਖਕ : ਕੈਨੇਡੀਅਨ ਪੰਜਾਬੀ ਪੋਸਟ ਦੇ ਮੁੱਖ ਸੰਪਾਦਕ ਹਨ**



"After a long day of knocking on doors, our volunteers somehow find a way to keep us laughing.

This campaign makes an effort to offer something different to our young volunteer base, and when they are smiling, so are we!

Allowing young people to interact with their neighbors can lead to incredibly beautiful results. There is so much potential with Brampton's youth - we just need to give them the opportunity and the right environment for them succeed.

On October 27th vote for a fresh start for Brampton. Vote for Harkirat Singh for school board trustee and Gurratan Singh for regional councillor in wards 9 & 10"

# *Editorial*

Now, is a better time than ever before for us to stand up for our rights. We have social media (facebook, twitter, etc) at our fingertips to communicate our messages. And along with that, there are also public spaces provided for us to get together and hold meetings. Every election, there is a misbelief that the elected candidate will be different and will stand up for us unlike the last one. However, all candidates appear to only follow in the footsteps of the ones before them. We hear the same clichés from politicians in every election. We hear them say there is going to be a change in the system, transparency, diversification, etc. All of those concepts fade away after a couple months. It is time to change the system not just the candidates representing us. And if we want to see change happen, we are going to have to take matters into our own hands. There are many laws, rules and regulations that need be changed in order to improve our living standards.

We need to elect candidates who think about the public interest, not just about the money they get paid. We need someone who will have the courage to unveil the government's actions and the truths behind various events. There may even be some currently elected officials who have information about the wrongdoings in the society regarding law changes, taxes, privatization, etc. However, they do not reveal that information in fear of losing their jobs. We need a candidate who is willing to fight for us on the inside. The promises of politicians are beginning to lose credibility in the eyes of voters.

We need a candidate who is willing to focus on the most important issues concerning Brampton. Below is an oversimplified list of some pressing issues:

1. Brampton was promised a university over the years, yet there is no sight of this being a reality.
2. A promised new HOSPITAL in Brampton but actually it is an Integrated Centre/ Ambulatory care Centre. In plain language it is like an OPD clinic.
3. There are no employment opportunities in Brampton as all industries are located outside the city.
4. Brampton should not be limited to a residential city as it appears to be in the present day. It is currently called the SLEEPY CITY. We need more developments other than houses.
5. Proper utilization of property taxes.
6. We need small classroom sizes and a better education system. During the 2010/2011 school year, high school admission in Peel Board dropped by 2.47% and the elementary admission increased by 1.5%. Why it was happened only in peel regional.
7. We need proper cleaning initiative especially during the winter. Roads in Brampton are not shoveled as often as other cities.
8. More benefits and concessions for seniors.

Yet, during various political debates, the candidates continue to ignore these pressing issues and only focus on the elements that advertise them. We are going through this process once again, and continue to hope for a different result. We hope to see a sincere and committed council who will work for the betterment of Brampton and its citizens.

My best wishes to all candidates in this election. May the best candidate win!

There is always a light at the end of a dark tunnel !!!!!

**- HARBANS SINGH**

# ‘ਨੰਗੇ ਪੈਰਾਂ ਵਾਲੇ’ ਇਨਕਲਾਬੀ ਨੌਜਵਾਨ ਡਾਕਟਰਾਂ ਦੀਆਂ ਮਹਾਨ ਦੇਣਾਂ

*ਅੱਜ ਸੰਸਾਰ ਸਾਮਰਾਜੀ ਪ੍ਰਬੰਧ ਅਤੇ ਉਸ ਦੀਆਂ ਪਿਛਾਖੜੀ ਹਾਕਮ ਜਮਾਤਾਂ ਗ਼ੈਰ-ਵਿਗਿਆਨਕ ਨਜ਼ਰੀਆ ਧਾਰਕੇ ਮੈਡੀਕਲ ਵਿਗਿਆਨ ਨੂੰ ‘ਲੋਕਾਂ ਦੀ ਸੇਵਾ ਲਈ’ ਦੀ ਬਜਾਏ ‘ਸਰਮਾਏਦਾਰਾਂ ਤੇ ਉਸਦੇ ਪਿੱਠੂਆਂ ਦੀ ਸੇਵਾ ਲਈ’ ਵਰਤਣ ਤੇ ਵਿਕਸਿਤ ਕਰਨ ਦੇ ਰਾਹ ’ਤੇ ਦੌੜ ਰਹੀਆਂ ਹਨ। ਇਸੇ ਰਾਹ ’ਤੇ ਚਲਦਿਆਂ ਉਹ ‘ਮਰੀਜ’ ਨੂੰ ਵੱਧ ਤੋਂ ਵੱਧ ਮੁਨਾਫਾ ਬਟੋਰਨ ਵਾਲੀ ‘ਜਿਨਸ’ ਸਮਝਦੇ ਹਨ ਤੇ ਮੈਡੀਕਲ ਵਿਗਿਆਨ ਦੇ ਨਾਂ ਹੇਠ ਇਲਾਜ ਕਰਨ ਦੇ ਮਹਿੰਗੇ, ਖਰਚੀਲੇ ਤੇ ਆਮ ਲੋਕਾਂ ਦੀ ਪਹੁੰਚ ਤੋਂ ਬਾਹਰਲੇ ਢੰਗ-ਤਰੀਕੇ ਅਤੇ ਦਵਾਈਆਂ ਈਜਾਦ ਕਰ ਰਹੇ ਹਨ। ਇਸਦੇ ਸਿੱਟੇ ਵਜੋਂ ਅੱਜ ਸੰਸਾਰ ਸਾਮਰਾਜੀ, ਸਰਮਾਏਦਾਰੀ ਸਿਹਤ ਪ੍ਰਬੰਧ ਲੁੱਟ ਦਾ ਵੱਡਾ ਸਾਧਨ ਬਣਿਆ ਹੋਇਆ ਹੈ। ਇਸਦੇ ਉਲਟ ਇੱਕ ਨਜ਼ਰੀਆ ਵਿਗਿਆਨਕ ਵਿਚਾਰਧਾਰਾ ਦੇ ਧਾਰਨੀ ਸੰਸਾਰ ਇਨਕਲਾਬੀ ਕਮਿਊਨਿਸਟ ਸ਼ਕਤੀਆਂ ਦਾ ਹੈ। ਜੋ ਮੈਡੀਕਲ ਵਿਗਿਆਨ ਨੂੰ (ਸਮੇਤ ਸਭਨਾ ਵਿਗਿਆਨਾਂ) ‘ਲੋਕਾਂ ਦੀ ਸੇਵਾ ਲਈ’ ਵਿਕਸਤ ਕਰਨ ਦੀ ਸਮਝ ਨੂੰ ਪ੍ਰਣਾਏ ਹੋਏ ਹਨ। ਵਿਗਿਆਨ ਨੂੰ ਲੋਕਾਂ ਦੀ ਸੇਵਾ ਲਈ ਵਰਤਣ ਦੀਆਂ ਸਫ਼ਲ ਕੋਸ਼ਿਸ਼ਾਂ ਨੂੰ ਸਮਾਜਵਾਦੀ ਪ੍ਰਬੰਧ ਖਾਸਕਰ ਚੀਨ ਅੰਦਰ ਅਮਲ ’ਚ ਲਿਆਂਦਾ ਗਿਆ, ਜਿਸਦੇ ਬੇਮਿਸਾਲ ਸਿੱਟੇ ਸਾਹਮਣੇ ਆਏ, ਜਿਸਨੇ ਦੁਨੀਆਂ ਅੱਗੇ ਵਿਲੱਖਣ ਉਦਾਹਰਣਾਂ ਤੇ ਕਾਰਨਾਮੇ ਪੇਸ਼ ਕੀਤੇ। ਸਿਹਤ ਦੇ ਖੇਤਰ ਅੰਦਰ ਅਨੋਖੇ ਕਾਰਨਾਮੇ ਪੇਸ਼ ਕਰਨ ਵਿਚ ਚੀਨੀ ਸਮਾਜਵਾਦੀ ਦੌਰ ਦਾ ਅੱਜ ਤੱਕ ਕੋਈ ਸਾਨੀ ਨਹੀਂ। ਸਮਾਜਵਾਦੀ ਚੀਨ ਨੇ ਪ੍ਰੋਲੇਤਾਰੀ ਸੱਭਿਆਚਾਰਕ ਇਨਕਲਾਬ ਦੌਰਾਨ ਮੁਲਕ ਭਰ ’ਚੋਂ 20 ਲੱਖ ਤੋਂ ਉੱਪਰ ਨੌਜਵਾਨਾਂ ਨੂੰ ਲੋਕਾਂ ਦੀਆਂ ਸਿਹਤ ਸਮੱਸਿਆਵਾਂ ਦੇ ਹੱਲ ਲਈ ਵੱਡੀ ਪੱਧਰ ’ਤੇ ਪਛੜੇ ਖੇਤਰਾਂ ਵੱਲ ਨੂੰ ਕੂਚ ਕਰਨ ਲਈ ਪ੍ਰੇਰਿਆ। ਨਵੀਨ ਗਿਆਨ-ਵਿਗਿਆਨ ਤੇ ਲੋਕਾਂ ਦੇ ਅਗਲੀ ਤਜ਼ਰਬੇ ਦੇ ਸੁਮੇਲ ਨੇ ਇੱਕ ਬਿਲਕੁਲ ਨਵੀਂ ਕਿਸਮ ਦੇ ਸਿਹਤ ਪ੍ਰਬੰਧ ਨੂੰ ਸਾਹਮਣੇ ਲਿਆਂਦਾ। ਲੱਖਾਂ ਦੀ ਗਿਣਤੀ ’ਚ ਕਾਫ਼ਲੇ ਬੰਨ੍ਹਕੇ ਪਿੰਡਾਂ ਤੇ ਹੋਰ ਪੱਛੜੇ ਖੇਤਰਾਂ ਵੱਲ ਨੂੰ ਤੁਰੇ ਇਨਕਲਾਬੀ ਨੌਜਵਾਨ ਮੁੰਡੇ-ਕੁੜੀਆਂ ਨੇ ਨਿਰਸੁਆਰਥ ਹੋ ਕੇ ਪੂਰੀ ਸਮਰਪਨ ਭਾਵਨਾ ਨਾਲ ਆਪਣੇ ਦੇਸ਼ ਦੇ ਲੋਕਾਂ ਦੀ ਅਸਲੀ ਅਰਥਾਂ ’ਚ ਸੇਵਾ ਕੀਤੀ। ਚੀਨ ਨੂੰ ਨਵੀਂ ਸ਼ਕਤੀ ਪ੍ਰਦਾਨ ਕਰਨ ਵਿਚ ਉੱਥੋਂ ਦੇ ਨੌਜਵਾਨਾਂ ਦਾ ਮਹੱਤਵਪੂਰਨ ਰੋਲ ਰਿਹਾ ਹੈ। “ਨਿਰਬਲ” ਚੀਨ ਜਿਸਨੂੰ ਅਮਰੀਕੀ ਸਾਮਰਾਜੀਆਂ ਨੇ ਅਫ਼ੀਮ ਦੇ ਢੇਰਾਂ ਥੱਲੇ ਦੱਬ ਦੇਣ ਦੀਆਂ ਕੁਚਾਲਾਂ ਚੱਲੀਆਂ ਸਨ, ਜਿੱਥੋਂ ਦੇ ਲੋਕਾਂ ਦੀ ਅਨਪੜ੍ਹ-ਜਾਹਲ, ਨਸ਼ੇੜੀ ਤੇ ਲੰਡੀ-ਬੁੱਚੀ ਨਾਲ ਤੁਲਨਾ ਕੀਤੀ ਜਾਂਦੀ ਸੀ ਉਸ ਨਿਰਬਲ ਚੀਨ ਨੂੰ ਸਮਾਜਵਾਦੀ ਵਿਚਾਰਧਾਰਾ ਨੇ ਇੱਕ ਨਵੀਂ-ਨਰੋਈ ਊਰਜਾ ਪ੍ਰਦਾਨ ਕੀਤੀ, ਨਵਾਂ ਬਲ ਬਖਸ਼ਿਆ ਅਤੇ ਸਦੀਆਂ ਦੀ ਲਤਾੜੀ ਜਨਤਾ ਇੱਕ ਨਵੇਂ ਮਨੁੱਖ ਵਜੋਂ ਉੱਭਰ ਕੇ ਸਾਹਮਣੇ ਆਈ। ਨਵੇਂ ਮਨੁੱਖ ਦੀ ਸਿਰਜਣਾ ਵਿਚ ਨਵੀਂ ਪੀੜ੍ਹੀ ਦਾ ਅਹਿਮ, ਅਮਿੱਟ ਯੋਗਦਾਨ ਰਿਹਾ। ਅੱਜ ਨਵੇਂ ਸੰਸਾਰ ਸਾਮਰਾਜੀ ਪ੍ਰਬੰਧ ਅੰਦਰ, ਬਿਲਕੁਲ ਵੱਖਰੀਆਂ ਸਥਿਤੀਆਂ ਅੰਦਰ ਸਾਡੇ ਦੇਸ਼ ਦੇ ਨੌਜਵਾਨ ਮੁੰਡੇ-ਕੁੜੀਆਂ ਨੂੰ ਚੀਨ ਦੇ ਉਨ੍ਹਾਂ ਨੌਜਵਾਨ ਰੈੱਡ ਗਾਰਡਾਂ, ਡਾਕਟਰਾਂ, ਕਮਿਊਨਿਸਟ ਇਨਕਲਾਬੀਆਂ ਦੀ ਲੋਕ ਮੁਕਤੀ ਲਈ, ਲੋਕ ਸੇਵਾ ਲਈ ਲਟ-ਲਟ ਬਲਦੀ ਨਿਰਸੁਆਰਥੀ ਸਮਰਪਣ ਭਾਵਨਾ ਨੂੰ, ਸਪਿਰਟ ਨੂੰ, ਚੇਤਨਾ ਨੂੰ ਮੁੜ ਤਰੋ-ਤਾਜ਼ਾ ਕਰਨ ਲਈ ਆਪਣੀ ਭੂਮਿਕਾ ਨੂੰ ਪਹਿਚਾਨਣਾ ਚਾਹੀਦਾ ਹੈ। ਇਸੇ ਉਦੇਸ਼ ਲਈ ਪੇਸ਼ ਹੈ ਸਮਾਜਵਾਦੀ ਚੀਨ ਅੰਦਰ ਸਿਹਤ ਪ੍ਰਬੰਧ ਦੀ ਅਗਵਾਈ ਕਰ ਰਹੇ ਨੌਜਵਾਨ ਰੈੱਡ ਗਾਰਡ ਯੀ-ਵਾਂਗ ਨਾਲ ਇੱਕ ਮੁਲਾਕਾਤ ਦਾ ਪੰਜਾਬੀ ਅਨੁਵਾਦ। - ਅਨੁਵਾਦਕ*

**ਅਨੁਵਾਦ: ਮਨਦੀਪ**

**? ਕੀ ਤੁਸੀਂ ਇਸਦੀ ਵਿਆਖਿਆ ਕਰ ਸਕਦੇ ਹੋ ਕਿ ਲਾਲ ਗਾਰਡ ਬਣਨ ਤੋਂ ਬਾਅਦ ਤੁਸੀਂ ਨੰਗੇ ਪੈਰਾਂ ਵਾਲੇ ਡਾਕਟਰ ਕਿਵੇਂ ਬਣੇ? ਪਿੰਡਾਂ ਵਿਚ ਨੰਗੇ ਪੈਰਾਂ ਵਾਲੇ ਡਾਕਟਰਾਂ ਦੀ ਕੀ ਭੂਮਿਕਾ ਰਹੀ ਹੈ ਅਤੇ ਡਾਕਟਰੀ ਪ੍ਰੈਕਟਿਸ ਨਾਲ ਤੁਸੀਂ ਸਿਆਸੀ ਸਿੱਖਿਆ ਤੇ ਜਮਾਤੀ ਜੱਦੋਜਹਿਦ ਦਾ ਸੁਮੇਲ ਕਿਵੇਂ ਕੀਤਾ?**

– ਨੰਗੇ ਪੈਰਾਂ ਦੇ ਡਾਕਟਰਾਂ (Barefoot Doctors) ਦਾ ਸੰਕਲਪ ਸਭ ਤੋਂ ਪਹਿਲਾਂ ਇਸ ਤੱਥ ਤੋਂ ਉਪਜਿਆ ਕਿ ਅਣਸਾਵੀਂ ਵੰਡ ਹੋਣ ਕਾਰਨ ਡਾਕਟਰ ਜਿਆਦਾ ਮਾਤਰਾ ਵਿਚ ਨਹੀਂ ਸਨ। ਪੁਰਾਣੇ ਢਾਂਚੇ ਤਹਿਤ ਡਾਕਟਰ ਮੁੱਖ ਤੌਰ ’ਤੇ ਸ਼ਹਿਰਾਂ ’ਚ ਹੀ ਹੁੰਦੇ ਸਨ ਅਤੇ ਪਿੰਡਾਂ ਅੰਦਰ ਮੈਡੀਕਲ ਸਹੂਲਤਾਂ ਬਹੁਤ ਘੱਟ ਹੁੰਦੀਆਂ ਸਨ। ਨੰਗੇ ਪੈਰਾਂ ਵਾਲੇ ਡਾਕਟਰ ਦੀ ਧਾਰਣਾ ਇਹ ਸੀ ਕਿ ਉਹ ਮੁੱਖ ਤੌਰ ’ਤੇ ਕਿਸਾਨ ਸਨ ਅਤੇ ਥੋੜ੍ਹੀ ਜਿਹੀ ਟ੍ਰੇਨਿੰਗ ਤੋਂ ਬਾਅਦ ਉਹ ਮੁਢਲੀ ਮੈਡੀਕਲ ਸਹਾਇਤਾ ਤੋਂ ਜਾਣੂ ਹੋ ਗਏ। ਇੱਥੇ ਇੱਕ ਬਹੁਤ ਹੀ ਮਹੱਤਵਪੂਰਨ ਨੁਕਤਾ ਇਹ ਹੈ ਕਿ ਉਹ ਫਿਰ ਵੀ ਕਿਸਾਨ ਹੀ ਰਹੇ ਅਤੇ ‘ਨੰਗੇ ਪੈਰਾਂ ਵਾਲੇ’ ਦੀ ਤਸਵੀਰ ਵੀ ਏਥੋਂ ਹੀ ਬਣਦੀ ਹੈ। ਇੱਕ ਪਾਸੇ ਇਹ ਹੱਥੀਂ ਕੰਮ ਕਰਦੇ (ਉਹ ਖੇਤਾਂ ਅੰਦਰ ਨੰਗੇ ਪੈਰ ਕੰਮ ਕਰਦੇ ਸਨ) ਤੇ ਦੂਸਰੇ ਪਾਸੇ ਉਨ੍ਹਾਂ ਨੂੰ ਡਾਕਟਰੀ ਸਹਾਇਤਾ ਦੀ ਸਿਖਲਾਈ ਮੁਹੱਈਆ ਕਰਵਾਈ ਜਾਂਦੀ ਸੀ। ਇਹ ਸਰੀਰਕ ਤੇ ਮਾਨਸਿਕ ਕਿਰਤ ਦੇ ਸੁਮੇਲ ਦੀ ਚੰਗੀ ਉਦਾਹਰਨ ਸੀ। ਜਿਸ ਰਾਹੀਂ ਲੋਕ ਸੇਵਕਾਂ ਦੀ ਨਵੀਂ ਪੀੜ੍ਹੀ ਦੀ ਸਿਰਜਣਾ ਹੋਈ। ‘ਨੰਗੇ ਪੈਰਾਂ ਵਾਲੇ’ ਹੋਣ ਕਾਰਨ ਉਹ ਮਰੀਜ਼ਾਂ ਨਾਲ ਨੇੜਲੇ ਸਬੰਧ ਸਥਾਪਤ ਕਰਨ ਦੇ ਯੋਗ ਹੋ ਗਏ। ਇੱਥੇ ਮਰੀਜਾਂ ਤੇ ਡਾਕਟਰਾਂ ਵਿਚਕਾਰ ਕੋਈ ਜਮਾਤੀ ਵਖਰੇਵਾਂ ਨਹੀਂ ਸੀ ਅਤੇ ਇਹ ਬਹੁਤ ਮਹੱਤਵਪੂਰਨ ਸੀ।

ਬੇਅਰਫੁੱਟ ਡਾਕਟਰਾਂ ਨੇ ਰੋਗਾਂ ਦੀ ਰੋਕਥਾਮ ਕਰਨ ਵਾਲੀਆਂ ਦਵਾਈਆਂ ਲਈ ਵੱਡੀ ਮਾਤਰਾ ’ਚ ਮਨੁੱਖੀ-ਸ਼ਕਤੀ ਮੁਹੱਈਆ ਕੀਤੀ। ਬੇਅਰਫੁੱਟ ਡਾਕਟਰ ਵੱਡੀ ਮਾਤਰਾ ਵਿਚ ਸਨ ਤੇ ਉਹ ਕਿਸਾਨਾਂ ਨਾਲ ਰਹਿੰਦੇ ਸਨ। ਇਸ ਤਰ੍ਹਾਂ ਉਹ ਮਰੀਜਾਂ ਦੀਆਂ ਡਾਕਟਰੀ ਲੋੜਾਂ ਨੂੰ ਜਾਣਦੇ ਸਨ ਅਤੇ ਰੋਗਾਂ ਦੀ ਰੋਕਥਾਮ ਲਈ ਮਰੀਜ਼ਾਂ ਨੂੰ ਡਾਕਟਰੀ ਸਹਾਇਤਾ ਦੇਣ ਦੇ ਯੋਗ ਸਨ। ਬੇਅਰਫੁੱਟ ਡਾਕਟਰਾਂ ਦੀ ਸਿਖਲਾਈ ਬਹੁਤ ਜਲਦੀ ਹੋ ਜਾਂਦੀ ਸੀ ਅਤੇ ਇਸ ਲਈ ਉਨ੍ਹਾਂ ਨੂੰ ਲੰਮੀ ਸਿੱਖਿਆ ਹਾਸਲ ਕਰਨ ਦੀ ਲੋੜ ਨਹੀਂ ਸੀ। ਉਹ ਆਪਣੇ ਕੰਮ ਤੇ ਛੋਟੇ ਕੋਰਸਾਂ ਰਾਹੀਂ ਸਿੱਖ ਜਾਂਦੇ ਸਨ। ਪਹਿਲਾਂ ਵਾਲੇ ਡਾਕਟਰ ‘ਨੰਗੇ ਪੈਰਾਂ ਵਾਲੇ’ ਨਹੀਂ ਸਨ ਹੁੰਦੇ, ਉਦੋਂ ਉਹ ਸਿਰਫ਼ ਕਿਤਾਬੀ ਗਿਆਨ ਹਾਸਲ ਕਰਦੇ, ਸੋ ‘ਕੰਮ ਦੌਰਾਨ ਸਿਖਲਾਈ’ ਇੱਕ ਚੰਗੀ ਗੱਲ ਸੀ। ਇਸ ਤੋਂ ਪਹਿਲਾਂ ਡਾਕਟਰਾਂ ਨੂੰ ਲੋਕਾਂ ਦਾ ਇੱਕ ਹਿੱਸਾ ਨਹੀਂ ਸਗੋਂ ਉਨ੍ਹਾਂ ਤੋਂ ਉੱਚਾ ਸਮਝਿਆ ਜਾਂਦਾ ਸੀ।

ਬੇਅਰਫੁੱਟ ਡਾਕਟਰਾਂ ਦਾ ਉਭਰਨਾ ਇੱਕ ਕੁਦਰਤੀ ਨਤੀਜਾ ਸੀ। ਸਭ ਤੋਂ ਪਹਿਲਾਂ ਅਸੀਂ ਸਮਾਜ ਨੂੰ ਬਦਲਣ ਦੀ ਲੋੜ ਸਮਝੀ। ਅਸੀਂ ਇਨਕਲਾਬ ਰਾਹੀਂ ਸਮਝਿਆ ਕਿ ਪੁਰਾਣੀਆਂ ਸਕੀਮਾਂ ਸਮਾਜ ਤੇ ਸਾਡੇ ਮੁਲਕ ਲਈ ਕੁਝ ਨਹੀਂ ਕਰ ਰਹੀਆਂ ਅਤੇ ਮਹਾਨ ਸੰਪਰਕ ਦੌਰਾਨ, ਦੂਰ ਦੁਰਾਡੇ ਇਲਾਕਿਆਂ ’ਚ ਅਮਲੀ ਤਜ਼ਰਬੇ ਰਾਹੀਂ ਸਮਝਿਆ ਕਿ ਪਿੰਡਾਂ ’ਚ ਇਸਦੀ ਬਹੁਤ ਲੋੜ ਹੈ।

ਦੂਜੇ ਸ਼ਬਦਾਂ ’ਚ ਅਸੀਂ ਸੱਚਮੁਚ ਕੁਝ ਅਜਿਹਾ ਕਰਨਾ ਚਾਹੁੰਦੇ ਸੀ, ਜਿਸ ਨਾਲ ਮੌਜੂਦਾ ਸਮਾਜ ਬਦਲ ਸਕੇ। ਸੋ, ਪਿੰਡਾਂ ’ਚ ਜਾ ਕੇ ਪੜ੍ਹੇ-ਲਿਖੇ ਨੌਜਵਾਨਾਂ, ਰੈੱਡ ਗਾਰਡਾਂ ਰਾਹੀਂ ਸਮਾਜ ਦੀ ਸੁਧਾਈ ਦਾ ਮੁੱਖ ਕਾਰਜ ਹੱਥ ਲੈਣਾ ਸੀ, ਮਿਆਰਾਂ ਨੂੰ ਬਦਲਣਾ ਸੀ, ਲੋਕਾਂ ਦੇ ਤਕਨੀਕ ਨੂੰ ਵਰਤਣ ਦੇ ਢੰਗ ਨੂੰ ਬਦਲਣਾ ਸੀ ਅਤੇ ਅਮਲੀ ਗਿਆਨ-ਵਿਗਿਆਨ ਨੂੰ ਪ੍ਰਫੁਲਿਤ ਕਰਨਾ ਸੀ ਅਤੇ ਮਹੱਤਵਪੂਰਨ ਗੱਲ ਆਪਣੇ ਆਪ ਨੂੰ ਮੁੜ ਸਿੱਖਿਅਤ ਕਰਨਾ ਸੀ। ਸੱਭਿਆਚਾਰ ਇਨਕਲਾਬ ਦੇ ਮੁੱਢਲੇ ਪੜਾਅ ਦੌਰਾਨ ਅਸੀਂ ਮਹਿਸੂਸ ਕੀਤਾ ਕਿ ‘ਰਸਮੀ’ ਜਮਾਤੀ ਘੋਲ ਸਾਡੇ ਲਈ ਫਾਇਦੇਮੰਦ ਨਹੀਂ ਕਿਉਂਕਿ ਸਾਰੀ ਗਿਆਨ ਸਿਖਲਾਈ ਦੀ ਬੁਰਜੂਆ ਜਮਾਤਾਂ ਵੱਲੋਂ ਵੀ ਵਰਤੋਂ ਕੀਤੀ ਜਾ ਸਕਦੀ ਹੈ ਅਤੇ ਪ੍ਰੋਲੇਤਾਰੀ ਜਮਾਤ ਲਈ ਵੀ। ਪਰੰਤੂ ਜਿਸ ਢੰਗ ਰਾਹੀਂ ਤੁਸੀਂ ਸਿੱਖਿਅਤ ਹੋਏ ਹੋ, ਇਸ ਗੱਲ ਦੀ ਵੱਧ ਸੰਭਾਵਨਾ ਹੈ ਕਿ ਤੁਸੀਂ ਬੁਰਜੂਆ ਜਮਾਤ ਵਿਚ ਸ਼ਾਮਲ ਹੋ ਜਾਵੋ ਬਜਾਏ ਪ੍ਰੋਲੇਤਾਰੀ ਜਮਾਤ ਦੇ। ਇਹ ਪਹਿਲੀ ਗੱਲ ਹੈ। ਦੂਸਰੀ ਗੱਲ ਇਹ ਕਿ ਸ਼ੁੱਧ ਗਿਆਨ ਪ੍ਰਾਪਤੀ ਦਾ ਅਰਥ ਇਹ ਨਹੀਂ ਕਿ ਇਹ ਸਮਾਜ ਦੀਆਂ ਅਸਲ ਹਾਲਤਾਂ ’ਤੇ ਢੁੱਕਦੀ ਹੋਵੇ। ਦੂਸਰੇ ਸ਼ਬਦਾਂ ’ਚ ਪਹਿਲਾਂ ਵਾਲੀ ਪੜ੍ਹਾਈ ਲੋੜ ’ਚੋਂ ਉਪਜੀ ਹੋਈ ਨਹੀਂ ਸੀ। ਪ੍ਰੰਤੂ ਫਿਰ, ਲੋਕਾਂ ਦੀ ਅਸਲੀ ਜ਼ਿੰਦਗੀ ’ਚ ਸ਼ਾਮਲ ਹੋਣ ਬਾਅਦ ਸਾਨੂੰ ਨੌਜਵਾਨਾਂ ਨੂੰ



ਲੋਕਾਂ ਦੀਆਂ ਅਸਲੀ ਲੋੜਾਂ ਦੀ ਸਮਝ ਆਈ ਅਤੇ ਇਹ ਸਾਡੇ ਲਈ ਗਿਆਨ ਪ੍ਰਾਪਤ ਕਰਨ ਦਾ ਪ੍ਰੇਰਕ ਬਣਿਆ। ਪੜ੍ਹਾਈ ਕੁਦਰਤੀ ਸਿੱਖਿਅਕ ਪ੍ਰਕਿਰਿਆ ਮੁਤਾਬਕ ਪਹਿਲਾਂ ਅਭਿਆਸ, ਫਿਰ ਸਿਧਾਂਤ ਤੇ ਫਿਰ ਅਭਿਆਸ ਰਾਹੀਂ ਹੁੰਦੀ ਸੀ। ਪੁਰਾਣੇ ਪ੍ਰਬੰਧ ਵਿਚ ਲੋਕ ਸਿਰਫ਼ ਪੜ੍ਹਾਈ ਕਰਦੇ ਸਨ ਬਿਨਾਂ ਇਹ ਸੋਚੇ-ਵਿਚਾਰੇ ਕਿ ਇਸ ਗਿਆਨ ਦਾ ਕੀ ਕੀਤਾ ਜਾਵੇਗਾ? ਸੋ, ਇਹ ਗਿਆਨ ਬੁਰਜੂਆ ਜਾਂ ਪ੍ਰੋਲੇਤਾਰੀ ਕਿਸੇ ਵੀ ਜਮਾਤ ਵੱਲੋਂ ਵਰਤਿਆ ਜਾ ਸਕਦਾ ਸੀ।

ਇੱਥੇ ਬਹੁਤ ਸਾਰੇ ਵਿਦਿਆਰਥੀ ਸਨ ਜੋ ਪਿੱਛੇ ਜਾ ਕੇ ਖੇਤੀ ਮਾਹਰ, ਖੇਤ ਵਿਗਿਆਨੀ, ਮਿਸਤਰੀ, ਬੇਅਰਫੁੱਟ ਡਾਕਟਰ, ਸਕੂਲ ਅਧਿਆਪਕ ਆਦਿ ਬਣੇ। ਇਸ ਕਿਸਮ ਦੀ ਸਿੱਖਿਆ ਅਤੇ ਪੜ੍ਹਾਈ ਲੋੜ ’ਚੋਂ ਉਪਜੀ ਹੋਈ ਸੀ। ਉਨ੍ਹਾਂ ਨੂੰ ਇਸ ਗੱਲ ਦਾ ਕੋਈ ਖ਼ਿਆਲ ਨਹੀਂ ਸੀ ਕਿ ਉਹ ਪਹਿਲੀ ਵਾਰ ਪਿੰਡਾਂ ’ਚ ਕਦੋਂ ਗਏ। ਉਨ੍ਹਾਂ ਨੇ ਸਿਰਫ਼ ਮਹਿਸੂਸ ਕੀਤਾ ਕਿ ਪਿੰਡਾਂ ’ਚ ਪੜ੍ਹੇ ਲਿਖੇ ਨੌਜਵਾਨਾਂ ਦੀ ਸਿਆਸੀ ਅਤੇ ਅਮਲੀ ਕਾਜ਼ ਲਈ ਲੋੜ ਹੈ। ਅਮਲੀ-ਮਤਲਬ ਰੋਜ਼ਾਨਾ ਪੈਦਾਵਾਰ, ਰੋਜ਼ਾਨਾ ਜ਼ਿੰਦਗੀ। ਸਿਆਸੀ-ਮਤਲਬ ਸਿੱਖਿਅਤ ਨੌਜਵਾਨਾਂ ਲਈ ਮੁੜ ਸਿੱਖਿਅਤ ਹੋਣਾ, ਗਿਆਨ ਦਾ ਪ੍ਰਚਾਰ-ਪ੍ਰਸਾਰ ਅਤੇ ਕਿਸਾਨਾਂ ਦੀ ਸਿਆਸੀ ਜੱਦੋਜਹਿਦ ਦੀ ਜਾਣਕਾਰੀ ਤਾਂ ਜੋ ਮੁਲਕ ਅੰਦਰਲੀਆਂ ਇਨਕਲਾਬੀ ਹਾਲਤਾਂ ਤੋਂ ਜਾਣੂ ਹੋ ਸਕਣ ਅਤੇ ਆਪਣਾ ਨਜ਼ਰੀਆ ਸਪੱਸ਼ਟਕਰ ਸਕਣ। ਇਹ ਪ੍ਰੇਰਨਾ ਪੈਸੇ ਤੋਂ ਨਹੀਂ ਸਗੋਂ ‘ਲੋਕਾਂ ਦੀ ਸੇਵਾ’ ਕਰਨ ਅਤੇ ਗਿਆਨ ਨੂੰ ਲੋਕਾਂ ਦੀਆਂ ਅਸਲ ਮੁਸ਼ਕਲਾਂ ਉੱਤੇ ਲਾਗੂ ਕਰਨ ਤੋਂ ਪੈਦਾ ਹੁੰਦੀ ਸੀ।

ਅਤੇ ਮੇਰੇ ਤਜ਼ਰਬੇ ਕਿ ਮੈਂ ‘ਨੰਗੇ ਪੈਰਾਂ ਵਾਲਾ ਡਾਕਟਰ’ ਕਿਵੇਂ ਬਣਿਆ? ਜਿਹੜੇ ਇਲਾਕੇ ਵਿਚ ਮੈਂ ਗਿਆ ਉਹ ਪੇਂਡੂ ਇਲਾਕਾ ਸੀ ਤੇ ਉੱਥੇ ਆਵਾਜਾਈ ਦਾ ਕੋਈ ਸਾਧਨ ਨਹੀਂ ਸੀ। ਆਵਾਜਾਈ ਪੈਦਲ ਹੀ ਸੀ। ਸਾਡੇ ਪਿੰਡ ਤੋਂ 50 ਕਿ.ਮੀ. ਦੂਰ ਇੱਕ ਹਸਪਤਾਲ ਸੀ। ਜੇਕਰ ਕੋਈ ਮਰੀਜ਼ ਗੰਭੀਰ ਬਿਮਾਰ ਹੁੰਦਾ ਸੀ ਤਦ ਉਸਨੂੰ ਪੈਦਲ ਹਸਪਤਾਲ ਲਿਜਾਣਾ ਬੇਹੱਦ ਮੁਸ਼ਕਲ ਹੁੰਦਾ ਸੀ ਅਤੇ ਇਸ ਕਰਕੇ, ਸਿੱਟੇ ਵਜੋਂ ਅੰਧਵਿਸ਼ਵਾਸ਼ ਤੇ ਟੂਣੇ-ਟਾਮਣ ਦਾ ਜ਼ੋਰ ਸੀ। ਉਦਾਹਰਣ ਵਜੋਂ ਜੇਕਰ ਕਿਸੇ ਨੂੰ ਨਮੂਨੀਆ ਅਤੇ ਬਹੁਤ ਜਿਆਦਾ ਬੁਖਾਰ ਹੋ ਜਾਂਦਾ ਤਦ ਟੂਣੇ-ਟਾਮਣ ਵਾਲਾ ਕੁਝ ਜਾਪ ਕਰਦਾ ਹੈ ਜਿਸਨੂੰ ਕੋਈ ਨਹੀਂ ਸਮਝ ਪਾਉਂਦਾ ਅਤੇ ਉਹ ਸਰੀਰ ਉੱਪਰ ਸਿਰਫ਼ ਠੰਡੇ ਪਾਣੀ ਦਾ ਛਿੜਕਾ ਕਰਦਾ ਹੈ। ਸਾਰੇ ਕੱਪੜੇ ਉਤਰਵਾ ਕੇ, ਠੰਡੇ ਪਾਣੀ ਦਾ ਛਿੜਕਾ ਕਰਕੇ ਉਹ ਕਹਿੰਦਾ ਹੈ ਕਿ ਇਹ ਠੰਡਾ ਜਲ ਇੱਕ ਦਵਾਈ ਹੈ ਜੋ ਪ੍ਰਮਾਤਮਾ ਵੱਲੋਂ ਦਿੱਤੀ ਜਾਂਦੀ ਹੈ।

ਮੈਂ ਤੇ ਰੈੱਡ ਗਾਰਡਾਂ ਦੀ ਟੋਲੀ ਜਦੋਂ ਪਿੰਡ ਗਏ ਤਦ ਅਸੀਂ ਵੇਖਿਆ ਕਿ ਪਿੰਡ ਵਿਚ ਅੱਧੀ ਵਸੋਂ ਬਿਮਾਰ ਸੀ ਤੇ ਉੱਥੇ ਮਹਾਂਮਾਰੀ ਫੈਲੀ ਹੋਈ ਸੀ। ਪਿੱਛੋਂ ਸਾਨੂੰ ਪਤਾ ਲੱਗਾ ਕਿ ਇਹ ਟਾਈਫੈਡ ਸੀ ਜੋ ਛੋਟੇ-ਛੋਟੇ ਪਰਜੀਵੀਆਂ ਨਾਲ ਫੈਲਦਾ ਹੈ। ਪੈਦਾਵਾਰੀ ਮਜ਼ਦੂਰਾਂ ਦੀ ਅੱਧੀ ਤੋਂ ਵੱਧ ਵਸੋਂ ਬਿਮਾਰ ਸੀ। ਅਜਿਹੇ ’ਚ ਉਹ ਜਮਾਤੀ ਜੱਦੋਜਹਿਦ ’ਚ ਕਿਵੇਂ ਹਿੱਸਾ ਪਾ ਸਕਦੇ ਸਨ? ਕਿਸ ਤਰ੍ਹਾਂ ਉਹ ਰੋਜ਼ਾਨਾ ਪੈਦਾਵਾਰ ਕਰ ਸਕਦੇ ਸਨ? ਉਹ ਆਪਣੀ ਦੇਖ-ਭਾਲ ਕਿਵੇਂ ਕਰ ਸਕਦੇ ਸਨ?

ਅਤੇ ਹੁਣ ਅਸੀਂ ਲੋੜਾਂ ਮੁਤਾਬਕ ਅਧਿਐਨ ਕਰਨ ਦਾ ਕਾਜ਼ ਹੱਥ ਲਿਆ। ਅਸੀਂ ਸਭ ਤੋਂ ਪਹਿਲਾਂ ਡਾਕਟਰੀ ਲੋੜ ਦਾ ਸਾਹਮਣਾ ਕੀਤਾ। ਸਿਹਤ ਦੀ ਬੁਨਿਆਦੀ ਮਨੁੱਖੀ ਲੋੜ ਤਾਂ ਜੋ ਉਹ ਕੁਝ ਕੰਮ ਕਰਦੇ ਰਹਿਣ। ਜੇਕਰ ਤੁਸੀਂ ਬਿਮਾਰ ਹੋ ਤਦ ਤੁਸੀਂ ਕੁਝ ਨਹੀਂ ਕਰ ਪਾਉਂਦੇ ਅਤੇ ਸਾਨੂੰ ਰੈੱਡ ਗਾਰਡ ਨੂੰ ਦਵਾਈ ਬਾਰੇ ਕੁਝ ਵੀ ਪਤਾ ਨਹੀਂ ਸੀ। ਅਸੀਂ ਮੁਸ਼ਕਲ ਨਾਲ ਹਾਈ ਸਕੂਲ ਤੱਕ ਪੜ੍ਹੇ ਹੋਏ ਸਾਂ। ਸੋ, ਅਸੀਂ ਮਹਿਸੂਸ ਕੀਤਾ ਕਿ ਇਹ ਐਮਰਜੈਂਸੀ ਵਾਲੀ ਸਥਿਤੀ ਹੈ ਅਤੇ ਇੱਥੇ ਕੋਈ ਡਾਕਟਰ ਵੀ ਮੌਜੂਦ ਨਹੀਂ। ਅਸੀਂ ਇਸਦਾ ਹੱਲ ਕਰਨ ਬਾਰੇ ਸੋਚਿਆ। ਇੱਥੇ ਹੋਰ ਕੋਈ ਸ਼ਕਤੀਆਂ ਜਾਂ ਤਾਕਤਾਂ ਨਹੀਂ ਸਨ ਜਿਨ੍ਹਾਂ ’ਤੇ ਅਸੀਂ ਯਕੀਨ ਕਰ ਸਕਦੇ। ਸੋ, ਅਸੀਂ ਤਿੰਨਾਂ ਨੇ ਛੋਟਾ ਜਿਹਾ ਕਲੀਨਿਕ ਖੋਲ੍ਹ ਲਿਆ। ਇਸਨੂੰ ਅਸੀਂ ਛੋਟਾ ਕਲੀਨਿਕ ਆਖ ਬੁਲਾਉਂਦੇ ਪ੍ਰੰਤੂ ਇੱਥੇ ਕੋਈ ਅਸਲੀ ਡਾਕਟਰ ਨਹੀਂ ਸੀ। ਅਸੀਂ ਉਹ ਸਾਰੀਆਂ ਦਵਾਈਆਂ

ਇਕੱਠੀਆਂ ਕੀਤੀਆਂ ਜੋ ਸਾਡੇ ਆਪਣੇ ਲਈ ਸਨ। ਸੋ, ਅਸੀਂ ਸਾਰੀਆਂ ਐਂਟੀਬਾਇਟਿਕ ਇਕੱਠੀਆਂ ਕਰਕੇ ਮੁਫ਼ਤ ਦਵਾਖਾਨਾ ਸ਼ੁਰੂ ਕਰ ਦਿੱਤਾ। ਸਾਡੇ ਕੋਲ ਨੰਗੇ ਪੈਰਾਂ ਵਾਲੇ ਡਾਕਟਰਾਂ ਵਾਲੀ ਇੱਕ ਕਿਤਾਬ ਸੀ ਅਤੇ ਅਸੀਂ ਮਰੀਜ਼ ਦੀ ਬਿਮਾਰੀ ਦੇ ਲੱਛਣਾਂ ਨੂੰ ਕਿਤਾਬ 'ਚ ਦਰਸਾਏ ਲੱਛਣਾਂ ਨਾਲ ਮਿਲਾ ਲੈਂਦੇ ਅਤੇ ਅਖੀਰ ਅਸੀਂ ਮਹਿਸੂਸ ਕੀਤਾ ਕਿ ਇਹ ਛੂਤ ਦਾ ਰੋਗ ਟਾਈਫੈਡ ਬੁਖਾਰ ਹੈ।

ਸੋ ਇਹ ਦਵਾਈਆਂ ਬਹੁਤ ਲਾਹੇਵੰਦ ਸਾਬਤ ਹੋਈਆਂ ਅਤੇ ਦੋ ਜਾਂ ਤਿੰਨ ਦਿਨ ਲਈ ਦਵਾਈ ਵਰਤਕੇ ਤੇਜ਼ ਬੁਖਾਰ ਹਟ ਜਾਂਦਾ ਸੀ ਤੇ ਲੋਕ ਠੀਕ ਹੋ ਜਾਂਦੇ ਸਨ। ਅਸੀਂ ਇਹ ਮਹਿਸੂਸ ਨਹੀਂ ਸਾਂ ਕਰਦੇ ਕਿ ਅਸੀਂ ਡਾਕਟਰੀ ਇਲਾਜ ਕਰ ਰਹੇ ਹਾਂ, ਸਗੋਂ ਅਸੀਂ ਤਾਂ ਸਿਰਫ਼ ਲੋਕਾਂ ਦੀ ਸੇਵਾ ਕਰਨੀ ਚਾਹੁੰਦੇ ਸਾਂ। ਅਸੀਂ ਤਾਂ ਮੈਡੀਕਲ ਬਾਰੇ ਕੋਈ ਉਚੇਰੀ ਸਿੱਖਿਆ ਵੀ ਹਾਸਲ ਨਹੀਂ ਸੀ ਕੀਤੀ ਸਗੋਂ ਲੋਕਾਂ ਨੇ ਸਾਨੂੰ ਇਹ ਸਭ ਕਰਨ ਲਾ ਦਿੱਤਾ ਸੀ।

ਸੋ ਹਕੀਕਤ ਇਹ ਸੀ ਕਿ ਇੱਕ ਲੋੜ ਪਈ ਸੀ ਤੇ ਅਸੀਂ ਇਸ ਲੋੜ ਨੂੰ ਪੂਰਾ ਕਰਨ ਦੀ ਕੋਸ਼ਿਸ਼ ਕੀਤੀ। ਲੋੜ ਵਧ ਗਈ ਤਾਂ ਸਾਨੂੰ ਆਪਣੇ ਗਿਆਨ 'ਚ ਵਾਧਾ ਕਰਨਾ ਪਿਆ। ਸਾਡੀ ਮੁੱਢਲੀ ਵਿੱਦਿਆ ਖ਼ੁਦ ਪੜ੍ਹਨ ਤੇ ਸਿੱਖਣਰਾਹੀਂ ਸ਼ੁਰੂ ਹੋਈ ਸੀ। ਅਸੀਂ ਬਹਿਸਾਂ ਕਰਦੇ ਤੇ ਫਿਰ ਨਵੀਆਂ ਸਮੱਸਿਆਵਾਂ ਖੜ੍ਹੀਆਂ ਹੋ ਜਾਂਦੀਆਂ। ਅਸੀਂ ਫਿਰ ਵਿਚਾਰ-ਵਟਾਂਦਰਾ ਕਰਕੇ ਤੇ ਸਮੱਸਿਆਵਾਂ ਨੂੰ ਹੱਲ ਕਰ ਲੈਂਦੇ ਅਤੇ ਇਸ ਤਰ੍ਹਾਂ ਦੇ ਅਮਲ ਰਾਹੀਂ ਅਸੀਂ ਤਜ਼ਰਬਾ ਹਾਸਲ ਕਰ ਸਕੇ।

ਚੀਨੀ ਇਲਾਜ ਅਸਲ ਵਿਚ ਤਜ਼ਰਬੇ 'ਤੇ ਆਧਾਰਤ ਹੈ। ਇੱਕ ਕਿਸਮ ਦੇ ਰੋਜ਼ਮਰ੍ਹਾ ਦੇ ਤਜ਼ਰਬੇ ਦੇ ਅਧਾਰ 'ਤੇ ਨਾ ਕੇਵਲ ਸਿਧਾਂਤ 'ਤੇ ਹੀ। ਪੱਛਮੀ ਇਲਾਜ ਵਿਧੀ ਦੇ ਆਉਣ ਤੋਂ ਪਹਿਲਾਂ ਚੀਨੀ ਇਲਾਜ ਵਿਧੀ ਦੇ ਲੱਖਾਂ ਡਾਕਟਰ ਸਨ। ਉਹ ਕਦੇ ਸਕੂਲ ਵੀ ਨਹੀਂ ਸਨ ਗਏ। ਉਨ੍ਹਾਂ ਕੋਲ ਕੋਈ ਕਿਤਾਬ ਵੀ ਨਹੀਂ ਸੀ। ਉਨ੍ਹਾਂ ਕੋਲ ਕੁਝ ਜੜ੍ਹੀ-ਬੂਟੀਆਂ ਤੇ ਕੁਝ ਕੁ ਐਕੂਪੰਕਚਰ ਸੂਈਆਂ ਹੁੰਦੀਆਂ ਸਨ। ਉਹ ਕਿਵੇਂ ਲਿਖਦੇ ਸਨ? ਉਹ ਆਪਣੇ ਪੁਰਖਿਆਂ ਤੇ ਲੋਕਾਂ ਤੋਂ ਸਿੱਖਦੇ ਸਨ। ਉਹ ਲੋਕਾਂ ਦੁਆਰਾ ਖ਼ੁਦ ਦਵਾਈਆਂ ਤਿਆਰ ਕਰਨ ਤੇ ਖ਼ੁਦ ਇਲਾਜ ਕਰਨ ਰਾਹੀਂ ਜਾਣਕਾਰੀ ਇਕੱਤਰ ਕਰਦੇ ਸਨ ਅਤੇ ਅਮਲੀ ਤੌਰ 'ਤੇ ਅਸੀਂ ਵੀ ਇਸੇ ਕਿਸਮ ਦਾ ਤਜ਼ਰਬਾ ਗ੍ਰਹਿਣ ਕੀਤਾ ਅਤੇ ਅਸੀਂ ਬੱਚੇ ਪੈਦਾ ਕਰਵਾਉਣ, ਮਿਹਦੇ ਦੇ ਜ਼ਖ਼ਮ, ਛੂਤ ਦੀਆਂ ਬਿਮਾਰੀਆਂ ਅਤੇ ਕੁਝ ਅਪਰੇਸ਼ਨ ਕਰਨ ਵਿਚ ਸਫ਼ਲ ਹੋਏ ਅਤੇ ਇਸ ਦੌਰਾਨ ਸਾਨੂੰ ਪੀ.ਐਲ.ਏ. (People's Liberation Army) ਦੀਆਂ ਚਲਦੀਆਂ-ਫਿਰਦੀਆਂ ਮੈਡੀਕਲ ਟੀਮਾਂ ਵੱਲੋਂ ਰਸਮੀਂ ਟ੍ਰੇਨਿੰਗ ਦਿੱਤੀ ਜਾਂਦੀ।

ਇੱਕ ਗੱਲ ਬਹੁਤ ਦਿਲਚਸਪ ਹੈ ਕਿ ਮਾਓ ਨੇ 1965 ਜਾਂ 1964 'ਚ ਕਿਹਾ ਸੀ ਕਿ ਡਾਕਟਰੀ ਸਹਾਇਤਾ ਦਾ ਮੁੱਖ ਜੋਰ ਪੇਂਡੂ ਖਿੱਤਿਆ ਵਿਚ ਦਿੱਤਾ ਜਾਣਾ ਚਾਹੀਦਾ ਹੈ। ਦੂਸਰੇ ਸ਼ਬਦਾਂ 'ਚ ਇਸ ਤੋਂ ਪਹਿਲਾਂ ਡਾਕਟਰੀ ਸੇਵਾਵਾਂ ਮੁੱਖ ਤੌਰ 'ਤੇ ਸ਼ਹਿਰਾਂ ਵਿਚ ਕੇਂਦਰਤ ਸਨ। ਪੇਂਡੂ ਖੇਤਰਾਂ ਵਿਚ ਡਾਕਟਰੀ ਸਹੂਲਤਾਂ ਬਹੁਤ ਸੀਮਤ ਸਨ ਅਤੇ ਉਸ ਸਮੇਂ ਡਾਕਟਰਾਂ ਦੀ ਗਿਣਤੀ ਬਹੁਤ ਥੋੜ੍ਹੀ ਸੀ ਤੇ ਮੰਗ ਜਿਆਦਾ। ਇਸ ਤਰ੍ਹਾਂ ਹਾਸਲ ਡਾਕਟਰ ਪੇਂਡੂ ਖੇਤਰਾਂ ਵਿਚ ਜਾਣ ਤੋਂਕੰਨੀ ਕਤਰਾਉਂਦੇ ਸਨ। ਸਰਵਿਸ ਬਹੁਤ ਮਾੜੀ ਸੀ ਅਤੇ ਉਦਾਹਰਣ ਵਜੋਂ ਕਈਵਾਰ ਤੁਹਾਨੂੰ ਡਾਕਟਰਾਂ ਨੂੰ ਕੀਮਤੀ ਤੋਹਫੇ ਦੇਣੇ ਪੈਂਦੇ ਸਨ ਤਾਂ ਕਿ ਉਹ ਤੁਹਾਡੇ ਘਰ ਆ ਕੇ ਮਰੀਜ ਦਾ ਇਲਾਜ ਕਰੇ। ਇਸ ਤਰ੍ਹਾਂ ਇੱਥੇ ਭ੍ਰਿਸ਼ਟਾਚਾਰ ਤੇ ਬੁਰਜੂਆ ਅਧਿਕਾਰਾਂ ਦੀ ਗੱਲ ਚੱਲਣ ਲੱਗੀ। ਅਜਿਹੀ ਹਾਲਤ ਵਿਚ ਨੰਗੇ ਪੈਰਾਂ ਵਾਲੇ ਡਾਕਟਰ ਉੱਭਰਕੇ ਸਾਹਮਣੇ ਆਏ-ਅਸਲ ਵਿਚ ਸਾਡੀ ਯੋਗਤਾ ਦੇ ਵਿਕਸਿਤ ਹੋਣ ਨੇ ਉਨ੍ਹਾਂ ਲਈ ਚੁਣੌਤੀ ਪੇਸ਼ ਕੀਤੀ। ਉਨ੍ਹਾਂ ਕੋਲ ਰਸਮੀ ਸਿੱਖਿਆ ਸੀ, ਉਹ ਮੈਡੀਕਲ ਗਰੈਜੂਏਟ ਸਨ, ਪ੍ਰੰਤੂ ਸਥਾਨਕ ਕਿਸਾਨਾਂ ਦਾ ਉਨ੍ਹਾਂ ਉੱਤੋਂ ਭਰੋਸਾਖ਼ਤਮ ਹੁੰਦਾ ਜਾ ਰਿਹਾ ਸੀ, ਪਰ ਕਿਸਾਨਾਂ ਨੇ ਨੰਗੇ ਪੈਰਾਂ ਵਾਲੇ ਡਾਕਟਰਾਂ ਉੱਪਰ ਅਥਾਹ ਭਰੋਸਾ ਦਿਖਾਇਆ, ਬੇਅਰਫੁੱਟ ਡਾਕਟਰਾਂ ਬਾਰੇ ਚੰਗੀ ਗੱਲ ਸੀ ਕਿ ਉਹ ਇੱਕੋ ਸਮੇਂ ਡਾਕਟਰ ਸਨ ਅਤੇ ਦੂਜੇ ਵੇਲੇ ਉਹ ਸਰੀਰਕ ਕੰਮ ਵੀ ਕਰਦੇ ਸਨ, ਖੇਤਾਂ 'ਚ ਕੰਮ ਵੀ ਕਰਦੇ ਸਨ। ਸੋ ਅਸਲ ਵਿਚ ਉਹ ਇੱਕੋ ਜਮਾਤ ਦੇ ਸਨ, ਇੱਕੋ ਖੇਤਰ 'ਚੋਂ ਸਨ, ਉਹ ਹਰ ਰੋਜ ਸੰਪਰਕ 'ਚ ਰਹਿੰਦੇ ਸਨ, ਉਹ ਲੋਕਾਂ ਨੂੰ ਜਾਣਦੇ ਸਨ। ਬੇਅਰਫੁੱਟ ਡਾਕਟਰ ਹਰ ਪਰਿਵਾਰ ਦੀ ਪੂਰੀ ਜਾਣਕਾਰੀ ਰੱਖਦੇ ਸਨ, ਹਰ ਪਰਿਵਾਰ ਦੀਆਂ ਸਮੱਸਿਆਵਾਂ ਤੋਂ ਜਾਣੂ ਸਨ। ਉਨ੍ਹਾਂ ਕੋਲ ਹਰੇਕ ਦੀ ਮੈਡੀਕਲ ਹਿਸਟਰੀ ਹੁੰਦੀ ਸੀ ਅਤੇ ਉਹ ਜਲਦੀ ਪਹੁੰਚ ਜਾਂਦੇ ਕਿਉਂਕਿ ਉਹ ਉਸੇ ਪਿੰਡ ਵਿਚ ਰਹਿੰਦੇ ਸਨ। ਉਹ ਹੋਰ ਪਿੰਡਾਂ ਵਿਚ ਵੀ ਜਾਂਦੇ ਸਨ ਪ੍ਰੰਤੂ ਹਰ ਪਿੰਡ ਕੋਲ ਆਪਣੇ ਬੇਅਰਫੁੱਟ ਡਾਕਟਰ ਹੁੰਦੇ ਸਨ। ਨੰਗੇ ਪੈਰਾਂ ਵਾਲੇ ਡਾਕਟਰਾਂ ਵਿਚੋਂ ਬਹੁਤੇ ਖ਼ੁਦ ਕਿਸਾਨ ਸਨ ਅਤੇ ਉਹ ਹਾਈ ਸਕੂਲ ਜਾਂ ਐਲੀਮੈਂਟਰੀ ਜਾਂ ਪ੍ਰਾਈਮਰੀ ਵਿੱਦਿਆ ਪ੍ਰਾਪਤ ਸਨ। ਸ਼ੁਰੂ ਕਰਨ ਲਈ (ਡਾਕਟਰੀ ਟ੍ਰੇਨਿੰਗ) ਉਹ ਛੇ ਤੋਂ ਬਾਰ੍ਹਾਂ ਮਹੀਨਿਆਂ 'ਚ ਸਿੱਖਿਅਤ ਹੋ ਜਾਂਦੇ-ਉਨ੍ਹਾਂ ਨੂੰ ਕੁਝ ਅੰਕੂਪੈਂਕਚਰ ਵਿਧੀ ਦੇ ਯੋਗ ਕੀਤਾ ਜਾਂਦਾ, ਕੁਝ ਜੜ੍ਹੀ ਬੂਟੀਆਂ ਨੂੰ ਨਿਯੰਤਰਿਤ ਕਰਨ ਯੋਗ ਹੋ ਜਾਂਦੇ ਤੇ ਟੀਕੇ ਲਾਉਣੇ ਸਿੱਖ ਜਾਂਦੇ। ਹੌਲੀ-ਹੌਲੀ ਉਨ੍ਹਾਂ ਦੀ ਮੁਹਾਰਤ ਵਧਦੀ ਜਾਂਦੀ ਤੇ ਉਹ ਹੋਰ ਵੱਧ ਕਰਨ ਦੇ ਯੋਗ ਹੋ ਜਾਂਦੇ।

ਨੰਗੇ ਪੈਰਾਂ ਵਾਲੇ ਡਾਕਟਰ ਇੱਕ ਮਿਸਾਲ ਸਨ ਕਿ ਕਿਵੇਂ ਇੱਕੋ ਸਰੀਰ ਮਾਨਸਿਕ ਤੇ ਸਰੀਰਕ ਕਿਰਤ ਕਰ ਸਕਦਾ ਹੈ। ਸਰੀਰਕ ਮਿਹਨਤ ਦੁਆਰਾ ਤੁਸੀਂ ਕਿਸਾਨਾਂ ਨਾਲ ਨੇੜਲਾ ਰਿਸ਼ਤਾ ਬਣਾਉਂਦੇ ਹੋ। ਤੁਸੀਂ ਇੱਕੋ ਜਮਾਤ ਨਾਲ ਸਬੰਧਤ ਹੋ ਜਿਹੜਾ ਕਿ ਬਹੁਤ ਮਹੱਤਵਪੂਰਨ ਹੈ। ਤੁਸੀਂ ਉਨ੍ਹਾਂ ਨਾਲੋਂ ਕੋਈ ਅਨੋਖੀ ਚੀਜ਼ ਨਹੀਂ ਹੋ, ਜਿਹੜੀ ਉੱਚੇ ਅਹੁਦੇ ਕਾਰਨ ਦੂਸਰੇ ਡਾਕਟਰਾਂ ਵਿਚ ਸੀ। ਇਹ ਬਹੁਤ ਹੀ ਵਧੀਆ ਵਿਚਾਰ ਹੈ ਅਤੇ ਮੇਰੇ ਅਨੁਸਾਰ ਇਹ ਮਹੱਤਵਪੂਰਨ ਅੰਸ਼ ਹੈ ਕਿ ਪੱਛੜੇ ਖੇਤਰਾਂ 'ਚ ਹਾਲੇ ਵੀ ਸਹੂਲਤਾਂ ਮੁਹੱਈਆ ਕਰਵਾਈਆਂ ਜਾਣ। ਪ੍ਰੰਤੂ ਚੀਨ ਦਾ ਹੁਣ ਦਾ ਅਮਲ (ਉਲਟ ਇਨਕਲਾਬ ਵੇਲੇ) ਇਸ ਤਰ੍ਹਾਂ ਦਾ ਹੈ ਕਿ ਕੁਝ ਨੰਗੇ ਪੈਰਾਂ ਵਾਲੇ ਡਾਕਟਰ ਜੁੱਤੀਆਂ ਪਹਿਨ ਕੇ ਰੱਖਦੇ ਹਨ। (ਹਸਦੇ ਹੋਏ)

**? ਮੈਂ ਸੋਚਦਾ ਹਾਂ ਕਿ ਚੀਨ ਦੀ ਮੌਜੂਦਾ ਸਰਕਾਰ ਨੇ ਨੰਗੇ ਪੈਰਾਂ ਵਾਲੇ ਲਾਲ ਡਾਕਟਰਾਂ ਨੂੰ ਭੁਲਾ ਦਿੱਤਾ ਹੈ?**

- ਨਹੀਂ, ਅਸਲ ਵਿਚ ਉਹ ਉਨ੍ਹਾਂ ਨੂੰ ਭੁਲਾ ਹੀ ਨਹੀਂ ਸਕਦੇ। ਪਰ ਹੁਣ ਨੰਗੇ ਪੈਰਾਂ ਵਾਲੇ ਡਾਕਟਰਾਂ 'ਚ ਰੁਝਾਣ ਇਹ ਹੈ ਕਿ ਉਨ੍ਹਾਂ ਨੂੰ ਬਹੁਤਾ ਉਤਸ਼ਾਹਤ ਨਹੀਂ ਕੀਤਾ ਜਾਂਦਾ। ਉਨ੍ਹਾਂ ਨੂੰ ਪੈਰਾਂ 'ਚ ਜੁੱਤੀਆਂ ਪਾਉਣ ਲਈ ਉਤਸ਼ਾਹਤ ਕੀਤਾ ਜਾਂਦਾ ਹੈ, ਦੂਜੇ ਸ਼ਬਦਾਂ ਵਿਚ ਉਨ੍ਹਾਂ ਨੂੰ ਕਿੱਤਾਮੁਖੀ ਬਣਨ, ਪ੍ਰਾਈਵੇਟ ਕਲੀਨਿਕ ਵੱਲ ਦੌੜਨ ਤੇ ਅਮੀਰ ਬਣਨ ਲਈ ਉਤਸ਼ਾਹਤ ਕੀਤਾ ਜਾਂਦਾ ਹੈ। ਸੋ ਇਹ ਬਿਲਕੁਲ ਵੱਖਰੀ ਤਰ੍ਹਾਂ ਹੈ, ਨੰਗੇ ਪੈਰਾਂ ਵਾਲੇ ਡਾਕਟਰ ਬਣਾਉਣਾ ਬਹੁਤ ਹੀ ਉਤਸ਼ਾਹਜਨਕ ਸੀ। ਇਹ ਬਹੁਤ ਹੀ ਵਧੀਆ ਸੀ।

**? ਜਦੋਂ ਤੁਸੀਂ ਬੇਅਰਫੁੱਟ ਡਾਕਟਰ ਸੀ ਤਦ ਪਿੰਡਾਂ ਅੰਦਰ ਚੱਲ ਰਹੀ ਜਮਾਤੀ ਜੱਦੋਜਹਿਦ ਵਿਚ ਤੁਹਾਡੀ ਕੀ ਭੂਮਿਕਾ ਸੀ, ਮਿਸਾਲ ਵਜੋਂ ਜਗੀਰਦਾਰੀ ਦੀ ਰਹਿੰਦ-ਖੂੰਹਦ ਤੇ ਵਹਿਮਾਂ-ਭਰਮਾਂ ਖਿਲਾਫ਼? ਤੁਸੀਂ ਮੈਡੀਕਲ ਤੇ ਸਿਆਸੀ ਭੂਮਿਕਾ ਵਿਚ ਸੁਮੇਲ ਕਿਵੇਂ ਬੈਠਾਉਂਦੇ ਸੀ?**

- ਇਹ ਪੱਕਾ ਹੈ ਕਿ ਪਿੰਡ ਵਿਚ ਰਹਿਣ ਵਾਲੇ ਹਰੇਕ ਵਿਅਕਤੀ ਨੂੰ ਜਮਾਤੀ ਜੱਦੋਜਹਿਦ ਤੇ ਸਿਆਸੀ ਲਹਿਰ ਵਿਚ ਹਿੱਸਾ ਲੈਣਾ ਪੈਂਦਾ ਸੀ। ਪਰੰਤੂ ਰੋਜ਼ਮਰ੍ਹਾਂ ਦੀ ਜ਼ਿੰਦਗੀ ਵਿਚ ਹਰ ਇੱਕ ਦੀ ਆਪਣੀ ਭੂਮਿਕਾ ਹੁੰਦੀ ਹੈ। ਉਦਾਹਰਣ ਵਜੋਂ ਸਾਡੀ ਟੀਮ ਦੇ ਲੋਕ ਪਸ਼ੂਆਂ ਦੀ ਦੇਖਭਾਲ ਕਰਦੇ ਸਨ, ਕੁਝ ਲੋਕ ਖੇਤੀ ਕਰਦੇ ਸਨ ਅਤੇ ਕੁਝ ਅਧਿਆਪਕ ਸਨ। ਹਰ ਇੱਕ ਦੀ ਆਪੋ-ਆਪਣੀ ਜ਼ਿੰਦਗੀ 'ਚ ਸਿਆਸੀ ਸੁਧਾਰਾਂ ਲਈ ਭੂਮਿਕਾ ਸੀ।

ਦੂਜੇ ਸ਼ਬਦਾਂ 'ਚ, ਜਿਵੇਂ ਕਿ ਮੈਂ ਕਿਹਾ, ਨੰਗੇ ਪੈਰਾਂ ਵਾਲੇ ਡਾਕਟਰ ਦੇ ਤੌਰ 'ਤੇ ਸਾਡੀ ਭੂਮਿਕਾ ਵਹਿਮਾਂ-ਭਰਮਾਂ ਵਿਰੁੱਧ ਲੜਨਾ, ਜਾਦੂ-ਟੂਣਿਆਂ ਤੇ ਹੋਰ ਪੁਰਾਣੇ ਰਿਵਾਜਾਂ ਖਿਲਾਫ਼ ਲੜਨਾ ਸੀ। ਅਸੀਂ ਇਨ੍ਹਾਂ ਸਾਰੇ ਪੱਖਾਂ ਨੂੰ ਸਿਆਸੀ ਸਮਝਦੇ ਸੀ। ਕੇਵਲ ਸਿਧਾਂਤ ਹੀ ਸਿਆਸੀ ਨਹੀਂ ਹੁੰਦਾ ਤੇ ਨਾ ਹੀ ਕੇਵਲ ਸੰਘਰਸ਼ ਤੇ ਨਾ ਸਿਰਫ਼ ਇੱਕ ਦੂਜੇ ਨਾਲ ਆਹਮੋ-ਸਾਹਮਣੇ ਟਕਰਾਅ। ਸਿਆਸੀ ਜੱਦੋ-ਜਹਿਦ ਨੂੰ ਸੰਖੇਪ 'ਚ ਇੱਕ ਠੋਸ ਕਾਰਜ ਦੇ ਤੌਰ 'ਤੇ ਦਰਸਾਇਆ ਜਾ ਸਕਦਾ ਹੈ। ਠੋਸ ਕਾਰਜ ਦੀ ਹਰ ਛੋਟੀ ਕੜੀ ਵੀ ਮਹੱਤਵਪੂਰਨ ਹੁੰਦੀ ਹੈ। ਉਦਾਹਰਨ ਵਜੋਂ, ਸਾਡੀ ਹੋਂਦ ਨੇ ਉਨ੍ਹਾਂ ਡਾਕਟਰਾਂ ਨੂੰ ਚੁਣੌਤੀ ਦਿੱਤੀ, ਜਿਸਨੇ ਉਨ੍ਹਾਂ ਨੂੰ ਆਪਣਾ ਬਚਾਅ ਕਰਨ ਲਈ ਅਤੇ ਆਪਣਾ ਮਾਣ ਬਚਾਈ ਰੱਖਣ ਲਈ ਖ਼ੁਦ ਆਪਣਾ ਸੁਧਾਰ ਕਰਨ ਵੱਲ ਨੂੰ ਧੱਕਿਆ ਤਾਂ ਕਿ ਸਮਾਜ ਉਨ੍ਹਾਂ ਨੂੰ ਮਾਨਤਾ ਦੇਵੇ। ਉਨ੍ਹਾਂ ਨੂੰ ਆਪਣੇ ਵਿਵਹਾਰ ਨੂੰ ਵਧੀਆ ਬਣਾਉਣ ਲਈ ਸੱਚੀਮੁੱਚੀ ਉਨ੍ਹਾਂ ਨੂੰ ਮੁੜ ਸਿੱਖਿਅਤ ਕਰਨ ਲਈ ਸਕੀਮ ਬਣਾਈ ਗਈ। ਉਨ੍ਹਾਂ ਨੂੰ ਸਰੀਰਕ ਕੰਮ 'ਚ ਪਾਉਣ ਲਈ ਸਕੀਮ ਬਣਾਈ ਗਈ।

**? ਕੀ ਉਨ੍ਹਾਂ ਨੇ ਇਸਦਾ ਵਿਰੋਧ ਕੀਤਾ?**

- ਹਕੀਕਤ ਇਹ ਹੈ ਕਿ ਉਨ੍ਹਾਂ ਨੇ ਇਸਦਾ ਵਿਰੋਧ ਕੀਤਾ, ਪਰ ਉਨ੍ਹਾਂ ਨੂੰ ਇਹ ਕੰਮ (ਸਰੀਰਕ) ਕਰਨਾ ਪਿਆ। ਉਦਾਹਰਣ ਵਜੋਂ, ਸਾਡੇ ਆਪਣੇ ਕਮਿਊਨ ਵਿਚ ਡਾਕਟਰਾਂ ਨੂੰ ਮੁੜ ਸਿੱਖਿਅਤ ਕਰਨ ਲਈ ਉਨ੍ਹਾਂ ਨੂੰ ਆਪਣਾ ਅੱਧਾ ਸਮਾਂ ਪਿੰਡਾਂ ਵਿਚ ਸਰੀਰਕ ਕੰਮ ਕਰਨ ਵਿਚ ਗੁਜਾਰਨਾ ਪੈਂਦਾ ਸੀ ਤੇ ਅੱਧਾ ਸਮਾਂ ਨੰਗੇ ਪੈਰਾਂ ਵਾਲੇ ਡਾਕਟਰ ਵਜੋਂ ਕੰਮ ਕਰਨਾ ਪੈਂਦਾ ਸੀ। ਉਹ ਸ਼ੁੱਧ ਡਾਕਟਰ ਹੀ ਨਹੀਂ ਸਨ ਰਹਿ ਗਏ। ਇਸ ਤਰ੍ਹਾਂ ਮਿਹਨਤ ਕਰਨ ਨਾਲ ਉਨ੍ਹਾਂ ਨੂੰ ਆਪਣੇ ਬੂਟ ਉਤਾਰਨੇ ਪੈਂਦੇ ਸਨ ਤੇ ਖੇਤਾਂ ਵਿਚ ਜਾਣਾ ਪੈਂਦਾ ਸੀ ਤੇ ਨਾਲ ਹੀ ਲੋੜ ਪੈਣ 'ਤੇ ਮਰੀਜਾਂ ਨੂੰ ਦੇਖਣ ਜਾਣਾ ਪੈਂਦਾ ਸੀ। ਇਸ ਤਰ੍ਹਾਂ ਕਰਨ ਦਾ ਇਹ ਇੱਕ ਬਹੁਤ ਚੰਗਾ ਵਿਚਾਰ ਸੀ। ...ਉਨ੍ਹਾਂ ਨੂੰ ਸਰੀਰਕ ਕੰਮ ਦਾ ਸਖ਼ਤ ਅਨੁਭਵ ਹੁੰਦਾ ਸੀ ਤੇ ਇਸ ਤਰ੍ਹਾਂ ਉਹ ਚੰਗੀ ਤਰ੍ਹਾਂ ਸਮਝ ਸਕਦੇ ਸਨ ਕਿ ਇੱਕ ਬਿਮਾਰ ਕਿਸਾਨ ਤੇ ਹੋਰਾਂ ਦੀ ਕੀ ਹਾਲਤ ਹੁੰਦੀ ਹੈ। ਸੋ ਇਸ ਦੀ ਸਮੁੱਚੇ ਤੌਰ 'ਤੇ ਸਿਆਸੀ ਮਹੱਤਤਾ ਸੀ। ਇਹ ਸਿਰਫ਼ ਸ਼ੁੱਧ ਮੈਡੀਕਲ ਅਮਲ ਹੀ ਨਹੀਂ ਸੀ।

ਇਸ ਕਰਕੇ ਕੁਝ ਵੀ ਸ਼ੁੱਧ ਕੁਦਰਤੀ ਨਹੀਂ ਹੁੰਦਾ, ਜਿਸਦੇ ਸਿਆਸੀ ਨਤੀਜੇ ਨਾ ਹੋਣ। ਸੋ ਸਾਡੀ ਟੀਮ ਦੇ ਹਰ ਵਿਅਕਤੀ ਨੇ ਪਿੰਡ ਅਤੇ ਕਮਿਊਨ ਵਿਚਲੀ ਹਰ ਜੱਦੋਜਹਿਦ 'ਚ ਹਿੱਸਾ ਲਿਆ। ਉਦਾਹਰਨ ਦੇ ਤੌਰ 'ਤੇ ਜੇਕਰ ਕੋਈ ਅਲੋਚਨਾਤਮਕ ਮੀਟਿੰਗ ਹੁੰਦੀ ਸੀ ਤਾਂ ਸਾਨੂੰ ਸਭ ਨੂੰ ਇਸ ਵਿਚ ਹਿੱਸਾ ਲੈਣਾ ਪੈਂਦਾ ਸੀ। ਜੇ ਕਿਤੇ ਸੱਚੀਮੁੱਚੀ ਹੀ ਸਿਆਸੀ ਗੱਲ ਹੁੰਦੀ ਸੀ ਤਦ ਸਾਡਾ ਇਸ ਵਿਚ ਸ਼ਾਮਲ ਹੋਣਾ ਜ਼ਰੂਰੀ ਹੁੰਦਾ ਸੀ। ਆਪਣੇ ਠੋਸ ਕਾਰਜ, ਠੋਸ ਕੰਮ ਰਾਹੀਂ ਯਥਾਰਥ 'ਚ ਅਸੀਂ ਸਮਾਜ ਨੂੰ ਬਦਲਣ ਦੇ ਹਕੀਕੀ ਅਮਲ 'ਚ ਯੋਗਦਾਨ ਪਾ ਰਹੇ ਸੀ।

**98764-42052**

**(ਇਹ ਮੁਲਾਕਾਤ ਦਸੰਬਰ 1993 ਦੇ ਰੈਵੂਲਿਊਸ਼ਨਰੀ ਵਰਕਰ ਦੇ 386ਵੇਂ ਅੰਕ 'ਚੋਂ ਧੰਨਵਾਦ ਸਹਿਤ ਅਨੁਵਾਦ ਕੀਤੀ ਹੈ।)**

# ਹਨੇਰਾ ਨਿਗਲ ਰਿਹੈ ਰੌਸ਼ਨ-ਦਿਮਾਗ ਧੀਆਂ ਨੂੰ

**ਅਮੋਲਕ ਸਿੰਘ**



ਪੀ. ਐਮ. ਟੀ. ਦੇ ਇਮਤਿਹਾਨ ਸਮੇਂ ਪੰਜਾਬ ਵਿੱਚੋਂ ਪੰਜਵਾਂ ਸਥਾਨ ਹਾਸਲ ਕਰਨ ਵਾਲੀ, ਪੰਜ ਮਹੀਨੇ ਤੱਕ ਮੈਡੀਕਲ ਖੇਤਰ 'ਚ ਐਮ.ਡੀ. ਦੀ ਡਿਗਰੀ ਹਾਸਲ ਕਰਨ ਵਾਲੀ 27 ਵਰ੍ਹਿਆਂ ਦੀ ਸੁਪ੍ਰੀਆ, ਦਇਆ ਨੰਦ ਮੈਡੀਕਲ ਹਸਪਤਾਲ ਅਤੇ ਕਾਲਜ ਵਿੱਚ ਆਪਣੀ ਵਿਦਵਤਾ ਪੱਖੋਂ ਕਿਸੇ ਜਾਣਕਾਰੀ ਦੀ ਮੁਥਾਜ ਨਹੀਂ। ਅਜੇਹੀ ਲੜਕੀ ਕਾਲਜ ਦੇ ਹੀ ਹੋਸਟਲ ਦੇ ਕਮਰੇ ਵਿੱਚ ਪੱਖੇ ਨਾਲ ਲਟਕ ਕੇ ਖ਼ੁਦਕੁਸ਼ੀ ਕਰ ਗਈ। ਉਹ ਆਪ ਇਸ ਸੰਸਾਰ ਨੂੰ ਅਲਵਿਦਾ ਆਖ ਗਈ; ਪਿੱਛੇ ਛੱਡ ਗਈ ਹੱਥ ਲਿਖਤ। ਪੰਜਾਬੀ ਅਤੇ ਅੰਗਰੇਜ਼ੀ ਦੋਵੇਂ ਭਾਸ਼ਾਵਾਂ ਵਿੱਚ ਲਿਖੀ ਉਸ ਦੀ ਲਿਖਤ ਬੋਲਦੀ ਹੈ:

"ਮੰਮੀ, ਪਾਪਾ, ਆਈ ਐਮ ਟਾਇਰਡ ਨਓ। ਮੈਂ ਕੱਲੇ ਲੜ ਲੜ ਕੇ ਥੱਕ ਗਈ ਹਾਂ। ਹੁਣ ਮੈਥੋਂ ਹੋਰ ਨਹੀਂ ਸਹਿ ਹੁੰਦਾ। ਮੇਰੀ ਬੱਸ ਹੋ ਗਈ ਹੈ। ਪਾਪਾ ਤੁਸੀਂ ਟੈਨਸ਼ਨ ਨਹੀਂ ਲੈਣੀ। ਤੁਹਾਡੇ ਕੋਲ ਨਨੂੰ ਹੈ। ਉਹਦੇ ਬਾਰੇ ਸੋਚਿਓ। ਮੇਰੇ ਬਾਰੇ ਸੋਚਕੇ ਆਪਣੀ ਸਿਹਤ ਖਰਾਬ ਨਾ ਕਰਨਾ। ਮੈਂ ਨਹੀਂ ਚਾਹੁੰਦੀ ਮੇਰੀ ਵਜ੍ਹਾ ਨਾਲ ਨਨੂੰ ਦੀ ਲਾਈਫ਼ ਖਰਾਬ ਹੋਵੇ।"

ਇਹ ਕੁੱਝ ਸਾਡੇ ਸਮਿਆਂ ਵਿੱਚ ਹੀ ਹੋਣਾ ਸੀ ਕਿ ਮੈਡੀਕਲ ਸਿੱਖਿਆ ਦੇ ਖੇਤਰ 'ਚ ਉਭਰਦੀ ਇੱਕ ਧੀ ਨੇ ਮੌਤ ਨੂੰ ਗਲੇ ਲਗਾਉਂਦੇ ਹੋਏ, ਜ਼ਿੰਦਗੀ ਦਾ ਅੰਤ ਕਰਦੇ ਹੋਏ ਅਜੇਹਾ ਨੋਟ ਲਿਖਣਾ ਸੀ। ਜ਼ਿੰਦਗੀ ਅਤੇ ਮੌਤ ਬਾਰੇ ਪ੍ਰੀਭਾਸ਼ਾ ਹੀ ਬਦਲ ਜਾਣ ਵਾਲੀ ਚਿੰਤਾਜਨਕ ਮਨੋਦਸ਼ਾ ਤੱਕ ਪਹੁੰਚ ਰਹੀ ਜੁਆਨੀ ਨੂੰ ਇਸ ਮੁਕਾਮ 'ਤੇ ਪਹੁੰਚਾਉਣ ਵਾਲੀ ਹਵਾ ਜੇ ਏਦਾਂ ਹੀ ਰਹੀ ਤਾਂ ਹੋਰ ਅਨੇਕਾਂ ਘਰਾਂ ਦੇ ਚਿਰਾਗ਼ ਵੀ ਇਉਂ ਹੀ ਬੁਝਦੇ ਰਹਿਣਗੇ।

ਸੁਪ੍ਰੀਆ ਦੇ ਪਿਤਾ, ਜਲੰਧਰ ਜ਼ਿਲੇ ਦੇ ਸਿਹਤ ਅਫ਼ਸਰ ਹਨ। ਉਹਨਾਂ ਦੇ ਨੈਣਾ ਦਾ ਨੀਰ ਸੁੱਕ ਅਤੇ ਮੁੱਕ ਚੁੱਕਾ ਹੈ। ਮਾਂ ਪ੍ਰੋ. ਰਜਿੰਦਰ ਕੌਰ, ਧਰਤੀ ਨਾਲ ਲੱਗ ਗਈ। ਐਮ. ਬੀ. ਬੀ. ਐਸ. ਕਰਦਾ ਭਰਾ ਨਨੂੰ ਗਹਿਰੀਆਂ ਸੋਚਾਂ 'ਚ ਡੁੱਬ ਗਿਆ ਹੈ। ਉਸਦਾ ਕਹਿਣਾ ਹੈ ਕਿ, "ਸਾਨੂੰ ਸਰੀਰਕ ਬਿਮਾਰੀਆਂ ਦੇ ਕਾਰਨਾਂ ਅਤੇ ਇਲਾਜ ਬਾਰੇ ਤਾਂ ਗਿਆਨ ਹਾਸਲ ਕਰਨ ਦਾ ਮੌਕਾ ਮਿਲ ਰਿਹੈ ਪਰ ਸਮਾਜ ਨੂੰ ਚਿੰਬੜੀਆਂ ਇਹਨਾਂ ਮਰਜ਼ਾਂ ਦਾ ਇਲਾਜ ਕਿਵੇਂ ਹੋਏਗਾ ਇਸਦੀ ਡੂੰਘੀ ਖੋਜ਼ ਕੌਣ ਕਰੇਗਾ?

ਸੁਪ੍ਰੀਆ ਦੇ ਮਾਪਿਆਂ ਦੀ ਦਰਦ-ਪਰੁੰਨੀ ਕਹਾਣੀ ਸੁਣਕੇ ਕਾਲਜੇ ਦਾ ਰੁੱਗ ਭਰਿਆ ਜਾਂਦਾ ਹੈ। ਉਹਨਾਂ ਨੂੰ ਸੁਪ੍ਰੀਆ ਲਗਾਤਾਰ ਦੱਸਦੀ ਰਹੀ ਕਿ ਡਾ. ਦੀਪਕ ਭੱਟ ਅਤੇ ਡਾ. ਪੁਨੀਤ ਲਗਾਤਾਰ ਤੰਗ-ਪ੍ਰੇਸ਼ਾਨ ਕਰਦੇ ਹਨ। ਉਸਦੇ ਪਿਤਾ ਡਾ. ਬਲਵਿੰਦਰ ਸਿੰਘ ਉਹਨਾਂ ਕੋਲ ਜਾ ਕੇ ਰੋਸ ਵੀ ਪ੍ਰਗਟ ਕਰਕੇ ਆਏ।

ਹਸਪਤਾਲ 'ਚ ਇਹ ਵੀ ਚਰਚਾ ਹੈ ਕਿ ਘਟਨਾ ਵਾਲੇ ਦਿਨ ਵਾਰਡ ਵਿੱਚ ਉਸਨੂੰ ਜ਼ਲੀਲ ਕੀਤਾ ਗਿਆ। ਉਹ ਰੋਂਦੀ ਗਈ। ਜਿਉਂ ਹੀ ਮਾਪਿਆਂ ਨੂੰ ਪਤਾ ਲੱਗਾ ਕਿ ਉਹ ਮਿਲ ਨਹੀਂ ਰਹੀ, ਤਾਂ ਉਹ ਉਸੇ ਵਕਤ ਜਲੰਧਰ ਤੋਂ ਲੁਧਿਆਣੇ ਲਈ ਰਵਾਨਾ ਹੋ ਗਏ। ਉਹਨਾਂ ਦੇ ਜਾਣ ਤੋਂ ਪਹਿਲਾਂ ਹੀ ਸੁਪ੍ਰੀਆ ਦੇ ਕਮਰੇ ਦਾ ਦਰਵਾਜਾ ਤੋੜ ਦਿੱਤਾ ਗਿਆ। ਉਸ ਵੱਲੋਂ ਲਿਖਿਆ ਜਿਹੜਾ ਖ਼ੁਦਕੁਸ਼ੀ ਨੋਟ ਦਿਖਾਇਆ ਗਿਆ ਉਸਦੀ ਫੋਟੋਸਟੇਟ ਕਾਪੀ ਹੀ ਮਾਪਿਆਂ ਨੂੰ ਦਿੱਤੀ ਗਈ। ਉਹ ਸਫ਼ਾ ਗਹੁ ਨਾਲ ਪੜਤਾਲਿਆਂ ਪਤਾ ਲੱਗਦਾ ਹੈ ਕਿ ਉਹ ਡਾਇਰੀ ਦਾ ਸਫ਼ਾ ਹੈ। ਉਹ ਡਾਇਰੀ ਕਿੱਥੇ ਹੈ? ਫੋਟੋਸਟੇਟ ਦਾ ਸਫ਼ਾ ਹੀ ਕਿਉਂ ਦਿੱਤਾ ਗਿਆ। ਉਸ ਡਾਇਰੀ ਨੂੰ ਗੁੰਮ ਕਿਉਂ ਕੀਤਾ ਗਿਆ? ਕੀ ਪਤੈ ਉਸਨੇ ਕਿਸੇ ਹੋਰ ਸਫ਼ੇ 'ਤੇ ਕੁੱਝ ਹੋਰ ਵੀ ਲਿਖਿਆ ਹੋਵੇ। ਇੱਕ ਤਿੱਖਾ ਸੁਆਲ ਇਹ ਉਠਦਾ ਹੈ ਕਿ ਜਦੋਂ ਸੁਪ੍ਰੀਆ ਦੇ ਮਾਪੇ ਲਿਖਤੀ ਤੌਰ 'ਤੇ ਪੁਲਸ ਕੋਲ ਐਫ. ਆਈ. ਆਰ. ਦਰਜ ਕਰਾਉਣ ਸਮੇਂ ਲਿਖਕੇ ਦੇ ਕੇ ਆਏ ਹਨ ਕਿ ਡਾ. ਦੀਪਕ ਭੱਟ ਅਤੇ ਡਾ. ਪੁਨੀਤ ਉਸਦੀ ਮੌਤ ਦੇ ਜ਼ਿੰਮੇਵਾਰ ਹਨ ਫ਼ਿਰ ਉਹਨਾਂ 'ਤੇ ਯੋਗ ਧਾਰਾਵਾਂ ਲਗਾਕੇ ਗ੍ਰਿਫ਼ਤਾਰੀ ਕਿਉਂ ਨਹੀਂ? ਪੁਲਸ ਕਮਿਸ਼ਨਰ ਦਾ ਪ੍ਰੈਸ ਅੱਗੇ ਇਹ ਕਹਿਣਾ ਕਿ ਪੜਤਾਲ 'ਚ ਜੇ ਉਹ ਦੋਸ਼ੀ ਪਾਏ ਗਏ ਤਾਂ ਕਾਰਵਾਈ ਕੀਤੀ ਜਾਏਗੀ। ਜਦੋਂ ਸੁਪ੍ਰੀਆ, ਮਾਪਿਆਂ ਨੂੰ ਉਹਨਾਂ ਵੱਲੋਂ ਤੰਗ ਪ੍ਰੇਸ਼ਾਨ ਕਰਨ ਬਾਰੇ ਅਗਾਊਂ ਸੂਚਿਤ ਕਰਦੀ ਰਹੀ ਅਤੇ ਮਾਪੇ ਲਿਖਤੀ ਤੌਰ 'ਤੇ ਦੋਸ਼ੀਆਂ 'ਤੇ ਉਂਗਲ ਧਰ ਰਹੇ ਹਨ। ਕੀ ਮਾਪਿਆਂ ਦੇ ਹਲਫ਼ੀਆ ਬਿਆਨ ਦੀ ਕਾਨੂੰਨ ਦੀਆਂ ਨਜ਼ਰਾਂ 'ਚ ਕੋਈ ਕੀਮਤ ਨਹੀਂ?

ਪੜਤਾਲੀਆਂ ਕਮੇਟੀਆਂ ਚੋਰ ਮੋਰੀਆਂ ਰਾਹੀਂ ਦੋਸ਼ੀਆਂ ਨੂੰ ਬਰੀ ਕਰਨ ਦਾ ਹੀ ਸਾਧਨ ਬਣਦੀਆਂ ਹਨ। ਪੰਜਾਬ ਅੰਦਰ ਲੋਕ-ਹੱਕਾਂ ਲਈ ਜੂਝਣ ਵਾਲਿਆਂ ਉਪਰ ਪਿਛਲੇ 4-5 ਸਾਲ ਪੁਰਾਣੇ ਕੇਸ ਵੀ ਮੜ੍ਹੇ ਜਾ ਰਹੇ ਹਨ। ਉਹਨਾਂ ਨੂੰ ਝੂਠੇ ਕੇਸਾਂ 'ਚ ਫਸਾਇਆ ਜਾ ਰਿਹਾ ਹੈ। ਪਰ ਜਦੋਂ ਸੁਪ੍ਰੀਆ ਵਰਗੀਆਂ ਕੁੜੀਆਂ ਦਾ ਮਾਮਲਾ ਹੋਵੇ ਉਸ ਵੇਲੇ ਕਾਨੂੰਨ ਹੋਰ ਦਾ ਹੋਰ ਹੋ ਜਾਂਦਾ ਹੈ।

ਸੁਪ੍ਰੀਆ ਇੱਕਲੀ ਨਹੀਂ। ਪੰਜਾਬ ਅੰਦਰ ਏਸੇ ਮਹੀਨੇ ਹੀ ਰਾਜਵਿੰਦਰ ਕੌਰ ਸੁਨਾਮ ਅਤੇ ਕਰਮਜੀਤ ਕੌਰ ਪਿੰਡ ਟਾਹਲੀਆਂ (ਮਾਨਸਾ) ਨੇ ਖ਼ੁਦਕੁਸ਼ੀ ਕੀਤੀ ਹੈ। ਤਿੰਨੇ ਕੁੜੀਆਂ ਮਜ਼ਦੂਰ ਪਰਿਵਾਰਾਂ 'ਚੋਂ ਹਨ। ਸੁਪ੍ਰੀਆ ਪੜ੍ਹਾਈ 'ਚ ਅਵੱਲ ਦਰਜੇ ਹਾਸਲ ਕਰਦੀ ਆ ਰਹੀ ਸੀ। ਰਾਜਵਿੰਦਰ ਹਾਕੀ ਦੀ ਮੰਨੀ-ਪ੍ਰਮੰਨੀ ਖਿਡਾਰਨ ਸੀ। ਉਹ ਚਾਰ ਵਾਰ ਸਟੇਟ ਇਕ ਵਾਰ ਨੈਸ਼ਨਲ ਖੇਡਕੇ ਆਈ। ਘਰ ਆਰਥਕ ਤੰਗੀਆਂ ਨੇ ਭੰਨਿਆ ਹੈ। ਸਰਕਾਰ ਨੇ ਸਪੋਰਟਸ ਵਿੰਗ ਰਾਹੀਂ ਮਿਲਦੀ ਸਹਾਇਤਾ ਉਪਰ ਕਾਂਟਾ ਮਾਰ ਦਿੱਤਾ। ਨਿਰਾਸ਼ਤਾ ਦੇ ਆਲਮ 'ਚ ਘਿਰੀ ਰਾਜਵਿੰਦਰ ਨੇ ਰੇਲ ਗੱਡੀ ਅੱਗੇ ਛਾਲ ਮਾਰ ਦਿੱਤੀ। ਇਉਂ ਹੀ ਕਰਮਜੀਤ ਈ.ਟੀ.ਟੀ. ਕਰਨ ਉਪਰੰਤ ਆਪਣੇ ਮਾਪਿਆਂ ਦੇ ਨਾਲ ਸੰਘਰਸ਼ ਦੇ ਮੈਦਾਨ 'ਚ ਕੁੱਦਦੀ ਰਹੀ। ਬੇਰੁਜ਼ਗਾਰੀ ਦੇ ਤੰਦੂਰ 'ਚ ਸੜਦੀ ਉਹ ਆਫ਼ਤਾਂ ਅੱਗੇ ਹਾਰ ਗਈ।

ਇਹ ਵਰਤਾਰਾ ਸਮਾਜ ਦੇ ਸਭਨਾਂ ਸੰਵੇਦਨਸ਼ੀਲ ਹਿੱਸਿਆਂ ਦਾ ਧਿਆਨ ਖਿੱਚਦਾ ਹੈ। ਇਸ ਕਰਕੇ ਹੀ ਸੁਪ੍ਰੀਆ ਦੇ ਸ਼ਰਧਾਂਜ਼ਲੀ ਸਮਾਗਮ 'ਤੇ 5 ਅਕਤੂਬਰ ਨੂੰ ਭੋਗਪੁਰ (ਜਲੰਧਰ) ਵਿਖੇ ਰੋਹ-ਭਰਿਆ ਮਾਰਚ, ਹੱਥਾਂ 'ਚ ਮੋਮਬੱਤੀਆਂ ਲੈ ਕੇ ਕੀਤਾ ਜਾ ਰਿਹਾ ਹੈ। ਇਹ ਮਾਰਚ ਇਕ ਸੁਨੇਹਾ ਹੈ ਕਿ ਸਮਾਜ ਆਪਣੇ ਫ਼ਰਜ਼ਾਂ ਦੀ ਪਹਿਚਾਣ ਕਰਦੇ ਹੋਏ ਅੱਗੇ ਆਏ ਨਹੀਂ ਤਾਂ ਹਨੇਰਾ, ਰੌਸ਼ਨ ਦਿਮਾਗ ਧੀਆਂ ਨੂੰ ਨਿਗਲਦਾ ਰਹੇਗਾ।

ਸੰਪਰਕ: 94170 76735

# ਕੈਨੇਡਾ ਦੀ ਫੈਡਰਲ, ਕੰਜ਼ਰਵੇਟਿਵ ਸਰਕਾਰ ਵਲੋਂ ਇਮੀਗਰੇਸ਼ਨ ਨੀਤੀ ਨਾਲ ਖਿਲਵਾੜ

**ਅਨੁਵਾਦਕ : ਮਲਕੀਤ**

**ਕੈਨੇਡਾ ਦੀ ਕੰਜ਼ਰਵੇਟਿਵ ਸਰਕਾਰ ਨੇ ਲੋਕਾਂ ਦਾ ਬਾਹਰੋਂ ਇਥੇ ਆਉਣਾ ਹੀ ਔਖਾ ਨਹੀਂ ਕੀਤਾ ਸਗੋਂ ਇਥੇ ਵਸ ਜਾਣਾ ਵੀ ਔਖਾ ਕਰ ਦਿੱਤਾ ਹੈ। ਨਾਗਰਿਕਤਾ ਹਾਸਲ ਕਰਨੀ ਵੀ ਔਖੀ ਹੈ। ਨਾਗਰਿਕਤਾ ਬਿੱਲ ਸੀ-24 ਜੋ ਪਾਰਲੀਮੈਂਟ ਵਿਚ ਵਿਚਾਰ ਅਧੀਨ ਹੈ। ਬਿੱਲ ਅਨੁਸਾਰ ਨਾਗਰਿਕਤਾ ਵਾਸਤੇ ਅਰਜ਼ੀ ਤਿੰਨ ਸਾਲ ਦੀ ਬਜਾਏ ਚਾਰ ਸਾਲਾਂ ਦੀ ਪੱਖੀ ਰਿਹਾਇਸ਼ ਤੋਂ ਬਾਅਦ ਹੀ ਦਿੱਤੀ ਜਾ ਸਕੇਗੀ। ਅਰਜ਼ੀ ਫੀਸ ਵਿਚ ਤਿੰਨ ਗੁਣਾਂ ਵਾਧਾ ਕਰ ਦਿੱਤਾ ਗਿਆ ਹੈ।**



1967 ਤੋਂ ਚਲ ਰਹੀ ਕੈਨੇਡਾ ਦੀ ਇਮੀਗਰੇਸ਼ਨ ਨੀਤੀ, ਦੂਜਿਆਂ ਮੁਲਕਾਂ ਵਾਸਤੇ ਇਕ ਆਦਰਸ਼ ਰਹੀ ਹੈ। ਇਸ ਨੀਤੀ ਨੂੰ ਮੌਜੂਦਾ ਸਰਕਾਰ ਵਲੋਂ ਬਦਲਕੇ ਕਾਰਪੋਰੇਸ਼ਨ ਕੰਪਨੀਆਂ ਵਾਸਤੇ ਸਸਤੀ ਅਤੇ ਅਸਥਾਈ ਕਾਮਾ ਸ਼ਕਤੀ ਮੁਹੱਈਆ ਕਰਵਾਉਣ ਦਾ ਸਾਧਨ ਮਾਤਰ ਬਣਾਇਆ ਜਾ ਰਿਹਾ ਹੈ।

ਜਿਹੜੇ ਕੈਨੇਡੀਅਨ ਅੱਜ ਕੱਲ੍ਹ 'ਆਰਜ਼ੀ ਬਦੇਸ਼ੀ ਕਾਮਿਆਂ' ਦੀ ਨੀਤੀ ਵਿਚ ਹੋਈਆਂ ਘਪਲੇਬਾਜ਼ੀਆਂ ਵਿਰੁੱਧ ਸੰਘਰਸ਼ ਕਰ ਰਹੇ ਹਨ, ਉਹ ਬਿਲਕੁਲ ਠੀਕ ਹਨ। ਪਰ ਕਿਸੇ ਨੂੰ ਕੋਈ ਗਲਤ ਫ਼ਹਿਮੀ ਨਹੀਂ ਹੋਣੀ ਚਾਹੀਦੀ ਕਿਉਂਕਿ ਇਹ ਘਪਲੇ ਅਤੇ ਬਦਨੀਤੀ, ਇਕ ਵੱਡੀ, ਪਰ ਚੋਰੀ ਛਿਪੇ ਕੀਤੀ ਜਾ ਰਹੀ ਸਾਜ਼ਿਸ਼ ਕਾਰਨ ਹੈ। ਸਾਜ਼ਿਸ਼ ਅਨੁਸਾਰ ਚਾਲੂ ਨੀਤੀ ਬਦਲ ਦਿੱਤ ਜਾਵੇਗੀ ਭਾਵੇਂ ਇਸ ਦੀ ਲੋੜ ਹੋਵੇ ਜਾਂ ਨਾ ਹੋਵੇ।

ਰੇਅਰਸਨ ਯੂਨੀਵਰਸਿਟੀ ਦੇ ਮਾਹਿਰ ਅਤੇ ਇਮੀਗਰੇਸ਼ਨ ਨੀਤੀ ਬਾਰੇ ਕੈਨੇਡਾ ਦੇ ਉਚ ਕੋਟੀ ਦੇ ਮਾਹਿਰਾਂ ਦਾ ਇਕ ਗਰੁੱਪ ਮਿਲ ਕੇ ਪੁਰਾਣੀ ਨੀਤੀ ਦੀ ਉਪਯੋਗਤਾ ਦਾ ਇੰਡੈਕਸ (ਮਿਪੈਕਸ) ਤਿਆਰ ਕਰ ਰਿਹਾ ਹੈ। ਮਿਪੈਕਸ ਵੱਖ-ਵੱਖ ਦੇਸ਼ਾਂ ਦੀਆਂ ਨੀਤੀਆਂ ਦਾ ਇਕ ਤੁਲਨਾਤਮਿਕ ਇੰਡੈਕਸ ਪੇਸ਼ ਕਰਦਾ ਹੈ ਜਿਸ ਅਨੁਸਾਰ 2011 ਵਿਚ ਕੈਨੇਡਾ ਦੀ ਨੀਤੀ ਚੋਟੀ ਦੀਆਂ ਵਧੀਆ ਤਿੰਨਾਂ ਵਿਚੋਂ ਇਕ ਸੀ। ਪਰ ਜਿਹੜੀਆਂ ਬਦਲੀਆਂ ਕੀਤੀਆਂ ਜਾ ਰਹੀਆਂ ਹਨ, ਉਨ੍ਹਾਂ ਬਾਰੇ ਜਾਣ ਕੇ ਰੇਅਰਸਨ ਯੂਨੀਵਰਸਿਟੀ ਦੇ ਮਾਹਿਰ ਬਹੁਤ ਹੈਰਾਨ ਰਹਿ ਗਏ।

ਇਹ ਨੀਤੀਆਂ ਇਸ ਤਰ੍ਹਾਂ ਬਦਲੀਆਂ ਜਾ ਰਹੀਆਂ ਹਨ ਕਿ ਇਹ ਸਿਰਫ਼ ਕੈਨੇਡਾ ਦੀਆਂ ਕਾਰਪੋਰੇਸ਼ਨਾਂ, ਕੰਪਨੀਆਂ ਵਾਸਤੇ ਸਸਤੇ ਮਜ਼ਦੂਰ ਆਲਮੀ ਮੰਡੀ ਵਿਚੋਂ ਮੁਹੱਈਆ ਕਰਵਾਉਣ ਦਾ ਸਾਧਨ ਮਾਤਰ ਬਣ ਜਾਣ। ਇਨ੍ਹਾਂ ਅਨੁਸਾਰ ਆਉਣ ਵਾਲੇ ਮਜ਼ਦੂਰਾਂ, ਕਾਮਿਆਂ ਨੂੰ ਕੈਨੇਡਾ ਦੇ ਭਵਿੱਖੀ ਨਾਗਰਿਕ ਨਹੀਂ ਸਮਝਿਆ ਜਾਵੇਗਾ। ਪਹਿਲੀ ਨੀਤੀ ਨਾਲੋਂ ਇਹ ਨਵੀਂ ਨੀਤੀ ਦਾ ਵੱਡਾ ਵਖਰੇਵਾਂ ਹੈ।

1967 ਦੇ ਕਾਨੂੰਨ ਅਨੁਸਾਰ ਕੈਨੇਡਾ ਵਾਸਤੇ ਅਵਾਸ਼ੀਆਂ ਦੀ ਚੋਣ ਕਰਨ ਵਾਸਤੇ ਸਿੱਖਿਆ, ਤਜਰਬਾ ਅਤੇ ਅੰਗਰੇਜ਼ੀ ਜਾਂ ਫਰੈਂਚ ਭਾਸ਼ਾ ਦੀ ਜਾਣਕਾਰੀ ਦੇ ਆਧਾਰ 'ਤੇ ਨੰਬਰਵਾਰ ਕੀਤੀ ਜਾਂਦੀ ਸੀ। ਪੁਆਇੰਟ ਸਿਸਟਮ ਨੇ ਨੀਤੀਆਂ ਨੂੰ ਪਾਰਦਰਸ਼ੀ ਬਣਾਇਆ ਹੋਇਆ ਸੀ। ਪਹਿਲਾਂ ਤੋਂ ਪਰਚਲਤ ਜਾਤੀ ਅਤੇ ਨਸਲਵਾਦ ਨੂੰ ਰੋਕ ਲੱਗ ਚੁੱਕੀ ਸੀ। ਇਸੇ ਕਰਕੇ ਇਹ ਨੀਤੀ ਹੋਰ ਮੁਲਕਾਂ ਵਾਸਤੇ ਨਮੂਨਾ ਸੀ। ਜੇ ਕੈਨੇਡਾ ਸਰਕਾਰ ਨੂੰ ਮਨਮਰਜ਼ੀ ਕਰਨ ਦੀ ਖੁੱਲ੍ਹ ਦੇ ਦਿੱਤੀ ਗਈ ਤਾਂ 2015 ਤੱਕ ਪੁਆਇੰਟ ਸਿਸਟਮ ਖਤਮ ਕਰਕੇ "ਐਕਸਪ੍ਰੈਸ ਦਾਖਲਾ" ਨੀਤੀ ਲਾਗੂ ਕਰ ਦਿੱਤੀ ਜਾਵੇਗੀ। ਇਹ ਨੀਤੀ ਕੈਨੇਡੀਅਨ ਕੰਪਨੀਆਂ ਵਾਸਤੇ ਮਜ਼ਦੂਰਾਂ ਅਤੇ ਕਾਮਿਆਂ ਦਾ ਇਕ ਅਜਿਹਾ ਸਮੂਹ ਤਿਆਰ ਕਰ ਦੇਵੇਗੀ ਜਿਹੜਾ ਉਨ੍ਹਾਂ ਲਈ ਕੰਮ ਕਰਨ ਵਾਸਤੇ ਤਿਆਰ ਹੋਵੇਗਾ।

ਨਵੀਂ ਸਿਟੀਜ਼ਨਸ਼ਿਪ ਅਤੇ ਇਮੀਗਰੇਸ਼ਨ ਨੀਤੀ ਅਨੁਸਾਰ ਅਰਜ਼ੀ ਕਰਤਾ ਵਿਚੋਂ ਢੁਕਵੇਂ ਕਾਮੇ ਦੀ ਹੀ ਚੋਣ ਕੀਤੀ ਜਾਵੇਗੀ। ਨੰਬਰਦਾਰੀ ਦੇ ਸਿਸਟਮ ਨੂੰ ਤਿਆਗ ਦਿੱਤਾ ਜਾਵੇਗਾ। ਤਰਾਸਦੀ ਇਹ ਵੀ ਹੈ ਕਿ ਕੈਨੇਡਾ ਦੀ ਅਜੋਕੀ ਸਰਕਾਰ ਹੀ ਹੈ ਜਿਹੜੀ ਅਵਾਸ਼ੀਆਂ 'ਤੇ ਦੋਸ਼ ਮੜ੍ਹਦੀ ਹੈ ਕਿ ਇਹ ਨੰਬਰਵਾਰੀ ਟੱਪ ਕੇ ਅਵਾਸ਼ ਹਾਸਲ ਕਰਨ ਦਾ ਯਤਨ ਕਰਦੇ ਸਨ। ਇਹ ਨਵੀਂ ਨੀਤੀ ਉਨ੍ਹਾਂ ਲੋਕਾਂ ਵਾਸਤੇ ਕੈਨੇਡਾ ਦੇ ਦਰਵਾਜ਼ੇ ਹਮੇਸ਼ਾ ਵਾਸਤੇ ਬੰਦ ਕਰ ਦੇਵੇਗੀ, ਜਿਨ੍ਹਾਂ ਨੂੰ ਇਸ ਦੀ ਸ਼ਰਨ ਦੀ ਸਖਤ ਲੋੜ ਹੈ।

1925 ਵਿਚ ਇਕ ਰੇਲਵੇ ਐਕਟ ਪਾਸ ਕੀਤਾ ਗਿਆ ਸੀ। ਇਸ ਅਨੁਸਾਰ ਕੈਨੇਡਾ ਦੀਆਂ ਦੋ ਰੇਲਵੇ ਕੰਪਨੀਆਂ ਨੂੰ ਇਮੀਗਰੇਸ਼ਨ ਨੀਤੀ ਦੇ ਪੂਰੇ ਅਧਿਕਾਰ ਸੌਂਪ ਦਿੱਤੇ ਗਏ ਸਨ। ਅੱਜ ਫਿਰ ਉਸੇ ਤਰ੍ਹਾਂ ਦਾ ਵਰਤਾਰਾ ਨਵੇਂ ਰੂਪ ਵਿਚ ਦੇਖਣ ਨੂੰ ਮਿਲ ਰਿਹਾ ਹੈ। ਨਵੀਂ 'ਐਕਸਪ੍ਰੈਸ ਦਾਖਲਾ' ਨੀਤੀ ਅਨੁਸਾਰ ਸਰਕਾਰ ਨੂੰ ਅਜਿਹੀਆਂ ਤਾਕਤਾਂ ਮਿਲ ਜਾਣਗੀਆਂ ਜਿਨ੍ਹਾਂ ਅਨੁਸਾਰ ਕਿਸੇ ਹੁਨਰਮੰਦ ਕਾਮੇ ਨੂੰ ਜਦੋਂ ਮਰਜ਼ੀ ਇਮੀਗਰੇਸ਼ਨ ਦਿੱਤੀ ਜਾਵੇ ਅਤੇ ਜਦੋਂ ਮਰਜ਼ੀ ਭਾਵ ਲੋੜ ਪੂਰੀ ਹੋਣ 'ਤੇ ਉਸ ਨੂੰ ਕੱਢ ਦਿੱਤਾ ਜਾਵੇ। ਜੇ ਕਿਤੇ ਅਜਿਹੇ ਆਏ ਕਾਮਰੇ ਮਿਆਦ ਤੋਂ ਵੱਧ ਰਹਿ ਜਾਣ ਤਾਂ ਇਕ ਪੁਰਾਣੇ ਕਾਨੂੰਨ 'ਚੀਨੀਆ ਉਪਰ ਹੈਡ ਟੈਕਸ' ਅਨੁਸਾਰ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ, ਬੱਚਿਆਂ ਉਪਰ ਕੈਨੈਡਾ ਵਿਚ ਦਾਖਲੇ 'ਤੇ ਪਾਬੰਦੀ ਲਾ ਦਿੱਤੀ ਜਾਵੇਗੀ।

1967 ਦੇ ਕਾਨੂੰਨ ਅਨੁਸਾਰ ਆਵਾਸ਼ੀ ਲੋਕ ਆਪਣੇ ਆਸ਼ਰਿਤ ਬੱਚਿਆਂ, ਮਾਂ ਬਾਪ, ਦਾਦਾ-ਦਾਦੀ, ਨਾਨਾ-ਨਾਨੀ ਨੂੰ ਕੈਨੇਡਾ ਵਾਸਤੇ ਸਪਾਂਸਰ ਕਰ ਸਕਦੇ ਸਨ। ਹੁਣ ਇਸ ਨੀਤੀ 'ਤੇ ਵੱਡਾ ਹਮਲਾ ਕੀਤਾ ਜਾ ਰਿਹਾ ਹੈ। 1967 ਦੀ ਨੀਤੀ ਅਨੁਸਾਰ 22 ਸਾਲ ਦੀ ਉਮਰ ਤੱਕ ਬੱਚਾ ਆਸ਼ਰਿਤ ਮੰਨਿਆ ਗਿਆ ਸੀ ਪਰ ਨਵੀਂ ਨੀਤੀ ਵਿਚ ਇਹ ਉਮਰ 19 ਸਾਲ ਰੱਖੀ ਗਈ ਹੈ। 2012 ਵਿਚ ਸਰਕਾਰ ਨੇ ਮਾਪਿਆਂ ਨੂੰ ਸਪਾਂਸਰ ਕਰਨ 'ਤੇ ਰੋਕ ਦਿੱਤੀ ਸੀ। ਹੁਣ ਇਹ ਰੋਕ ਤਾਂ ਹਟਾ ਦਿੱਤੀ ਹੈ ਪਰ ਸਪਾਂਸਰ ਵਾਸਤੇ ਆਮਦਨ ਤੀਹ ਫੀਸਦੀ ਵਧਾ ਦਿੱਤੀ ਹੈ। ਪਹਿਲਾਂ ਸਪਾਂਸਰ ਦਸ ਸਾਲ ਸੰਭਾਲ ਵਾਸਤੇ ਜ਼ਿੰਮੇਵਾਰ ਸੀ ਪਰ ਹੁਣ ਉਹ 20 ਸਾਲ ਵਾਸਤੇ ਜਾਮਨ ਹੋਵੇਗਾ। ਸਪਾਂਸਰਸ਼ਿਪ ਦਾ ਕੋਟਾ ਵੀ 5000 ਸਲਾਨਾ ਸੀਮਤ ਕਰ ਦਿੱਤਾ ਗਿਆ ਹੈ।

ਕੈਨੇਡਾ ਦੀ ਕੰਜ਼ਰਵੇਟਿਵ ਸਰਕਾਰ ਨੇ ਲੋਕਾਂ ਦਾ ਬਾਹਰੋਂ ਇਥੇ ਆਉਣਾ ਹੀ ਔਖਾ ਨਹੀਂ ਕੀਤਾ ਸਗੋਂ ਇਥੇ ਵਸ ਜਾਣਾ ਵੀ ਔਖਾ ਕਰ ਦਿੱਤਾ ਹੈ। ਨਾਗਰਿਕਤਾ ਹਾਸਲ ਕਰਨੀ ਵੀ ਔਖੀ ਹੈ। ਨਾਗਰਿਕਤਾ ਬਿੱਲ ਸੀ-24 ਜੋ ਪਾਰਲੀਮੈਂਟ ਵਿਚ ਵਿਚਾਰ ਅਧੀਨ ਹੈ। ਬਿੱਲ ਅਨੁਸਾਰ ਨਾਗਰਿਕਤਾ ਵਾਸਤੇ ਅਰਜ਼ੀ ਤਿੰਨ ਸਾਲ ਦੀ ਬਜਾਏ ਚਾਰ ਸਾਲਾਂ ਦੀ ਪੱਖੀ ਰਿਹਾਇਸ਼ ਤੋਂ ਬਾਅਦ ਹੀ ਦਿੱਤੀ ਜਾ ਸਕੇਗੀ। ਅਰਜ਼ੀ ਫੀਸ ਵਿਚ ਤਿੰਨ ਗੁਣਾਂ ਵਾਧਾ ਕਰ ਦਿੱਤਾ ਗਿਆ ਹੈ। ਅਰਜ਼ੀ ਨਾ ਮਨਜ਼ੂਰ ਹੋਣ ਦੀ ਸੂਰਤ ਵਿਚ ਅਪੀਲ ਦਾ ਹੱਕ ਖੋਹ ਲਿਆ ਗਿਆ ਹੈ। ਜੇ ਸਰਕਾਰੀ ਅਫ਼ਸਰ ਇਹ ਸੋਚ ਲਵੇ ਕਿ ਫਲਾਣਾ ਅਵਾਸ਼ੀ ਕੈਨੇਡਾ ਵਿਚ ਰਹਿਣ ਦਾ ਇੱਛੁਕ ਨਹੀਂ ਹੈ ਤਾਂ ਉਸ ਤੋਂ ਨਾਗਰਿਕਤਾ ਖੋਹੀ ਜਾ ਸਕਦੀ ਹੈ। ਜੇ ਕਿਸੇ ਦੋਹਰੀ ਨਾਗਰਿਕਤਾ ਵਾਲੇ ਪਰਵਾਸੀ ਨੇ ਕੋਈ ਜੁਰਮ ਕੀਤਾ ਹੋਵੇ, ਭਾਵੇਂ ਕੈਨੇਡਾ ਤੋਂ ਬਾਹਰ ਹੀ ਕੀਤਾ ਹੋਵੇ ਤਾਂ ਵੀ ਉਸ ਤੋਂ ਨਾਗਰਿਕਤਾ ਖੋਹੀ ਜਾ ਸਕਦੀ ਹੈ।

ਸਟਾਰ ਅਖਬਾਰ ਵਿਚ ਓਕਲੈਂਡ ਰੌਸ ਨੇ ਲਿਖਿਆ ਹੈ ਕਿ ਅਖੀਰਲੀ ਸ਼ਰਤ ਤਾਂ ਅਜਿਹੀ ਹੈ ਕਿ ਜਿਸ ਅਨੁਸਾਰ ਸੰਸਾਰ ਪ੍ਰਸਿੱਧ ਦੱਖਣੀ ਅਫ਼ਰੀਕਾ ਦਾ ਆਜ਼ਾਦੀ ਸੰਗਰਾਮੀਆਂ ਸਵ. ਨੈਲਸਨ ਮੰਡੇਲਾ ਵੀ ਕੈਨੇਡਾ ਵਿਚ ਆਵਾਸ਼ ਨਹੀਂ ਕਰ ਸਕਦਾ।

ਕੀ ਕੈਨੇਡਾ ਨੂੰ ਨਵੀਂ ਆਵਾਸ਼ ਨੀਤੀ ਦੀ ਲੋੜ ਹੈ? ਇਸ ਸਵਾਲ ਉਪਰ ਪਾਰਦਰਸ਼ੀ ਬਹਿਸ ਹੋਣੀ ਚਾਹੀਦੀ ਹੈ। ਕੈਨੇਡਾ ਦੇ ਲੋਕ ਚਾਹੁੰਦੇ ਹਨ ਕਿ ਮਾਨਵੀ ਸਰੋਕਾਰਾਂ ਤੋਂ ਹੀਣ ਨਵੀਂ ਨੀਤੀ ਘੜੀ ਜਾਵੇ? ਪਰ ਬੁਰੀ ਗੱਲ ਹੈ ਕਿ "ਟੈਂਪਰੇਰੀ ਬਦੇਸ਼ੀ ਕਾਮਿਆਂ" ਅਤੇ ਰੀਫਿਊਜ਼ੀਆਂ ਵਾਸਤੇ ਸਿਹਤ ਸਹੂਲਤਾਂ ਬੰਦ ਕਰਨ ਤੋਂ ਅੱਗੇ ਬਹਿਸ ਨਹੀਂ ਹੋ ਰਹੀ। ਧੂੰਆਂਧਾਰ ਪ੍ਰਚਾਰ ਕੀਤਾ ਜਾ ਰਿਹਾ ਹੈ ਕਿ ਕੈਨੇਡਾ ਦੀ ਆਵਾਸ਼ ਨੀਤੀ ਵਿਚ ਮਿਆਰੀ ਤਬਦੀਲੀਆਂ ਕੀਤੀਆਂ ਜਾ ਰਹੀਆਂ ਹਨ ਪਰ ਸੱਚਾਈ ਇਹ ਹੈ ਕਿ ਤਹਿਆਂ ਦੇ ਥੱਲੇ ਲੁਕਵੇਂ ਢੰਗੀ ਚੋਰ ਮੋਰੀਆਂ ਨਾਲ ਅਜਿਹੇ ਕਾਨੂੰਨ ਘੜੇ ਜਾ ਰਹੇ ਹਨ, ਜਿਵੇਂ ਉਨ੍ਹਾਂ ਦਾ ਮਾਨਵੀ ਸਦਾਚਾਰਕ ਕਦਰਾਂ ਕੀਮਤਾਂ ਨਾਲ ਕੋਈ ਸਬੰਧ ਨਾ ਹੋਵੇ। ਨਾ ਹੀ ਆਲਮੀ ਇਨਸਾਫ਼ਨ ਦੇ ਤਕਾਜ਼ੇ ਵਿਚ ਇਹ ਨੀਤੀ ਖਰੀ ਉਤਰਦੀ ਹੈ। ਕੈਨੇਡਾ ਦੇ ਲੋਕਾਂ ਤੋਂ ਇਹ ਹੱਕ ਖੋਹਿਆ ਜਾ ਰਿਹਾ ਹੈ ਜਿਸ ਅਨੁਸਾਰ ਉਹ ਆਪਣੀ ਮਰਜ਼ੀ ਦਾ ਭਵਿੱਖੀ ਕੈਨੇਡਾ ਸਿਰਜ ਸਕਦੇ ਹਨ।

ਕੈਨੇਡਾ ਦੇ ਲੋਕ ਬਹੁਤ ਦੇਰ ਬਾਅਦ ਮਹਿਸੂਸ ਕਰਨਗੇ ਕਿ ਕੈਨੇਡਾ ਦੀ ਆਵਾਸ਼ ਨੀਤੀ ਇੰਡੈਕਸ ਅਨੁਸਾਰ ਥੱਲੇ ਖਿਸਕ ਗਈ ਹੈ। ਇਹ ਅਨੁਵਾਦਤ ਲਿਖਤ ਮੌਰਟਨ ਬਰੇਸਰ ਅਤੇ ਹੈਰਾਲਡ ਬਾਊਡਰ ਦੀ ਹੈ। ਮੌਰਟਨ ਰੇਅਰਜਨ ਯੂਨੀਵਰਸਿਟੀ ਦਾ ਉਘਾ ਪ੍ਰੋਫੈਸਰ ਹੈ ਅਤੇ ਮਾਈਕਲ ਹਸਪਤਾਲ ਵਿਚ ਵਿਗਿਆਨੀ ਵੀ ਹੈ। ਉਹ ਓਨਟਾਰੀਓ ਮੈਟਰੋ ਪੋਲਿਜ ਕੇਂਦਰ, ਜਿਹੜਾ ਇਮੀਗਰੇਸ਼ਨ ਨੀਤੀਆਂ ਉਹ ਖੋਜ ਕਰਨ ਦਾ ਮਿਆਰੀ ਕੇਂਦਰ ਹੈ, ਦਾ ਸੰਸਥਾਪਕ ਡਾਇਰੈਕਟਰ ਵੀ ਹੈ। ਹੈਰਾਲਡ ਵੀ ਰੇਅਰਸਨ ਯੂਨੀਵਰਸਿਟੀ ਦਾ ਪ੍ਰੋਫੈਸਰ ਹੈ ਅਤੇ ਯੂਨੀਵਰਸਿਟੀ ਦੇ ਆਵਾਸ਼ ਅਤੇ ਸਥਾਪਤੀ ਕੇਂਦਰ ਦਾ ਡਾਇਰੈਕਟਰ ਹੈ। ਲਿਖਤ ਦਾ ਕਾਪੀ ਰਾਈਟ 'ਪ੍ਰੈਸ ਰੀਡਰ' 200 13111 ਵਨੀਅਰ ਪਲੇਸ, ਰਿਚਮੰਡ ਬੀ.ਸੀ. V6V 2S1 ਕੈਨੇਡਾ ਕੋਲ ਹੈ।

ਫੋਨ : 01-604-278-4604


## ਹਰਿੰਦਰਪਾਲ ਹੁੰਦਲ ਯਤਨਸ਼ੀਲ ਹੈ:

- ਪਬਲਿਕ ਵਿਦਿਆ ਦੇ ਸਮੁੱਚੇ ਖਰਚੇ ਨੂੰ ਨਵੇਂ ਲੋੜ-ਅਧਾਰਿਤ ਫੰਡ ਫਾਰਮੂਲੇ ਅਨੁਸਾਰ ਪੂਰਾ ਕੀਤਾ ਜਾਵੇ
- ਨਵੇਂ ਸਕੂਲਾਂ ਦੀ ਉਸਾਰੀ ਕੀਤੀ ਜਾਵੇ ਅਤੇ ਨਵੇਂ ਘਰਾਂ ਉੱਪਰ ਸਕੂਲਾਂ ਦੀ ਉਸਾਰੀ ਲਈ ਲਾਏ ਜਾਂਦੇ ਡਿਵੈਲਪਮੈਂਟ ਖਰਚਿਆਂ ਨੂੰ ਖਤਮ ਕੀਤਾ ਜਾਵੇ
- ਹਰ ਗਰੇਡ ਵਿਚ ਕਲਾਸ ਦੇ ਅਕਾਰ ਨੂੰ ਛੋਟਾ ਕੀਤਾ ਜਾਵੇ ਅਤੇ ਮਿਆਰੀ ਵਿਦਿਆ ਲਈ ਹੋਰ ਅਧਿਆਪਕਾਂ ਅਤੇ ਸਹਾਇਕ ਅਮਲੇ ਦਾ ਪ੍ਰਬੰਧ ਕੀਤਾ ਜਾਵੇ
- ਸਪੈਸ਼ਲ ਐਜੂਕੇਸ਼ਨ, ਬਾਲਗ ਵਿਦਿਆ ਅਤੇ ESL ਪ੍ਰੋਗਰਾਮਾਂ ਨੂੰ ਢੁਕਵੇਂ ਫੰਡ ਦੇ ਕੇ ਮਜ਼ਬੂਤ ਕੀਤਾ ਜਾਵੇ
- ਵੱਖ-ਵੱਖ ਭਾਈਚਾਰੇ ਦੇ ਵਿਦਿਆਰਥੀਆਂ ਦੇ ਸਹਿਤ, ਕਲਾ ਅਤੇ ਸਭਿਆਚਾਰ ਵਾਸਤੇ ਪਾਠਕ੍ਰਮ ਵਿਚ ਜਰੂਰੀ ਸੁਧਾਰ ਕੀਤੇ ਜਾਣ
- ਵਿਦਿਆਰਥੀਆਂ ਦੀ ਢੁਕਵੀਂ ਗਿਣਤੀ ਹੋਣ ਤੇ ਪੰਜਾਬੀ ਅਤੇ ਹੋਰ ਭਾਸ਼ਾਵਾਂ ਨੂੰ ਚੋਣਵੇ ਵਿਸ਼ੇ ਵਜੋ ਪੜਾਇਆ ਜਾਵੇ
- ਵਿਦਿਆਰਥੀਆਂ ਦਾ ਮੁਲਾਂਕਣ ਸਕੂਲ ਪੱਧਰ ਤੇ ਹੀ ਕੀਤਾ ਜਾਵੇ ਅਤੇ ਮਿਆਰੀ ਜਾਂਚ ਇਮਤਿਹਾਨ EQAO ਨੂੰ ਖਤਮ ਕੀਤਾ ਜਾਵੇ
- ਸਕੂਲਾਂ ਨੂੰ ਸ਼ਾਮ ਅਤੇ ਵੀਕਐਂਡ ਤੇ ਕਮਿਊਨਿਟੀ ਲਈ ਖੋਲਿਆ ਜਾਵੇ
- ਬਰੈਮਪਟਨ ਵਿਚ ਯੂਨੀਵਰਸਿਟੀ ਦਾ ਨਿਰਮਾਣ ਕੀਤਾ ਜਾਵੇ
- ਪ੍ਰਾਪਰਟੀ ਟੈਕਸ ਵਿੱਚੋਂ ਐਜੂਕੇਸ਼ਨ ਨੂੰ ਕੱਢ ਕੇ ਪ੍ਰਾਪਰਟੀ ਟੈਕਸ 50% ਤੱਕ ਘਟਾਇਆ ਜਾਵੇ ਅਤੇ ਕਾਰਪੋਰੇਟ ਟੈਕਸ ਵਧਾਇਆ ਜਾਵੇ
- ਪਰਮਾਨੈਂਟ ਰੈਜ਼ੀਡੈਂਟ ਨੂੰ ਮਿਊਂਸਪਲ ਅਤੇ ਸਕੂਲ ਟਰੱਸਟੀ ਚੋਣਾਂ ਵਿੱਚ ਵੋਟ ਪਾਉਣ ਦਾ ਅਧਿਕਾਰ ਦਿਤਾ ਜਾਵੇ

ਹਰਿੰਦਰਪਾਲ ਹੁੰਦਲ ਸਰਟੀਫਾਇਡ ਟੀਚਰ ਅਤੇ ਉਨਟਾਰੀਓ ਟੀਚਰਜ਼ ਕਾਲਜ ਦਾ ਮੈਂਬਰ ਹੈ। ਉਸ ਨੇ ਭਾਰਤ ਤੋਂ M.Sc. Economics, M.B.A. ਅਤੇ B. Ed ਦੀ ਵਿਦਿਆ ਪ੍ਰਾਪਤ ਕੀਤੀ ਹੈ। ਉਸ ਨੇ ਥੇਮਜ਼ ਵੈਲੀ ਸਕੂਲ ਬੋਰਡ, ਲੰਡਨ ਵਿਚ ਦੋ ਸਾਲ ਸਪਲਾਈ ਟੀਚਰ ਵਜੋਂ ਸੇਵਾਵਾਂ ਨਿਭਾਈਆਂ ਹਨ ਅਤੇ ਬਰੈਮਪਟਨ ਦੇ ਕੁਝ ਪਬਲਿਕ ਸਕੂਲਾਂ ਵਿਚ ਵਲੰਟੀਅਰ ਟੀਚਰ ਵਜੋਂ ਵੀ ਕਾਫੀ ਕੰਮ ਕੀਤਾ ਹੈ। ਟੀਚਰ ਅਧਿਐਨ ਨਾਲ ਸਬੰਧਿਤ ਪ੍ਰੋਗਰਾਮਾਂ ਅਧੀਨ ਉਹ ਯੌਰਕ ਯੂਨੀਵਰਸਿਟੀ ਅਤੇ ਵੈਸਟਰਨ ਯੂਨੀਵਰਸਿਟੀ ਲੰਡਨ ਵਿਚ ਵੀ ਪੜਾਈ ਕਰ ਚੁਕਾ ਹੈ। ਉਹ ਕਮਿਊਨਿਟੀ ਵਿਚ ਸਮਾਜਿਕ ਕਾਰਜ ਕਰਤਾ ਦੇ ਤੌਰ ਤੇ ਵੀ ਬਹੁਤ ਸਰਗਰਮ ਹੈ ਅਤੇ ਵਿਦਿਆ ਨਾਲ ਸਬੰਧਿਤ ਮਸਲਿਆਂ ਬਾਰੇ ਲੋਕਾਂ ਨਾਲ ਲਗਾਤਾਰ ਤਾਲਮੇਲ ਕਾਇਮ ਰੱਖਣ ਲਈ ਵਚਨਬੱਧ ਹੈ। ਉਹ ਇੰਡੋ-ਕਨੇਡੀਅਨ ਵਰਕਰਜ਼ ਐਸੋਸੀਏਸ਼ਨ ਦਾ ਜੁਆਇੰਟ ਸਕੱਤਰ ਹੈ। ਆਪਣੀ ਪਤਨੀ ਅਤੇ ਦੋ ਬੱਚਿਆਂ ਨਾਲ ਉਹ ਬਰੈਮਪਟਨ ਵਿਚ ਲੰਮੇ ਸਮੇਂ ਤੋਂ ਰਹਿ ਰਿਹਾ ਹੈ।

ਹੋਰ ਜਾਣਕਾਰੀ ਲਈ 647 818 6880 ਤੇ ਸੰਪਰਕ ਕੀਤਾ ਜਾ ਸਕਦਾ ਹੈ

## ਹਰਿੰਦਰਪਾਲ ਹੁੰਦਲ

ਉਮੀਦਵਾਰ ਪਬਲਿਕ ਸਕੂਲ ਟਰੱਸਟੀ ਵਾਰਡ 9 & 10



ਵਿਦਿਅਕ ਖੇਤਰ ਵਿਚ ਫੰਡਾਂ ਦੀ ਲਗਾਤਾਰ ਘਾਟ ਅਤੇ ਤੰਗ ਨਜ਼ਰੀਆ ਫੈਸਲਿਆਂ ਅਤੇ ਨੀਤੀਆਂ ਕਾਰਨ ਬਹੁਤ ਸਾਰੇ ਵਿਦਿਆਰਥੀ ਪੜਾਈ ਵਿਚ ਪਛੜ ਰਹੇ ਹਨ। ਵਿਦਿਆਰਥੀਆਂ ਦੀਆਂ ਲੋੜਾਂ ਨੂੰ ਧਿਆਨ ਵਿਚ ਰੱਖਦਿਆਂ ਹੋਇਆਂ, ਇਹ ਜਰੂਰੀ ਹੋ ਗਿਆ ਹੈ ਕਿ ਅਜਿਹੇ ਪ੍ਰੋਗਰਾਮਾਂ, ਸਟਾਫ ਅਤੇ ਸਹਾਇਕ ਅਮਲੇ ਦਾ ਪ੍ਰਬੰਧ ਕੀਤਾ ਜਾਵੇ ਜਿਸ ਸਦਕਾ ਹਰ ਵਿਦਿਆਰਥੀ ਸਫਲਤਾ ਪ੍ਰਾਪਤ ਕਰ ਸਕੇ।

ਸਭ ਲਈ ਮਿਆਰੀ ਪਬਲਿਕ ਵਿਦਿਆ



# ਰਾਜ ਨਾਲ ਕਲਾ ਦਾ ਘੋਲ਼

## ਲੇਖਕ ਅਤੇ ਉੱਤਰ-ਬਸਤੀਵਾਦੀ ਸਮਾਜ ਦੇ ਸਰਪ੍ਰਸਤ

**ਨਗੂਗੀ ਵਾ ਥਿਓਂਗ**

(ਪਿਛਲੇ ਅੰਕ ਦੀ ਬਾਕੀ)

ਐਂਡਰਸਨ ਦਾ ਕੋਈ ਬੱਚਾ ਜੋ ਦੇਖ ਰਿਹਾ ਸੀ, ਜੋ ਵੀ ਉਸਦੇ ਦਿਮਾਗ ਦੇ ਕੈਮਰੇ ਦੇ ਸ਼ੀਸ਼ੇ ਵਿੱਚ ਪ੍ਰਤੌਅ ਹੋ ਰਿਹਾ ਸੀ ਉਸਨੂੰ ਸ਼ਬਦਾਂ ਵਿੱਚ ਪ੍ਰਗਟਾਅ ਰਿਹਾ ਸੀ, ਦੂਜੇ ਸ਼ਬਦਾਂ ਵਿੱਚ ਉਸਦੀ ਮਸੂਮੀਅਤ ਇੱਕ ਔਰਤ ਦੀ ਮਾਸੂਮੀਅਤ ਸੀ। ਉਸਨੂੰ ਇੱਕ ਨੰਗਾ ਕੌਮ ਦਾ ਪ੍ਰਧਾਨ ਨਜ਼ਰ ਆਇਆ ਅਤੇ ਉਸਨੇ ਇਹੀ ਦੱਸਿਆ। ਪਲੈਟੋ ਨੇ ਵੀ ਆਪਣੀ 'ਰਿਪਬਲਿਕ' ਵਿੱਚ ਕਲਪਨਾ ਦੀਆਂ ਕਿਰਤਾਂ ਦੀ ਨਿੰਦਿਆ ਕਰਨ ਦੀ ਕੋਸ਼ਿਸ਼ ਕਰਦੇ ਹੋਏ ਕਲਾ ਦੇ ਇਸ ਸ਼ੀਸ਼ਾ ਦਿਖਾਉਣ ਵਾਲ਼ੇ ਪੱਖ ਨੂੰ ਉਭਾਰਿਆ ਹੈ। ਕਲਾਕਾਰ ਇੱਕ ਸ਼ੀਸ਼ੇ ਨੂੰ ਘੁਮਾ-ਘੁਮਾ ਕੇ ਦੇਖਣ ਦੀ ਸੌਖੀ ਪ੍ਰਕ੍ਰਿਆ ਨਾਲ਼ ਸਾਰੇ ਕਾਮਿਆਂ ਦੀਆਂ ਸਾਰੀਆਂ ਕਿਰਤਾਂ ਨੂੰ ਬਣਾਉਣ ਵਾਲ਼ੇ ਦੇ ਨੇੜੇ ਹੋ ਸਕਦਾ ਹੈ "ਤੁਸੀਂ ਜਲਦੀ ਵਿੱਚ ਸੂਰਜ, ਸਵਰਗ ਅਤੇ ਦੂਜੇ ਜਾਨਵਰ ਤੇ ਦਰੱਖਤ-ਪੌਦੇ... ਸ਼ੀਸ਼ੇ ਵਿੱਚ ਬਣ ਸਕੋਗੇ।"21 ਰਚਨਾਤਮਕ ਪ੍ਰਕ੍ਰਿਆ ਚੇਤਨਾ ਵਿੱਚ ਸਥਾਪਿਤ ਇੱਕ ਸ਼ੀਸ਼ੇ ਦੇ ਵਾਂਗ ਹੈ। ਇਹ ਇੱਕ ਗੁੰਝਲਦਾਰ ਸ਼ੀਸ਼ਾ ਹੈ, ਇਸ ਵਿੱਚ ਐਕਸਰੇ ਦੀ ਮਸ਼ੀਨ ਲੱਗੀ ਹੈ। ਜੋ ਕੁਝ ਵੀ ਇਸਦੇ ਸਾਹਮਣੇ ਹੈ ਉਸਨੂੰ ਇਹ ਪ੍ਰਤੌਉਂਦਾ ਹੈ, ਸੋਹਣਾ ਅਤੇ ਭੱਦਾ ਸਭ ਕੁਝ ਅਤੇ ਸਤਹਿ ਦੇ ਹੇਠ ਜੋ ਕੁਝ ਹੈ ਉਸਨੂੰ ਵੀ ਪ੍ਰਤੌਣ ਦੇ ਯੋਗ ਹੈ। ਇਸ ਲਈ ਕਲਾ ਬਾਰੇ ਸੋਚਣ ਦਾ ਇੱਕ ਢੰਗ ਇਸ ਕੁਦਰਤ ਪ੍ਰਤੀ ਸ਼ੇਕਸਪੀਅਰ ਦੇ ਸ਼ੀਸ਼ੇ ਵਰਗਾ ਹੋਵੇਗਾ ਭਾਵ ਕਿ ਇਹ ਚੀਜ਼ਾਂ ਦੀ ਸਤਹਿ ਅਤੇ ਡੂੰਘੀ ਪ੍ਰਕ੍ਰਿਤੀ ਦੋਵਾਂ ਨੂੰ ਪਰਤੌਂਦਾ ਹੈ। ਪਰ ਅਸੀਂ ਜੋ ਕੁਝ ਇਸ ਸ਼ੀਸ਼ੇ ਵਿੱਚ ਦੇਖਦੇ ਹਾਂ ਉਹ ਸਭ ਪਸੰਦ ਨਹੀਂ ਕਰਦੇ, ਇੱਥੋਂ ਤੱਕ ਕਿ ਆਪ ਨੂੰ ਵੀ।

ਲੇਖਕ ਅਤੇ ਉਹਨਾਂ ਦੀਆਂ ਰਚਨਾਵਾਂ ਵਿੱਚ ਅਕਸਰ ਐਂਡਰਸਨ ਦੇ ਬੱਚੇ ਵਾਲ਼ੀ ਮਾਸੂਮੀਅਤ ਹੁੰਦੀ ਹੈ। ਉਹਨਾਂ ਨੂੰ ਰਾਜੇ ਦੇ ਕੱਪੜੇ ਹੇਠ ਕੀ ਹੈ, ਇਸ ਵੱਲ ਵੀ ਝਾਕਣ ਦੀ ਬੁਰੀ ਆਦਤ ਹੁੰਦੀ ਹੈ। ਆਪਣੀਆਂ ਕਲਪਨਾਵਾਂ ਦੇ ਰਾਹੀਂ, ਜਿੱਥੋਂ ਤੱਕ ਉਹ ਉਹਨਾਂ ਨੂੰ ਲੈ ਜਾਂਦੀਆਂ ਹਨ, ਜਿੱਥੋਂ ਤੱਕ ਕਿ ਜੋ ਕੁਝ ਹੋ ਸਕਦਾ ਹੈ ਉੱਥੋਂ ਤੱਕ ਵੀ, ਕਈ ਵਾਰ ਸੱਚਾਈ ਉਹਨਾਂ ਦੇ ਹੱਥ ਲੱਗ ਜਾਂਦੀ ਹੈ ਜਿਸਨੂੰ ਉਹ ਸ਼ਬਦਾਂ ਨਾਲ਼ ਮੂਰਤ ਰੂਪ ਦਿੰਦੇ ਹਨ। ਇਸ ਤਰ੍ਹਾਂ ਐਂਡਰਸਨ ਦਾ ਇਹ ਬੱਚਾ ਵੀ ਇੱਕ ਮਹਾਨ ਪੈਗੰਬਰ ਹੈ, ਮਹਾਨ ਧਰਮ ਦਾ ਕਾਢੂ, ਮਹਾਨ ਵਿਗਿਆਨਕ ਚੇਤਨਾ-ਸੰਪੰਨ ਜਿਸਨੂੰ ਤਾਨਾਸ਼ਾਹ ਰਾਜਿਆਂ ਦੇ ਕੋਪ ਤੋਂ ਬਚਣ ਲਈ ਭੱਜਣਾ ਪੈਂਦਾ ਹੈ ਜੋ ਸੋਚਦੇ ਹਨ ਕਿ ਅੱਖਾਂ ਜੋ ਦੇਖਦੀਆਂ ਹਨ, ਕੰਨ ਜੋ ਸੁਣਦੇ ਹਨ ਅਤੇ ਦਿਲ ਜਿਸਨੂੰ ਮਹਿਸੂਸ ਕਰਦਾ ਹੈ ਉਸਨੂੰ ਸ਼ਬਦਾਂ ਵਿੱਚ ਬਿਆਨ ਕਰ ਦੇਣ ਨਾਲ਼ ਉਹਨਾਂ ਦਾ ਸਾਮਰਾਜ ਜਖਮੀ ਹੋ ਜਾਵੇਗਾ। ਇਸ ਸੰਦਰਭ ਵਿੱਚ ਬ੍ਰੈਖ਼ਤ ਦੀ ਕਵਿਤਾ 'ਹਕੂਮਤ ਦੀ ਚਿੰਤਾ' ਜ਼ਿਕਰਯੋਗ ਹੈ ਜੋ ਨਾਜ਼ੀ ਜਰਮਨੀ ਦੇ ਡਰ ਦੇ ਰਾਜ, ਹਾਕਮਾਂ ਦੇ ਮਨ ਵਿੱਚ ਸੱਚਾਈ ਦੇ ਕਿਸੇ ਵੀ ਸ਼ਬਦ, ਇੱਥੋਂ ਤੱਕ ਸਧਾਰਨ ਵਡਿਆਈ ਵਿੱਚ ਕਹੇ ਮਾਸੂਮ ਸ਼ਬਦਾਂ ਤੋਂ ਵੀ ਡਰ ਬਾਰੇ ਹੈ। ਇਸ ਕਵਿਤਾ ਵਿੱਚ ਬ੍ਰੈਖ਼ਤ ਥਰਡ ਰਾਇਖ਼ ਨੂੰ ਅਸੀਰੀਆਈ ਟਾਰ ਦੇ ਕਿਲ੍ਹੇ ਵਾਂਗ ਦੱਸਦੇ ਹਨ ਜੋ ਕਿਵਦੰਤੀਆਂ ਅਨੁਸਾਰ ਇੰਨਾ ਮਜ਼ਬੂਤ ਕਿਲ੍ਹਾ ਸੀ ਜਿਸਨੂੰ ਕੋਈ ਫ਼ੌਜ ਜਿੱਤ ਨਹੀਂ ਸਕਦੀ ਸੀ ਪਰ ਜਿਵੇਂ ਹੀ ਇੱਕ ਖ਼ਾਸ ਸ਼ਬਦ ਦਾ ਉਸਦੇ ਅੰਦਰ ਉਚਾਰਨ ਕੀਤਾ ਗਿਆ ਉਹ ਮਿੱਟੀ ਵਿੱਚ ਮਿਲ਼ ਗਿਆ। ਬ੍ਰੈਖ਼ਤ ਦੀ ਗੱਲ ਬਸਤੀਵਾਦੀ ਪ੍ਰਬੰਧ ਵਿੱਚ 'ਸ਼ਬਦ' ਦੀ ਤਾਕਤ 'ਤੇ ਵੀ ਲਾਗੂ ਹੁੰਦੀ ਹੈ।

ਇਸ ਗੱਲ ਨੂੰ ਅਸੀਂ ਭੁੱਲ ਜਾਂਦੇ ਹਾਂ ਕਿ ਨਾਜ਼ੀ ਹਕੂਮਤ ਯੂਰਪੀ ਬਸਤੀਵਾਦੀ ਢਾਂਚੇ ਦੀ ਪੌੜੀ ਦਾ ਹੀ ਬਸ ਇੱਕ ਉੱਪਰਲਾ ਪੌਡਾ ਸੀ। ਹਿਟਲਰ ਨੇ ਅਜਿਹਾ ਕੁਝ ਨਹੀਂ ਕੀਤਾ ਸੀ ਜੋ ਨਵ-ਜਾਗਰਣ ਤੋਂ ਬਾਅਦ ਯੂਰਪੀ ਦੇਸ਼ਾਂ ਨੇ ਅਫ਼ਰੀਕੀ ਲੋਕਾਂ ਨਾਲ਼ ਨਹੀਂ ਕੀਤਾ ਸੀ। ਇੱਕ ਬਸਤੀਵਾਦੀ ਰਾਜ ਬ੍ਰੈਖ਼ਤ ਦੀ ਕਵਿਤਾ ਵਾਲ਼ੀ ਨਾਜ਼ੀ ਹਕੂਮਤ ਵਾਂਗ ਝੂਠ ਦੇ ਢਾਂਚੇ 'ਤੇ ਉੱਸਰਿਆ ਹੁੰਦਾ ਹੈ। ਇਹ ਇੱਕ ਦੇਸ਼ ਦੇ ਲੋਕਾਂ ਦੁਆਰਾ ਦੂਜੇ ਦੇਸ਼ ਦੇ ਲੋਕਾਂ ਨੂੰ ਹਿੰਸਾਈ ਢੰਗ ਨਾਲ਼ ਗੁਲਾਮ ਬਣਾਉਣ ਦਾ ਢਾਂਚਾ ਹੈ। ਪਰ ਸਿਆਸੀ ਅਤੇ ਆਰਥਿਕ ਗ਼ੁਲਾਮੀ ਨੂੰ ਸਿੱਖਿਆ ਅਤੇ ਦਾਰਸ਼ਨਿਕ ਪ੍ਰਬੰਧ ਰਾਹੀਂ ਜ਼ਾਇਜ ਠਹਿਰਾਇਆ ਜਾਂਦਾ ਹੈ। ਇਸ ਵਿੱਚ ਹਾਕਮ ਅਤੇ ਪਸਿੱਤੇ ਨੂੰ ਸ਼ੁੱਧ ਨਸਲੀ ਆਧਾਰ 'ਤੇ ਉੱਤਮ ਅਤੇ ਨੀਚ ਯੋਗਤਾਵਾਂ ਯੁਕਤ ਬਣਾਉਣ ਦੇ ਸਭ ਤੋਂ ਭੱਦੇ ਰੂਪ ਤੋਂ ਲੈ ਕੇ ਉੱਚ-ਸੱਭਿਆਚਾਰ, ਭਾਸ਼ਾ ਅਤੇ ਕਦਰਾਂ ਦੀਆਂ ਸ਼ੁੱਧ ਗੱਲਾਂ ਵੀ ਆ ਜਾਂਦੀਆਂ ਹਨ ਜਿਸ ਵਿੱਚ ਨੀਚਾਂ ਵਿੱਚੋਂ ਕੁਝ ਚੁਣੇ ਹੋਏ ਲੋਕਾਂ ਨੂੰ ਸ਼ਾਮਲ ਕਰ ਲਿਆ ਜਾਂਦਾ ਹੈ ਅਤੇ ਇਸ ਤਰ੍ਹਾਂ ਬਰਾਬਰੀ ਦਾ ਪਖੰਡ ਰਚਿਆ ਜਾਂਦਾ ਹੈ। ਸਭ ਨਸਲੀ ਮਿੱਥਾਂ ਨੂੰ ਝੂਠ ਦੇ ਵਿਸ਼ਾਲ ਢਾਂਚੇ ਨੂੰ ਲੁਕਾਉਣ ਲਈ ਘੜਿਆ ਗਿਆ ਸੀ ਜਿਹਨਾਂ ਬਾਰੇ ਏਮੀ ਸੇਜ਼ੇਅਰ ਨੇ 'ਡਿਸਕੋਰਸ ਆਨ ਕਲੋਨੀਅਲਿਜ਼ਮ' ਵਿੱਚ, ਏਰਿਕ ਵਿਲਿਅਮਸ ਨੇ 'ਮੈਟੀਰਿਅਲਿਜ਼ਮ ਐਂਡ ਸਲੇਵਰੀ' ਵਿੱਚ, ਸੀ.ਐਲ.ਆਰ. ਜੇਮਸ ਨੇ 'ਦਿ ਬਲੈਕ ਜੈਕੋਬਿਨਸ' ਵਿੱਚ ਅਤੇ ਏਸ਼ੀਆ, ਅਫ਼ਰੀਕਾ ਅਤੇ ਲਾਤੀਨੀ ਅਮਰੀਕਾ ਦੇ ਅਨੇਕ ਲੇਖਕਾਂ ਨੇ ਲਿਖਿਆ ਹੈ। ਇਸੇ ਤਰ੍ਹਾਂ ਇੱਕ ਨਵ-ਬਸਤੀਵਾਦੀ ਢਾਂਚਾ ਵੀ ਝੂਠ ਦੀ ਬੁਨਿਆਦ 'ਤੇ ਖੜ੍ਹਾ ਹੈ ਜੋ ਲੱਗਦਾ ਹੈ ਕਿ ਮੁਕਤ ਅਤੇ ਅਜ਼ਾਦ ਰੂਪ ਨਾਲ਼ ਕੰਮ ਕਰਦਾ ਹੈ ਜਦ ਕਿ ਇਹ ਨਿਸ਼ਚਿਤ ਤੌਰ 'ਤੇ ਉਸੇ ਘ੍ਰਿਣਤ ਬਸਤੀਵਾਦੀ ਢਾਂਚੇ ਦਾ ਵਿਕਾਸ ਹੈ ਅਤੇ ਪਹਿਲਾਂ ਤੋਂ ਵੱਧ ਵਿਨਾਸ਼ਕਾਰੀ ਉਪਾਵਾਂ ਨਾਲ਼ ਸੰਚਾਲਿਤ ਹੈ। ਪਰ ਧਿਆਨ ਦਿਉ, ਢੁੱਕਵੇਂ ਅਜ਼ਾਦ ਕੌਮੀ ਰਾਜ ਵਿੱਚ ਵੀ ਬਹੁ-ਗਿਣਤੀ ਲੋਕਾਂ 'ਤੇ ਘੱਟ-ਗਿਣਤੀਆਂ ਦੀ ਹਕੂਮਤ ਨੂੰ ਜ਼ਾਇਜ ਠਹਿਰਾਉਣ ਲਈ ਝੂਠ ਦਾ ਪੂਰਾ ਜਾਲ਼ ਤਿਆਰ ਕੀਤਾ ਜਾਂਦਾ ਹੈ। ਬਸਤੀਵਾਦੀ, ਨਵ-ਬਸਤੀਵਾਦੀ ਅਤੇ ਅਜਾਰੇਦਾਰੀ ਰਾਜਾਂ ਦੇ ਹਾਕਮ ਰਾਜ ਦੀ ਰਖਵਾਲੀ ਸਬੰਧੀ ਪਲੈਟੋ ਦੇ ਇਸ ਨਜ਼ਰੀਏ ਨੂੰ ਪੂਰੀ ਤਰ੍ਹਾਂ ਪ੍ਰਵਾਨ ਕਰਦੇ ਹਨ ਕਿ "ਜੇਕਰ ਕਿਸੇ ਨੂੰ ਝੂਠ ਦਾ ਸਹਾਰਾ ਲੈਣ ਦੀ ਸਹੂਲਤ ਹੋਣੀ ਚਾਹੀਦੀ ਹੈ ਤਾਂ ਉਹ ਰਾਜ ਦੀ ਹਾਕਮ ਜਮਾਤ ਹੀ ਹੋਣੀ ਚਾਹੀਦੀ ਹੈ।" ਅਜਾਰੇਦਾਰ ਰਾਜ ਜਾਂ ਸਰਵਸੱਤ੍ਹਾਵਾਦੀ ਰਾਜ ਦੇ ਕਿਸੇ ਵੀ ਸਰੂਪ ਨਾਲ਼ ਸਮੱਸਿਆ ਇਹ ਹੁੰਦੀ ਹੈ ਕਿ ਇਹ ਆਪਣੇ ਹੀ ਸ਼ਹਿਰੀਆਂ ਨੂੰ ਦੁਸ਼ਮਣ ਸਮਝਦੇ ਹਨ ਅਤੇ ਹਾਕਮ ਆਪਣੇ ਨਿੱਜੀ ਲਾਭ ਤੇ ਸੁਰੱਖਿਆ ਲਈ ਝੂਠ ਬੋਲਦੇ ਰਹਿੰਦੇ ਹਨ। ਅਜਿਹੇ ਰਾਜ ਸੱਚੀ ਗੱਲ ਤੋਂ ਡਰਦੇ ਹਨ ਭਲਾਂ ਹੀ ਇਹ ਨਿਹੱਥੇ ਬੱਚੇ ਦੇ ਮੂੰਹੋਂ ਹੀ ਕਿਉਂ ਨਾ ਨਿੱਕਲ਼ੇ। ਬ੍ਰੈਖ਼ਤ ਦੀ ਕਵਿਤਾ 'ਹਕੂਮਤ ਦੀਆਂ ਚਿੰਤਾਵਾਂ' ਦਾ ਸਾਰਤੱਤ ਇਹੀ ਹੈ ਕਿ ਜੋ ਡਰ ਰਾਹੀਂ ਹਕੂਮਤ ਕਰਦਾ ਹੈ ਉਹ ਅੰਤ ਡਰ ਦੁਆਰਾ ਪਸਿੱਤਣ ਲੱਗਦਾ ਹੈ :

ਪ੍ਰੇਸ਼ਾਨ ਹੋ ਕੇ<br>
ਉਹ ਘਰ ਵਿੱਚ ਘੁਸ ਜਾਂਦੇ ਹਨ<br>
ਅਤੇ ਪਖਾਨਿਆਂ ਦੀ ਤਲਾਸ਼ੀ ਲੈਂਦੇ ਹਨ<br>
ਅਤੇ ਉਹਨਾਂ ਦੀ ਚਿੰਤਾ ਹੀ<br>
ਲਾਇਬ੍ਰੇਰੀਆਂ ਨੂੰ ਜਲਾ ਦੇਣ ਲਈ<br>
ਮਜ਼ਬੂਰ ਕਰਦੀ ਹੈ<br>
ਇਸ ਤਰ੍ਹਾਂ ਡਰ ਕੇਵਲ ਉਹਨਾਂ 'ਤੇ ਹਕੂਮਤ<br>
ਨਹੀਂ ਕਰਦਾ<br>
ਜੋ ਪਸਿੱਤੇ ਹਨ ਸਗੋਂ<br>
ਹਾਕਮਾਂ 'ਤੇ ਵੀ ਕਰਦਾ ਹੈ।

ਦੱਖਣ ਅਫ਼ਰੀਕਾ ਦੀ ਰੰਗਭੇਦੀ ਹਕੂਮਤ ਕਿਤਾਬਾਂ 'ਤੇ ਰੋਕ ਲਾਉਂਦੀ ਸੀ, ਸੰਗੀਤ 'ਤੇ ਵੀ ਰੋਕ ਲਗਾਉਂਦੀ ਸੀ ਅਤੇ ਟੈਲੀਵਿਜ਼ਨ ਕੈਮਰਿਆਂ ਨਾਲ਼ ਗਲੀਆਂ 'ਚ ਜੋ ਅਸਲ ਵਿੱਚ ਨਜ਼ਰ ਆਉਂਦਾ ਸੀ ਉਸ 'ਤੇ ਵੀ ਰੋਕ ਲਾਉਂਦੀ ਸੀ। ਅਜਿਹਾ ਹੋਇਆ ਹੀ ਨਹੀਂ, ਹਕੂਮਤ ਕਹਿੰਦੀ ਸੀ। ਇਹੀ ਬਸਤੀਵਾਦੀ ਅਤੇ ਉਸਦੇ ਬਾਅਦ ਦੇ ਕੀਨੀਆ ਦਾ ਵੀ ਸੱਚ ਹੈ। ਕੀਨੀਆ ਦੇ ਸੰਗੀਤਕਾਰਾਂ ਨੂੰ 1990 ਵਿੱਚ ਇਸ ਲਈ ਗ੍ਰਿਫ਼ਤਾਰ ਕਰ ਲਿਆ ਗਿਆ ਕਿ ਉਹ ਨਰੋਬੀ ਦੇ ਮੁਔਰੋਤੋ ਦੇ ਵਾਸੀਆਂ ਦਾ ਰਾਜ ਦੁਆਰਾ ਕਤਲ ਕੀਤੇ ਜਾਣ ਵਿਰੁੱਧ ਸੰਗੀਤ ਦੀ ਰਚਨਾ ਕਰ ਰਹੇ ਸਨ। ਅਜਿਹਾ ਹੋਇਆ ਹੀ ਨਹੀਂ ਸੀ ਮੋਈ ਦੀ ਹਕੂਮਤ ਨੇ ਕਿਹਾ, ਇਸ ਤੱਥ ਦੇ ਬਾਵਜੂਦ ਕਿ ਇਹਨਾਂ ਕਤਲਾਂ ਨੂੰ ਸਥਾਨਿਕ ਅਤੇ ਕੌਮਾਂਤਰੀ ਪੱਤਰਕਾਰਾਂ ਅਤੇ ਪਾਦਰੀਆਂ ਨੇ ਆਪਣੀਆਂ ਅੱਖਾਂ ਨਾਲ਼ ਹੁੰਦੇ ਦੇਖਿਆ ਸੀ। 1992 ਤੋਂ ਹੁਣ ਤੱਕ ਉਹੀ ਹਕੂਮਤ ਆਪਣੇ ਅਰਧ-ਫ਼ੌਜੀ ਪੁਲਿਸ ਦਸਤੇ ਦੇ ਇੱਕ ਵਿਸ਼ੇਸ਼ ਹਤਿਆਰੇ ਟੁਕੜੇ ਨੂੰ ਕਬਾਇਲੀ ਪਹਿਰਾਵਾ ਪਹਿਨਾਉਂਦਾ ਹੈ ਤਾਂ ਕਿ ਰਿਫਟਵੈਲੀ ਸੂਬੇ ਦੇ ਮੂਲ ਭਾਈਚਾਰੇ ਦੇ ਲੋਕਾਂ ਦਾ ਕਤਲੇਆਮ ਕੀਤਾ ਜਾ ਸਕੇ। ਇਹ ਦਸਤਾ 'ਕਬੀਲਾ ਯੁੱਧ' ਦਾ ਕੰਮ ਸੰਪੂਰਨ ਕਰਦਾ ਹੈ। ਸ਼ਹਿਰੀ ਇਲਾਕਿਆਂ ਵਿੱਚ ਇਹ ਦਸਤਾ ਵਿਰੋਧੀ ਤਾਕਤਾਂ ਵਿਰੁੱਧ "ਗੈਂਗਵਾਰ" (Gangwar-ਅਨੁ) ਚਲਾਉਂਦਾ ਹੈ। "ਅਜਿਹਾ ਹੋਇਆ ਹੀ ਨਹੀਂ ਸੀ" ਹਕੂਮਤ ਕਹਿੰਦੀ ਹੈ, ਦੇਖਣ ਵਾਲ਼ਿਆਂ ਦੀ ਪ੍ਰਤੱਖ ਗਵਾਹੀ ਦੇ ਬਾਵਜੂਦ, ਪ੍ਰਮੁੱਖ ਚਰਚ ਅਤੇ ਕੌਮਾਂਤਰੀ ਮਨੁੱਖੀ ਅਧਿਕਾਰ ਜਥੇਬੰਦੀਆਂ ਦੀ ਨਿੰਦਿਆ ਦੇ ਬਾਵਜੂਦ। ਐਂਡਰਸਨ ਦੇ ਬੱਚੇ ਦੇ ਮੂੰਹੋਂ ਉਹੀ ਸੱਚ ਸੁਣਨ ਦਾ ਡਰ ਹਕੂਮਤ ਨੂੰ ਇਤਿਹਾਸ ਅਤੇ ਲੋਕਾਂ ਦੀ ਯਾਦ 'ਚੋਂ ਉਸ ਸ਼ਬਦ ਅਤੇ ਘਟਨਾ ਨੂੰ ਮਿਟਾ ਦੇਣ ਦਾ ਯਤਨ ਕਰਨ ਨੂੰ ਮਜਬੂਰ ਕਰਦਾ ਹੈ।

ਐਂਡਰਸਨ ਦੇ ਬੱਚੇ ਦੀ ਸੱਚਾਈ ਪ੍ਰਤੀ ਰਾਜ ਦੀ ਪ੍ਰਤੀਕ੍ਰਿਆ ਕਈ ਵਾਰ ਦੇਖੇ ਹੋਏ ਨੂੰ ਤੁੱਛ ਕਹਿਣ ਦੇ ਰੂਪ ਵਿੱਚ ਹੁੰਦੀ ਹੈ ਤਾਂ ਕਿ ਬੱਚੇ ਨੂੰ ਅਤੇ ਜਿਹਨਾਂ ਲੋਕਾਂ ਨੇ ਉਸਦੀ ਗੱਲ ਸੁਣੀ ਉਹਨਾਂ ਵਿੱਚ ਸ਼ੱਕ ਪੈਦਾ ਕੀਤਾ ਜਾ ਸਕੇ, ਕੀ ਸੱਚਮੁੱਚ ਤੁਸੀਂ ਬੱਚੇ 'ਤੇ ਯਕੀਨ ਕਰਦੇ ਹੋ ਜਾਂ ਜੋ ਦੇਖਿਆ ਉਸਨੂੰ ਭੁੱਲ ਜਾਓ ਕੀ ਸੱਚਮੁੱਚ ਤੁਸੀਂ ਯਕੀਨ ਕਰਦੇ ਹੋ ਕਿ ਰਾਜਾ ਨੰਗਾ ਹੋ ਸਕਦਾ ਹੈ? ਗੈਬਰੀਅਲ ਗਾਰਸ਼ੀਆ ਮਾਰਖੇਜ਼ ਦੇ ਨਾਵਲ 'ਵਨ ਹੰਡਰਡ ਇਯਰਜ਼ ਆਫ਼ ਸਾਲੀਟਿਊਡ' ਵਿੱਚ ਇਤਿਹਾਸ ਅਤੇ ਯਾਦ 'ਚੋਂ ਤੱਥਾਂ ਨੂੰ ਮਿਟਾ ਦੇਣ ਦੇ ਰਾਜ ਦੇ ਯਤਨਾਂ ਦਾ ਵਿਸਥਾਰ ਸਹਿਤ ਬਿਰਤਾਂਤ ਹੈ। ਨਾਵਲ ਦੇ ਮਾਕੋਂਡੋ ਨਾਮੀ ਸ਼ਹਿਰ ਦੇ ਬਸਤੀਵਾਦੀ ਗਣਤੰਤਰ ਦੇ ਦੌਰ ਵਿੱਚ ਤਿੰਨ ਹਜ਼ਾਰ ਹੜਤਾਲੀ ਮਜ਼ਦੂਰਾਂ ਦਾ ਕਤਲ ਕਰ ਦਿੱਤਾ ਜਾਂਦਾ ਹੈ। ਪਰ 'ਸੰਚਾਰ ਦੇ ਸਾਰੇ ਮਾਧਿਅਮਾਂ' ਨਾਲ਼ ਦੇਸ਼ ਭਰ ਵਿੱਚ ਹਜ਼ਾਰਾਂ ਵਾਰ ਵੱਡੇ ਪੱਧਰ 'ਤੇ ਸਰਕਾਰੀ ਭਾਸ਼ਣ ਪ੍ਰਸਾਰਿਤ ਕੀਤੇ ਜਾਣ ਬਾਅਦ ਵੀ ਮੰਨ ਲਿਆ ਜਾਂਦਾ ਹੈ ਕਿ 'ਕੋਈ ਨਹੀਂ ਮਰਿਆ ਸੀ'।14 ਸੰਭਾਵਿਤ ਜੋ ਲੋਕ ਇਸ ਬਾਰੇ ਗੱਲ ਕਰਨ 'ਤੇ ਉਤਾਰੂ ਸਨ ਉਹਨਾਂ ਨੂੰ ਭਾਲ਼-ਭਾਲ਼ਕੇ ਫ਼ੌਜ ਹਮੇਸ਼ਾ ਲਈ ਚੁੱਪ ਕਰਾਉਂਦੀ ਰਹੀ। ਮਾਰੇ ਗਏ ਲੋਕਾਂ ਦੇ ਸਬੰਧੀਆਂ ਨੂੰ, ਜਿਹਨਾਂ ਨੇ ਮੌਤ ਦਾ ਉਹ ਨਾਚ ਦੇਖਿਆ ਸੀ, ਫ਼ੌਜ ਸਮਝਾਉਂਦੀ ਰਹੀ 'ਤੁਸੀਂ ਸੁਪਨਾ ਦੇਖਿਆ ਹੋਵੇਗਾ। ਮਾਕੋਂਡਾ ਵਿੱਚ ਕੁਝ ਨਹੀਂ ਹੋਇਆ, ਕਦੇ ਕੁਝ ਨਹੀਂ ਹੋਇਆ, ਕਦੇ ਕੁਝ ਨਹੀਂ ਹੋਵੇਗਾ। ਇਹ ਇੱਕ ਖ਼ੁਸ਼ਹਾਲ ਸ਼ਹਿਰ ਹੈ।' ਇੱਥੋਂ ਤੱਕ ਕਿ ਉਹ ਲੋਕ ਵੀ ਜੋ ਇਸ ਕਤਲੇਆਮ ਦੇ ਪ੍ਰਤੱਖ ਦੇਖਣ ਵਾਲ਼ੇ ਸਨ, ਉਹਨਾਂ ਨੇ ਵੀ ਇਹ ਸ਼ੱਕ ਕਰਨਾ ਸ਼ੁਰੂ ਕਰ ਦਿੱਤਾ ਸੀ ਕਿ ਕੀ ਅਸਲ ਵਿੱਚ ਉਹਨਾਂ ਨੇ ਇਹ ਸਭ ਦੇਖਿਆ ਸੀ। ਸਰਕਾਰੀ ਇਤਿਹਾਸਕਾਰਾਂ ਨੇ ਸਰਕਾਰੀ ਭਾਸ਼ਣ ਨੂੰ ਸੱਚਾਈ ਦਾ ਜਾਮਾ ਪਾਉਣਾ ਸ਼ੁਰੂ ਕਰ ਦਿੱਤਾ। ਸਾਲਾਂ ਬਾਅਦ ਕੁਝ ਲੋਕ ਜਦ ਕਤਲੇਆਮ ਬਾਰੇ ਗੱਲ ਕਰਦੇ ਤਾਂ ਲੱਗਦਾ ਕਿ ਉਹ ਲੋਕ ਕਿਸੇ ਅਜਿਹੀ ਘਟਨਾ ਬਾਰੇ ਗੱਲ ਕਰ ਰਹੇ ਹਨ ਜੋ ਕਦੇ ਵਾਪਰੀ ਹੀ ਨਹੀਂ ਜਿਵੇਂ ਕਿ ਉਹ ਕੋਈ ਘੜੀ-ਘੜਾਈ ਗੱਲ ਦੱਸ ਰਹੇ ਹੋਣ ਕਿਉਂਕਿ ਇਹ ਇਤਿਹਾਸਕਾਰਾਂ ਦੁਆਰਾ ਉਸਾਰੇ ਉਸ ਝੂਠ ਵਿਰੁੱਧ ਹੁੰਦਾ ਜੋ ਸਕੂਲਾਂ ਦੀਆਂ ਪਾਠ-ਪੁਸਤਕਾਂ ਵਿੱਚ ਸ਼ਾਮਲ ਕਰ ਲਿਆ ਗਿਆ ਸੀ। ਆਪਣੇ ਨਾਵਲ 'ਇੰਨ ਦਿ ਕੈਸਲ ਆਫ਼ ਮਾਈ ਸਕਿਨ' ਵਿੱਚ ਜਾਰਜ ਲੇਮਿੰਗ ਨੇ ਗ਼ੁਲਾਮੀ ਦੀ ਯਾਦ ਅਫ਼ਰੀਕੀ ਬੱਚਿਆਂ ਦੇ ਦਿਮਾਗ਼ 'ਚੋਂ ਸਿੱਖਿਆ ਢਾਂਚੇ ਰਾਹੀਂ ਮਿਟਾ ਦੇਣ ਦੇ ਇੱਕ ਅਜਿਹੇ ਹੀ ਯਤਨ ਦਾ ਬਿਰਤਾਂਤ ਪੇਸ਼ ਕੀਤਾ ਹੈ। ਐਂਡਰਸਨ ਦਾ ਬੱਚਾ ਸ਼ੱਕ ਕਰਨਾ ਸ਼ੁਰੂ ਕਰ ਦਿੰਦਾ ਹੈ ਕਿ ਕੀ ਉਸਨੇ ਅਸਲ ਵਿੱਚ ਰਾਜੇ ਨੂੰ ਨੰਗਾ ਦੇਖਿਆ ਸੀ। ਪਰ ਮਾਰਖ਼ੇਜ਼ ਅਤੇ ਲੇਮਿੰਗ ਦੀਆਂ ਕਥਾਵਾਂ ਵਿੱਚ ਸੱਚ ਨੂੰ ਅਮਰ ਕਰ ਦਿੱਤਾ ਗਿਆ ਹੈ ਅਤੇ ਇਸ ਨਜ਼ਰੀਏ ਤੋਂ ਇਹ ਦੋਵੇਂ ਕਥਾਵਾਂ ਐਂਡਰਸਨ ਦੀ ਉਸ ਬੱਚੇ ਦੀ ਭੂਮਿਕਾ ਨਿਭਾਉਂਦੀਆਂ ਹਨ ਜੋ ਉਸ ਗੱਲ ਨੂੰ ਸ਼ਬਦ ਦਿੰਦਾ ਹੈ ਜਿਸਨੂੰ ਸਾਰੇ ਦੇਖਦੇ ਹਨ ਪਰ ਰਾਜਸੱਤ੍ਹਾ ਦੁਆਰਾ ਇੰਨਾ ਅੰਨ੍ਹਾ ਬਣਾ ਦਿੱਤਾ ਗਿਆ ਕਿ ਉਹ ਬੋਲ ਨਹੀਂ ਸਕਦੇ।

**ਪੰਜ :** ਇਹ ਮੈਨੂੰ ਤੀਜੇ ਪੱਖ ਵੱਲ ਲੈ ਜਾਂਦਾ ਹੈ। ਇਸਦਾ ਸਬੰਧ 'ਅਵਾਜ਼' ਨਾਲ਼ ਹੈ ਅਤੇ ਕੁਝ ਹੀ ਸਮੇਂ ਵਿੱਚ ਮੈਂ ਇਸਦੀ ਚਰਚਾ ਕਰਾਂਗਾ। ਮੈਂ 'ਅਵਾਜ਼' ਸ਼ਬਦ ਦੀ ਵਰਤੋਂ ਇਸਦੇ ਵਿਸ਼ਾਲ ਅਰਥ ਵਿੱਚ ਕਰ ਰਿਹਾ ਹਾਂ। ਪ੍ਰਿਸਯਨਾਇਟ ਅਰਥਾਂ ਵਿੱਚ ਸਪੱਸ਼ਟ ਅਤੇ ਅਸਪੱਸ਼ਟ ਦੋਵਾਂ ਤਰ੍ਹਾਂ ਦੀ ਅਵਾਜ਼ ਲਈ ਅਤੇ ਸੰਕੇਤ ਦੇ ਅਗਸਟੀਯ ਅਰਥਾਂ ਵਿੱਚ ਵੀ। ਭਾਵ ਵੰਨ-ਸੁਵੰਨੀਆਂ ਚੀਜ਼ਾਂ ਜੋ ਯਥਾਰਥ ਨੂੰ ਨਿਸ਼ਚਿਤ ਤਾਂ ਕਰਦੀਆਂ ਹਨ ਪਰ ਸੰਕੇਤਾਂ ਦੇ ਵਰਗੇ ਯਥਾਰਥ ਵਰਗੀਆਂ ਨਹੀਂ ਹੁੰਦੀਆਂ। ਮੈਂ ਵਿਸ਼ਾਲ ਸੰਭਵ ਮਨੁੱਖੀ ਅੰਦਾਜ਼ ਬਾਰੇ ਸੋਚ ਰਿਹਾ ਹਾਂ ਜਿਸ ਤੋਂ ਕੋਈ ਅਰਥ, ਕੋਈ ਇੱਛਾ, ਕੋਈ ਫੈਸਲਾ, ਕੋਈ ਭਾਵਨਾ ਜਾਂ ਹੋਣ ਦੀ ਕੋਈ ਹਾਲਤ ਪ੍ਰਗਟ ਹੋ ਸਕਦੀ ਹੈ। ਭਾਈਚਾਰੇ ਦੀ ਅਵਾਜ਼ ਲਈ ਰਾਜ ਅਤੇ ਕਲਾ ਦਾ ਘੋਲ਼ ਅਜਿਹਾ ਹੀ ਹੈ ਕਿ ਇੱਕ ਤਾਂ ਇਸਨੂੰ ਚੁੱਪ ਕਰਾ ਦੇਣਾ ਚਾਹੁੰਦਾ ਹੈ ਅਤੇ ਦੂਜਾ ਚੁੱਪ ਨੂੰ ਮੁੱਖ ਬਣਾ ਦੇਣਾ ਚਾਹੁੰਦਾ ਹੈ।

ਇਥੋਪੀਆਈ ਲੇਖਕ ਹਾਮਾ ਤੁਮਾ ਨੇ ਕਹਾਣੀਆਂ ਦੇ ਆਪਣੇ ਸੰਗ੍ਰਹਿ 'ਦਿ ਕੇਸ ਆਫ਼ ਸੋਸ਼ਲਿਸਟ ਵਿੱਚ ਡਾਕਟਰ' ਵਿੱਚ ਬਸਤੀਵਾਦ ਦੀ ਜ਼ਬਰੀ ਹਕੂਮਤ ਦੇ ਇਸ ਪੱਖ ਨੂੰ ਚੰਗੀ ਤਰ੍ਹਾਂ ਉਕੇਰਿਆ ਹੈ। ਮਹਾਨ ਵਿਅੰਗਕਾਰਾਂ ਦੀ ਪਰੰਪਰਾ ਵਿੱਚ ਹਾਮਾ ਸਮ੍ਰਾਟ ਹੇਲਸੇਲਾਸੀ ਅਤੇ ਉਸਨੂੰ ਪੁੱਟ ਸੁੱਟਣ ਵਾਲ਼ੇ ਦਰਗੁ ਦੀ ਫ਼ੌਜੀ ਹਕੂਮਤ ਦੇ ਦੌਰ ਵਿੱਚ ਇਥੋਪੀਆ ਦੇ ਆਮ ਜੀਵਨ ਦਾ ਬਿਰਤਾਂਤ ਪੇਸ਼ ਕਰਦੇ ਹਨ। ਇੱਕ ਕਹਾਣੀ 'ਦਿ ਕੇਸ ਆਫ਼ ਟ੍ਰੇਚਰਸ ਅਲਫਾਬੇਟ' ਵਿੱਚ ਡਾਚ ਮੇਲਕੇ, ਜੋ ਤੀਹ ਸਾਲ ਤੋਂ ਇੱਕ ਸਰਕਾਰੀ ਪ੍ਰੈੱਸ ਵਿੱਚ ਮਜ਼ਦੂਰ ਹੈ, ਉਸਨੂੰ ਕੇਵਲ ਇਸ ਲਈ ਕਚਹਿਰੀ ਵਿੱਚ ਘਸੀਟ ਲਿਆਇਆ ਜਾਂਦਾ ਹੈ ਕਿ ਸਰਕਾਰੀ ਅਖ਼ਬਾਰ 'ਰੈਲੀ' ਦੇ ਇੱਕ ਅੰਕ ਵਿੱਚ ਇੱਕ ਸ਼ਬਦ ਟਿਕਮੇ ਨੂੰ ਟਿਕਡੇਮ ਲਿਖ ਦਿੱਤਾ ਸੀ ਜੋ ਇਥੋਪੀਆ ਦੇ ਪਵਿੱਤਰ ਨਾਅਰੇ 'ਇਥੋਪੀਆ ਟਿਕਡੇਮ' ਭਾਵ

‘ਪਹਿਲਾਂ ਇਥੋਪੀਆ’ ਨੂੰ ‘ਕਮਜ਼ੋਰ ਇਥੋਪੀਆ’ ਬਣਾ ਦਿੰਦਾ ਹੈ। ਉਸਨੂੰ ਉਮਰ ਕੈਦ ਅਤੇ ਸਰਕਾਰੀ ਪ੍ਰੈਸ ਵਿੱਚ ਟੱਟੀਆਂ ਸਾਫ਼ ਕਰਨ ਦੀ ਸਜ਼ਾ ਦਿੱਤੀ ਗਈ। ਇਸਦੇ ਨਾਲ ਹੀ ਉਸਨੂੰ ਲਗਾਤਾਰ ਟਾਈਪ ਜੋੜਨ ਦੀ ਸਜ਼ਾ ਦਿੱਤੀ ਗਈ ਜਿਸਨੂੰ ਪੂਰਾ ਹੁੰਦੇ ਹੀ ਤੋੜ ਦਿੱਤਾ ਜਾਂਦਾ ਸੀ। ਜਿਵੇਂ ਕਿ ਕਥਾਕਾਰ ਨੇ ਵਿਅੰਗ ਲਿਖਿਆ ਹੈ ਇਨਕਲਾਬ ਤੋਂ ਪਹਿਲਾਂ ਸ਼ਿਕਾਰ ਸ਼ਬਦ ਹੁੰਦੇ ਹਨ। ਪਰ ਕਥਾ ਵਿੱਚ ਇਨਕਲਾਬ ਨੇ ਪੂਰੀ ਵਰਨਮਾਲਾ ਦਾ ਹੀ ਕਤਲ ਕਰ ਦਿੱਤਾ ਹੈ। “ਤੁਹਾਨੂੰ ਕੀ ਆਸ ਹੈ?” ਉਹ ਪੁੱਛਦਾ ਹੈ। “ਅਸੀਂ ਗ਼ਰੀਬ ਲੋਕ ਹਾਂ ਅਤੇ ਅਸੀਂ ਸ਼ਬਦਾਂ ਦੇ ਵੀ ਕਾਬਲ ਨਹੀਂ ਹਾਂ।” ਪਹਿਲੀ ਕਹਾਣੀ ‘ਦਿ ਕੇਸ ਆਫ਼ ਵਿੱਚ ਡਾਕਟਰ’ ਵਿੱਚ ਇੱਕ ਹੋਰ ਇਥੋਪੀਆਈ ਬੁੱਧੀਜੀਵੀ ’ਤੇ ਉਲਟ-ਇਨਕਲਾਬੀ ਜਾਦੂ-ਟੂਣਾ ਕਰਨ ਦਾ ਦੋਸ਼ ਲਾਇਆ ਜਾਂਦਾ ਹੈ। ਅਸਲ ਵਿੱਚ ਉਹ ਕਹਿੰਦਾ ਹੈ ਕਿ ਲੋਕਾਂ ਦਾ ਖ਼ਾਸ ਤੌਰ ’ਤੇ ਸਰਕਾਰੀ ਲੋਕਾਂ ਦਾ ਮਨੋਵਿਕਾਰ ਦੂਰ ਕਰਨ ਲਈ ਉਹਨਾਂ ਨੂੰ ਉਹਨਾਂ ਦੇ ਹੀ ਪਖੰਡ ਨਾਲ ਰੂ-ਬ-ਰੂ ਕਰਾ ਦਿੰਦਾ ਹੈ। ਉਸਨੂੰ ਵੀ ਅਪਰਾਧੀ ਮੰਨਿਆ ਜਾਂਦਾ ਹੈ ਅਤੇ ਉਮਰ ਕੈਦ ਦੀ ਸਜ਼ਾ ਸੁਣਾ ਦਿੱਤੀ ਜਾਂਦੀ ਹੈ ਜਿੱਥੇ ‘ਦੋਸ਼ੀ ਨੂੰ ਪੂਰੀ ਤਰ੍ਹਾਂ ਚੁੱਪ ਰੱਖਣਾ ਹੈ। ਕੋਈ ਉਸ ਨਾਲ ਗੱਲਬਾਤ ਨਹੀਂ ਕਰੇਗਾ। ਜੇਕਰ ਉਹ ਕੁਝ ਬੋਲਦਾ ਹੈ ਤਾਂ ਹਰ ਸ਼ਬਦ ਲਈ ਉਸਨੂੰ ਗੰਭੀਰ ਸਜ਼ਾ ਦਿੱਤੀ ਜਾਵੇਗੀ। ਇਸ ਤਰ੍ਹਾਂ ਉਹ ਆਪਣੇ ਹੀ ਵਿਚਾਰਾਂ ਅਤੇ ਅਣ-ਬੋਲੇ ਸ਼ਬਦ ਦੀ ਗਰਮੀ ਵਿੱਚ ਮੱਚ ਕੇ ਖ਼ਤਮ ਹੋ ਜਾਵੇਗਾ।’

ਪਰ ਕਲਾ ਦੇਸ਼ ਦੀ ਅਵਾਜ਼ ਨੂੰ ਵਾਪਸ ਮੋੜਨ ਦਾ ਯਤਨ ਕਰਦੀ ਹੈ। ਕਾਗਜ਼ਾਂ ’ਤੇ ਸ਼ਬਦਾਂ ਦੀ ਚੁੱਪ ਦੀ ਕਲਪਨਾ ਕਰੋ। ਮੂਰਤੀਆਂ ਦੀ ਜ਼ਾਹਿਰਾ ਚੁੱਪ ਦੀ ਕਲਪਨਾ ਕਰੋ। ਪਰ ਤੁਸੀਂ ਉਹਨਾਂ ਦੀ ਅਵਾਜ਼ ਸੁਣ ਸਕਦੇ ਹੋ। ਇੱਕ ਮੂਰਤੀਕਾਰ ਵੀ ਚੀਕ ਸਕਦਾ ਹੈ। ਸ਼ਾਇਦ ਕਲਾ ਦੇ ਇਸ ਪੱਖ ਨੂੰ ਅਸੀਂ ‘ਮੁੰਚ’ ਦਾ ਪ੍ਰਭਾਵ ਕਹਾਂਗੇ। ਐਡਵਰਡ ਮੁੰਚ ਨਾਰਵੇ ਦਾ ਚਿੱਤਰਕਾਰ ਸੀ। ਤੁਹਾਨੂੰ ਉਸਦੇ ਕੈਨਵਸ ਉਤਲੇ ਸੰਤਰੀ ਰੰਗ ਯਾਦ ਹੋਣਗੇ। ਉਸਨੇ ਪ੍ਰਸਿੱਧ ਚੀਕਦੀ ਹੋਈ ਮੂਰਤੀ ਦਾ ਚਿੱਤਰ ਬਣਾਇਆ ਸੀ। ਭਾਵੇਂ ਜਿਵੇਂ ਵੀ ਤੁਸੀਂ ਉਸਨੂੰ ਦੇਖੋ ਉਹ ਚੀਕਦੀ ਨਜ਼ਰ ਆਉਂਦੀ ਹੈ। ਸਮਾਂ ਅਤੇ ਸਥਾਨ ਦੀ ਹੱਦ ਤੋਂ ਪਰ੍ਹੇ। ਔਕੋਟ ਪੀ ’ਬਿਟੇਕ ਦੀ ਇੱਕ ਕਹਾਣੀ ਵਿੱਚ ਵੀ ਇੱਕ ਕੱਦੂ ਦੇ ਮਹੀਨ ਅਵਾਜ਼ ਵਿੱਚ ਚੀਕਣ ਦਾ ਪੂਰਾ ਬਿਰਤਾਂਤ ਹੈ। ਔਕੋਟ ਪੀ ’ ਬਿਟੇਕ ਯੁਗਾਂਡਾ ਦੇ ਲੇਖਕ ਹਨ ਜੋ ਆਪਣੀਆਂ ਲੰਬੀਆਂ ਕਵਿਤਾਵਾਂ ਨੂੰ ਗੀਤ ਕਹਿੰਦੇ ਹਨ। ਉਹਨਾਂ ਦੇ ਗੀਤਾਂ ਵਿੱਚ, ਜਿਵੇਂ ਕਿ ਉਹ ਆਪਣੀ ਜ਼ਿੰਦਗੀ ਵਿੱਚ ਵੀ ਰਹੇ, ਔਕੋਟ ਸੁਕਰਾਤ ਦੀ ਵੱਡੀ ਮੱਖੀ ਵਾਂਗ ਹੈ ਜੋ ਅਨੇਕ ਸਵਾਲ ਪੁੱਛਦੇ ਰਹਿੰਦੇ ਹਨ, ਜੋ ਆਮ ਤੌਰ ’ਤੇ ਉਹਨਾਂ ਲੋਕਾਂ ਨੂੰ ਪ੍ਰੇਸ਼ਾਨ ਕਰਦੇ ਰਹਿੰਦੇ ਹਨ ਜੋ ਸੱਤ੍ਹਾ ਵਿੱਚ ਹੁੰਦੇ ਹਨ ਅਤੇ ਪੂਰੇ ਅਫ਼ਰੀਕੀ ਮੱਧਵਰਗ ਨੂੰ ਜੋ ਅਫ਼ਰੀਕਾ ਵਿਰੁੱਧ ਤੇ ਯੂਰਪ ਦੇ ਨਾਲ ਆਪਣੇ ਆਪ ਨੂੰ ਜੋੜ ਕੇ ਦੇਖਣਾ ਚਾਹੁੰਦਾ ਹੈ। ਔਕੋਟ ਪੀ ’ਬਿਟੇਕ ਇੱਕ ਬਿਹਤਰੀਨ ਕਹਾਣੀਕਾਰ ਵੀ ਸਨ। ਕਲਾ ਦਾ ਚੌਥਾ ਪੱਖ ਜੋ ਉਸਨੂੰ ਮੁੰਚ ਦੀ ਚੀਕ ਨਾਲ ਜੋੜਦਾ ਹੈ, ਉਹ ਇੱਕ ਕਹਾਣੀ ਵਿੱਚ ਹੈ ਜੋ ਉਹ ਆਮ ਤੌਰ ’ਤੇ ਸੁਣਾਇਆ ਕਰਦੇ ਸਨ। ਉਹ ਕਹਾਣੀ ਉਹਨਾਂ ਦੀਆਂ ਕਥਾਵਾਂ ਦੇ ਇੱਕ ਸੰਗ੍ਰਹਿ ‘ਦਿ ਹੇਅਰ ਐਂਡ ਦਿ ਹੌਰਨਬਿਲ’ (ਖ਼ਰਗੋਸ਼ ਅਤੇ ਕੱਛੂ) ਵਿੱਚ ਹੈ। ਇਸ ਕਹਾਣੀ ਦਾ ਨਾਂ ‘ਦਿ ਹੇਅਰ ਐਂਡ ਹਿਜ਼ ਮਦਰ ਇਨ ਲਾਅ’ (ਖ਼ਰਗੋਸ਼ ਅਤੇ ਉਸਦੀ ਸੱਸ)।

ਖ਼ਰਗੋਸ਼ ਆਮ ਤੌਰ ’ਤੇ ਮੌਖਿਕ ਕਥਾ ਵਿੱਚ ਇੱਕ ਅਜੂਬਾ ਕਿਰਦਾਰ ਹੈ। ਉਸਦੀ ਪੂਰਬੀ ਅਫ਼ਰੀਕਾ ਵਿੱਚ ਉਹੀ ਹੈਸੀਅਤ ਹੈ ਜੋ ਮੱਕੜੀ ਦੀ ਪੱਛਮੀ ਅਫ਼ਰੀਕਾ ਵਿੱਚ ਹੈ। ਉਹ ਮਜ਼ਬੂਤ ਨੂੰ ਹਰਾਉਣ ਵਾਲੇ ਕਮਜ਼ੋਰ ਦੀ ਭੂਮਿਕਾ ਵਿੱਚ ਕੰਮ ਕਰਦਾ ਹੈ। ਪਰ ਜੋ ਉਸ ਤੋਂ ਕਮਜ਼ੋਰ ਹੈ ਉਹ ਉਸਨੂੰ ਵੀ ਹਰਾ ਦਿੰਦਾ ਹੈ। ਜਿਵੇਂ ਕੀੜੀਆਂ ਅਤੇ ਪੌਦੇ। ਕਹਾਣੀ ਇਸ ਤਰ੍ਹਾਂ ਹੈ। ਖ਼ਰਗੋਸ਼ ਇੱਕ ਸੋਹਣੀ ਕੁੜੀ ਨਾਲ ਵਿਆਹ ਕਰਦਾ ਹੈ। ਪਰ ਦੇਖਦਾ ਹੈ ਕਿ ਉਸਦੀ ਸੱਸ ਉਸ ਤੋਂ ਵੀ ਵੱਧ ਸੋਹਣੀ ਹੈ। ਖ਼ਰਗੋਸ਼ ਆਪਣੀ ਸੱਸ ਨਾਲ ਵੀ ਪਿਆਰ ਕਰਨ ਦੀ ਯੋਜਨਾ ਬਣਾਉਂਦਾ ਹੈ। ਪਰ ਕਿਸੇ ਨੂੰ ਬਿਨ੍ਹਾਂ ਜਾਣੇ ’ ਕਿਉਂਕਿ ਅਜਿਹਾ ਕਰਨਾ ਗ਼ਲਤ ਅਤੇ ਸ਼ਰਮਨਾਕ ਮੰਨਿਆ ਜਾਂਦਾ ਹੈ, ਉਹ ਆਪਣੀ ਸੱਸ ਦੀਆਂ ਆਦਤਾਂ ਦਾ ਅਧਿਐਨ ਕਰਨਾ ਸ਼ੁਰੂ ਕਰ ਦਿੰਦਾ ਹੈ। ਉਹ ਦੇਖਦਾ ਹੈ ਕਿ ਹਰ ਰੋਜ਼ ਜਦ ਸੂਰਜ ਅਸਮਾਨ ’ਤੇ ਇੱਕ ਖ਼ਾਸ ਥਾਂ ਪਹੁੰਚਦਾ ਹੈ ਅਤੇ ਸੰਸਾਰ ਨੂੰ ਠੀਕ ਮਾਤਰਾ ਵਿੱਚ ਗਰਮੀ ਪਹੁੰਚਾਉਂਦਾ ਹੈ ਤਾਂ ਉਸਦੀ ਸੱਸ ਇੱਕ ਖ਼ਾਲੀ ਥਾਂ ਵਿੱਚ ਜਾਂਦੀ ਹੈ ਅਤੇ ਇੱਕ ਖ਼ਾਸ ਥਾਂ ’ਤੇ ਬੈਠਦੀ ਹੈ। ਖ਼ਰਗੋਸ਼ ਉੱਥੇ ਇੱਕ ਟੋਇਆ ਪੱਟਦਾ ਹੈ ਅਤੇ ਉਸ ਵਿੱਚ ਲੁਕ ਜਾਂਦਾ ਹੈ, ਜਦ ਸੱਸ ਧੁੱਪ ਸੇਕਣ ਉੱਥੇ ਆਉਂਦੀ ਹੈ ਤਾਂ ਦੇਖਦੀ ਹੈ ਕਿ ਉਸ ਦਿਨ ਧੁੱਪ ਕੁਝ ਜ਼ਿਆਦਾ ਹੀ ਗਰਮ ਹੈ। ਇਹ ਹਾਲਤ ਕੁਝ ਦਿਨਾਂ ਤੱਕ ਬਣੀ ਰਹਿੰਦੀ ਹੈ ਅਤੇ ਖ਼ਰਗੋਸ਼ ਇਸ ਤੋਂ ਬਹੁਤ ਖ਼ੁਸ਼ ਹੁੰਦਾ ਹੈ। ਸੱਸ ਧੁੱਪ ਸੇਕ ਰਹੀ ਹੈ, ਖ਼ਰਗੋਸ਼ ਉਸਨੂੰ ਦੇਖ-ਦੇਖ ਖ਼ੁਦ ਨੂੰ ਖ਼ੁਸ਼ ਕਰਦਾ ਹੈ ਅਤੇ ਸਭ ਤੋਂ ਮਹੱਵਪੂਰਣ ਹੈ ਕਿ ਕੋਈ ਉਹਨਾਂ ਨੂੰ ਦੇਖਦਾ ਜਾਂ ਫੜਦਾ ਨਹੀਂ। ਉਹ ਸਭ ਨੂੰ ਮੂਰਖ ਬਣਾ ਰਿਹਾ ਹੈ। ਮਾੜੀ ਕਿਸਮਤ ਨੂੰ ਕੋਈ ਹੈ ਜੋ ਚੁੱਪ-ਚਾਪ ਸਭ ਕੁਝ ਦੇਖ ਰਿਹਾ ਹੈ। ਇੱਕ ਕੱਦੂ-ਕੱਦੂ ਕੁਝ ਬੋਲ ਨਹੀਂ ਸਕਦਾ। ਇਹ ਇੱਕ ਗੂੰਗੀ ਹਾਜ਼ਰੀ ਹੈ। ਕਲਾ ਦੀ ਰਚਨਾ ਵਾਂਗ। ਇੱਕ ਚਿੱਤਰ, ਇੱਕ ਮੂਰਤੀ, ਕਲਾ ਦੀ ਕੋਈ ਵੀ ਰਚਨਾ ਜੋ ਕੰਧ ’ਤੇ ਟੰਗੀ ਹੋਵੇ। ਉਸਦੀ ਆਮ ਤੌਰ ’ਤੇ ਨੇੜੇ-ਤੇੜੇ ਹਾਜ਼ਰ ਹੁੰਦੇ ਹਨ, ਅਣਦੇਖੀ ਕਰਦੇ ਹਨ। ਕੱਦੂ ਉਸੇ ਤਰ੍ਹਾਂ ਚੁੱਪ ਹੈ ਜਾਂ ਖ਼ਰਗੋਸ਼ ਅਜਿਹਾ ਸਮਝਦਾ ਹੈ। ਸ਼ਾਮ ਨੂੰ ਜਦ ਸਭ ਲੋਕ ਧੂੰਈਂ ਦੇ ਕੋਲ ਹੁੰਦੇ ਹਨ ਕੱਦੂ ਗਾਉਣਾ ਸ਼ੁਰੂ ਕਰ ਦਿੰਦਾ ਹੈ ਕਿ ਖ਼ਰਗੋਸ਼ ਨੇ ਆਪਣੀ ਸੱਸ ਨਾਲ ਇੱਕ ਸੁੰਦਰ ਹਾਦਸੇ ਨੂੰ ਸਿਰੇ ਚਾੜ੍ਹਿਆ ਹੈ। ਪਰ ਖ਼ਰਗੋਸ਼ ਉਸਨੂੰ ਪੂਰੀ ਕਹਾਣੀ ਸੁਣਾਉਣ ਨਹੀਂ ਦਿੰਦਾ। ਉਸਨੂੰ ਬਾਹਰ ਸੁੱਟ ਦਿੰਦਾ ਹੈ ਪਰ ਕੱਦੂ ਹੋਰ ਜ਼ੋਰ ਨਾਲ ਗਾਉਣਾ ਸ਼ੁਰੂ ਕਰ ਦਿੰਦਾ ਹੈ। ਖ਼ਰਗੋਸ਼ ਉੱਥੇ ਵੀ ਪਹੁੰਚ ਜਾਂਦਾ ਹੈ। ਉਸਦੇ ਛੋਟੇ-ਛੋਟੇ ਟੁਕੜੇ ਕਰ ਦਿੰਦਾ ਹੈ, ਪੀਂਹਦਾ ਹੈ ਅਤੇ ਖਾ ਜਾਂਦਾ ਹੈ। ਉਹ ਵਾਪਸ ਸੰਤੁਸ਼ਟ ਹੋ ਕੇ ਪਹੁੰਚਦਾ ਹੈ ਕਿ ਕੱਦੂ ਦੀ ਅਵਾਜ਼ ਉਸਨੇ ਬੰਦ ਕਰ ਦਿੱਤੀ। ਪਰ ਉਸਦਾ ਢਿੱਡ ਗੁੜਗੁੜਾਉਣ ਲੱਗਦਾ ਹੈ ਅਤੇ ਫਿਰ ਉਹੀ ਅਵਾਜ਼ ਆਉਣ ਲੱਗਦੀ ਹੈ। ਖ਼ਰਗੋਸ਼ ਬਾਹਰ ਭੱਜਦਾ ਹੈ ਅਤੇ ਪਖਾਨੇ ਰਾਹੀ ਸਭ ਬਾਹਰ ਕੱਢ ਦਿੰਦਾ ਹੈ। ਬੀਜ ਉੱਗਦੇ ਹਨ। ਕੱਦੂ ਦੇ ਅਨੇਕ ਪੌਦੇ ਵੱਡੇ ਹੁੰਦੇ ਹਨ। ਹੁਣ ਇਸਦੇ ਗੀਤਾਂ ਨੂੰ ਰੋਕਿਆ ਨਹੀਂ ਜਾ ਸਕਦਾ। ਇਹਨਾਂ ਗੀਤਾਂ ਤੋਂ ਖ਼ਰਗੋਸ਼ ਅਤੇ ਸੱਸ ਦਾ ਸਬੰਧ ਜੱਗ-ਜਾਹਰ ਹੋ ਜਾਂਦਾ ਹੈ। ਅੰਤ ਵਿੱਚ ਸੱਚ ਸਾਹਮਣੇ ਆ ਜਾਂਦਾ ਹੈ। ਔਕੋਟ ਦੀ ਕਹਾਣੀ, ਖ਼ਾਸ ਤੌਰ ’ਤੇ ਕੱਦੂ ਦਾ ਗਾਉਣਾ ਕਲਾ ਦੇ ਮੁੰਚ ਵਾਲੇ ਪੱਖ ਦੀ ਅਲੰਕਾਰਕ ਪੁਸ਼ਟੀ ਕਰਦਾ ਹੈ: ਸੱਚ ਦੀ ਸਥਾਪਨਾ ਦੇ ਲਈ ਚੁੱਪ ਵੀ ਬੋਲ ਸਕਦੀ ਹੈ ਅਤੇ ਸੱਚ ਕੇਵਲ ਲੋਕਾਂ ਨੂੰ ਤਾਕਤਵਰ ਬਣਾਉਂਦਾ ਹੈ।

ਨਵ-ਬਸਤੀਵਾਦੀ ਰਾਜ ਲੋਕਾਂ ਦੀ ਅਵਾਜ਼ ਬੰਦ ਕਰਨ ਦਾ ਯਤਨ ਕਰਦਾ ਹੈ। ਕਈ ਵਾਰ ਜਥੇਬੰਦ ਹੋਣ ਦਾ ਹੱਕ ਵੀ ਖੋਹ ਲਿਆ ਜਾਂਦਾ ਹੈ। ਲੋਕਾਂ ਨੂੰ ਆਪਣੀ ਅਵਾਜ਼ ਉਠਾਉਣ ਲਈ ਇਕੱਠਾ ਨਹੀਂ ਹੋਣ ਦਿੱਤਾ ਜਾਂਦਾ। ਇੱਕ ਸਮੇਂ ਕੀਨੀਆ ਵਿੱਚ ਤੋਰੋਇਤਿਚ ਅਰਪ ਮੋਈ ਨੇ ਸਰਵਜਨਕ ਵਾਹਨਾਂ ਵਿੱਚ ਸਿਆਸਤ ’ਤੇ ਬਹਿਸ ਕਰਨ ’ਤੇ ਰੋਕ ਲਗਾ ਦਿੱਤੀ ਸੀ। ਇੱਕ ਹੋਰ ਹੁਕਮ ਰਾਹੀਂ ਸਰਵਜਨਕ ਵਾਹਨਾਂ ਅਤੇ ਗੱਡੀਆਂ ਵਿੱਚ ਸੰਗੀਤ ਵਜਾਉਣ ’ਤੇ ਰੋਕ ਲਗਾਉਣ



ਦਾ ਯਤਨ ਕੀਤਾ ਗਿਆ ਸੀ। ਅਜਿਹੀ ਹਾਲਤ ਵਿੱਚ ਤੁਸੀਂ ਦੇਖ ਸਕਦੇ ਹੋ ਕਿ ਕਿਸ ਤਰ੍ਹਾਂ ਕਲਾ ਦੀ ਸਥਿਤੀ ਰਾਜ ਦੀ ਕਲਾ ਨਾਲ ਘੋਲ ਦੀ ਹਾਲਤ ਵਿੱਚ ਹੁੰਦੀ ਹੈ। ਕੋਈ ਨਾਵਲ ਜਾਂ ਕੋਈ ਕਹਾਣੀ ਅਜਿਹੀ ਹਾਲਤ ਪੈਦਾ ਕਰ ਸਕਦੀ ਜਿਸ ਵਿੱਚ ਲੋਕ ਆਪਣੇ ਜੀਵਨ ਵਿੱਚ ਵਰਜਿਤ ਮੁੱਦਿਆਂ ’ਤੇ ਬਹਿਸ ਕਰ ਸਕਦੇ ਹਨ। ਕਹਾਣੀ ਆਪਣੀ ਹੋਂਦ ਵਿੱਚ ਹੀ ਅਤੇ ਉਹਨਾਂ ਅਵਾਜ਼ਾਂ ਰਾਹੀਂ ਜਿਹਨਾਂ ਦੀ ਉਹ ਨੁਮਾਇੰਦਗੀ ਕਰਦੀ ਹੈ ਅਸਲ ਵਿੱਚ ਚੁੱਪ ਦੇ ਕਨੂੰਨ ਨੂੰ ਤੋੜਦੀ ਹੈ। 19ਵੀਂ ਸਦੀ ਵਿੱਚ ਰੂਸੀ ਨਾਵਲਕਾਰਾਂ ਨੇ ਬਹੁ-ਸੰਖਿਅਕ ਗ਼ਰੀਬਾਂ ’ਤੇ ਜਾਰ ਦੁਆਰਾ ਲੱਦੀ ਗਈ ਚੁੱਪ ਨੂੰ ਅਵਾਜ਼ ਦਿੱਤੀ। ਇਸ ਲਈ ਲੈਨਿਨ ਨੇ ਤਾਲਸਤਾਏ ਦੀਆਂ ਕਿਰਤਾਂ ਦੀ ਸਮੀਖਿਆ ਕਰਦੇ ਹੋਏ ਉਹਨਾਂ ਨੂੰ ਰੂਸੀ ਇਨਕਲਾਬ ਦਾ ਸ਼ੀਸ਼ਾ ਦੱਸਿਆ ਸੀ ਕਿਉਂਕਿ ਤਾਲਸਤਾਏ ਦੀਆਂ ਕਿਰਤਾਂ ਵਿੱਚ ਰੂਸ ਦੇ ਕਿਸਾਨਾਂ ਨੂੰ ਆਪਣੀ ਅਵਾਜ਼ ਮਿਲੀ ਸੀ।

ਕਲਾ ਪੈਗੰਬਰਾਂ ਦੀ ਮਹਾਨ ਪਰੰਪਰਾ ਚੁੱਪ ਨੂੰ ਅਵਾਜ਼ ਦਿੰਦੀ ਹੈ। ਸੁਕਰਾਤ ਉਹਨਾਂ ਲੋਕਾਂ ਦੇ ਮਨ ਵਿੱਚ ਵਸੇ ਸ਼ੰਕਾਂ ਨੂੰ ਹੀ ਅਵਾਜ਼ ਦੇ ਰਹੇ ਸਨ ਜੋ ਚੁੱਪ ਸਨ। ਐਂਡਰਸਨ ਦਾ ਬੱਚਾ ਵੀ ਉਸੇ ਗੱਲ ਨੂੰ ਆਪਣੀ ਅਵਾਜ਼ ਦੇ ਰਿਹਾ ਸੀ ਜੋ ਦੇਖ ਤਾਂ ਸਾਰੇ ਰਹੇ ਸਨ ਪਰ ਬੋਲ ਨਹੀਂ ਰਹੇ ਸਨ।

ਅੱਜ ਦੇ ਅਫ਼ਰੀਕੀ ਲੇਖਕ ਉਹੀ ਕਹਿ ਰਹੇ ਹਨ ਜਿਸਨੂੰ ਬਹੁਗਿਣਤੀ ਲੋਕ ਅਸਲ ਵਿੱਚ ਦੇਖ ਰਹੇ ਹਨ। ਜਿਸ ਬਾਰੇ ਨਾ ਬੋਲਣ ਦਾ ਉਹਨਾਂ ’ਤੇ ਦਬਾਅ ਹੈ। ਚੁੱਪ ਨੂੰ ਅਵਾਜ਼ ਦੇਣ ਦੀ ਇਹੀ ਯੋਗਤਾ ਹੈ ਜੋ ਵਰਡਸਵਰਥ ਦੀ ਇਸ ਟਿੱਪਣੀ ਦਾ ਸਾਰ ਹੈ ਕਿ ਕਈ ਵਾਰ ਜੋ ਅਸੀਂ ਸੋਚਦੇ ਹਾਂ ਉਹ ਬੋਲ ਨਹੀਂ ਸਕਦੇ। ਜੋਸਫ਼ ਕੋਨਰਾਡ ਨੇ ਇੱਕ ਵਾਰ ਕਿਹਾ ਸੀ ਕਿ ਲਿਖਤ ਸ਼ਬਦਾਂ ਦੀ ਤਾਕਤ ਨਾਲ ਜੋ ਉਹ ਪ੍ਰਾਪਤ ਕਰਨਾ ਚਾਹੁੰਦੇ ਹਨ ਉਹ ਹੈ, “ਤੁਹਾਨੂੰ ਸੁਣਾ ਸਕੀਏ, ਉਹਨਾਂ ਮਹਿਸੂਸ ਕਰਾ ਸਕੀਏ।” ਕਲਾ ਲੋਕਾਂ ਨੂੰ ਉਹਨਾਂ ਚੀਜ਼ਾਂ ਬਾਰੇ ਹੋਰ ਜ਼ਿਆਦਾ ਸ਼ਿੱਦਤ ਨਾਲ ਦੱਸਦੀ ਹੈ ਜੋ ਪਹਿਲਾਂ ਤੋਂ ਹੈ। ਇਸ ਪ੍ਰਕ੍ਰਿਆ ਵਿੱਚ ਕਲਾ ਚੁੱਪ ਨੂੰ ਇਸ ਤਰ੍ਹਾਂ ਅਵਾਜ਼ ਦਿੰਦੀ ਹੈ ਕਿ ਜੇਕਰ ਉਸਨੂੰ ਕੁਚਲ ਵੀ ਦਿੱਤਾ ਜਾਵੇ ਤਾਂ ਵੀ ਉਹ ਫਿਰ ਉੱਠੇਗੀ ਅਤੇ ਵੱਧ ਫੈਲੇਗੀ ਅਤੇ ਆਪਣੀ ਹੋਂਦ ਦਾ ਗੀਤ ਗਾਏਗੀ ਜਿਵੇਂ ਕਿ ਔਕੋਟ ਦੀ ਕੱਦੂ ਵਾਲੀ ਕਹਾਣੀ ਵਿੱਚ ਹੁੰਦਾ ਹੈ। ਕਲਾ ਇਹਨਾਂ ਮਾਅਨਿਆਂ ਵਿੱਚ ਚੀਕਦੀ ਹੋਈ ਚੁੱਪ ਹੈ।

**ਛੇ** : ਕਲਾ ਦੇ ਇਹਨਾਂ ਚਾਰ ਪੱਖਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਅਤੇ ਰਾਜ ਵਿੱਚ ਉਹਨਾਂ ਦੇ ਉਲਟਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਮੈਨੂੰ ਲੱਗਦਾ ਹੈ ਕਿ ਜਦ ਰਾਜ ਇੱਕ ਰਾਜ ਵਾਂਗ ਕੰਮ ਕਰਦਾ ਹੈ ਅਤੇ ਕਲਾ ਕਲਾ ਦੇ ਵਾਂਗ ਤਾਂ ਦੋਵੇਂ ਇੱਕ ਦੂਜੇ ਦੇ ਵਿਰੋਧੀ ਹੁੰਦੇ ਹਨ। ਉਹ ਲਗਾਤਾਰ ਯੁੱਧ ਦੀ ਹਾਲਤ ਵਿੱਚ ਹੁੰਦੇ ਹਨ। ਇੱਕ ਜਮਾਤੀ ਸਮਾਜ ਵਿੱਚ ਜੋ ਵੀ ਭਾਰੂ ਸਮਾਜਿਕ ਤਾਕਤ ਹੁੰਦੀ ਹੈ ਰਾਜ ਉਸਦਾ ਹਥਿਆਰ ਹੁੰਦਾ ਹੈ। ਦੂਜੇ ਪਾਸੇ ਕਲਾ ਆਪਣੇ ਮੁੱਢ ਤੋਂ ਹੀ ਹਮੇਸ਼ਾ ਹਮਲਾਵਰ ਪ੍ਰਵਿਰਤੀ ਅਤੇ ਸਿਖਲਾਈ ਵਿਰੁੱਧ ਮਨੁੱਖੀ ਯਤਨ ਦੀ ਸਹਿਯੋਗੀ ਹੁੰਦੀ ਹੈ। ਪਰ ਦੋਵਾਂ ਵਿੱਚ ਇਹ ਜਨਮਜਾਤ ਘੋਲ ਕਈ ਵਾਰ ਨਜ਼ਰ ਨਹੀਂ ਆਉਂਦਾ ਹੈ ਕਿਉਂਕਿ ਰਾਜ ਹਮੇਸ਼ਾ ਹਰ ਕਲਾਤਮਕ ਰਚਨਾ ਅਤੇ ਉਸਦੀ ਪੇਸ਼ਕਾਰੀ ਵਿਰੁੱਧ ਸਖ਼ਤੀ ਨਾਲ ਪੇਸ਼ ਨਹੀਂ ਆਉਂਦਾ। ਇਤਿਹਾਸ ਅਤੇ ਸਮਾਜਿਕ ਬੁਣਤਰਾਂ ਦੀ ਗੁੰਝਲਤਾ ਨੂੰ ਦੇਖਦੇ ਹੋਏ ਰਾਜ ਅਤੇ ਕਲਾ ਹਮੇਸ਼ਾ ਆਪਣੀ ਸੰਪੂਰਨਤਾ ਵਿੱਚ ਕੰਮ ਨਹੀਂ ਕਰਦੇ। ਕਲਾਕਾਰ ਅੰਤ ਸਮਾਜਿਕ ਜਮਾਤਾਂ ਅਤੇ ਪੱਧਰਾਂ ਦੀ ਉਪਜ ਹੁੰਦੇ ਹਨ ਅਤੇ ਉਹਨਾਂ ਦੀ ਕਲਪਨਾ ਉਹਨਾਂ ਦੀ ਵਿਚਾਰਧਾਰਕ ਪੈਂਤੜੇ ਦੇ ਅਨੁਸਾਰ ਹੀ ਚੇਤਨ ਜਾਂ ਅਚੇਤਨ ਰੂਪ ਨਾਲ ਉਡਾਨ ਭਰਦੀ ਹੈ। ਐਡਵਰਡ ਸਾਈਦ ਨੇ ਠੀਕ ਹੀ ਲੇਖਕਾਂ ਦੀ ਇਸ ਹਾਲਤ ਤੋਂ ਸਾਵਧਾਨ ਕੀਤਾ ਹੈ ਕਿ “ਲੇਖਕ ਮਸ਼ੀਨੀ ਤੌਰ ’ਤੇ ਵਿਚਾਰਧਾਰਾ, ਜਮਾਤ ਜਾਂ ਆਰਥਿਕ ਇਤਿਹਾਸ ਦੇ ਅਨੁਸਾਰ ਹੀ ਸਰਗਰਮ ਹੁੰਦੇ ਹਨ।” ਪਰ ਉਹ ਇਹ ਵੀ ਕਹਿੰਦੇ ਹਨ ਕਿ “ਫਿਰ ਵੀ ਉਹ ਆਪਣੇ ਸਮਾਜ ਦੇ ਇਤਿਹਾਸ ਨਾਲ ਸਬੰਧਿਤ ਹੁੰਦੇ ਹਨ, ਉਸ ਇਤਿਹਾਸ ਨੂੰ ਬਣਾਉਂਦੇ ਤੇ ਉਸ ਤੋਂ ਬਣਦੇ ਹੋਏ ਅਤੇ ਦੂਜੇ ਉਪਾਵਾਂ ਤੋਂ ਸਮਾਜਿਕ ਤਜ਼ਰਬਾ ਪ੍ਰਾਪਤ ਕਰਦੇ ਹੋਏ।” ਇਹ ਸਾਰੇ ਕਲਾਕਾਰਾਂ ’ਤੇ ਲਾਗੂ ਹੁੰਦਾ ਹੈ। ਵਿਕਾਸਮਈ ਅਤੇ ਇਨਕਲਾਬੀ ਤਬਦੀਲੀਆਂ ਦੇ ਦੌਰ ਵਿੱਚ, ਜਦ ਪੁਰਾਣੇ ਦੇ ਗਰਭ ਵਿੱਚੋਂ ਇੱਕ ਨਵੇਂ ਸਮਾਜ ਦਾ ਜਨਮ ਹੋ ਰਿਹਾ ਹੋਵੇ, ਕਲਾਕਾਰ ਇਸ ਤਰ੍ਹਾਂ ਨਾਲ ਮਹਿਸੂਸ ਅਤੇ ਕੰਮ ਕਰ ਸਕਦੇ ਹਨ ਜਿਵੇਂ ਕਿ ਉਹਨਾਂ ਦੀਆਂ ਰਚਨਾਵਾਂ ਉਹਨਾਂ ਦੇ ਵਾਅਦੇ ਮੁਤਾਬਿਕ ਉੱਭਰ ਰਹੇ ਨਵੇਂ ਰਾਜ ਅਤੇ ਨਵੇਂ ਸਮਾਜ ਪ੍ਰਬੰਧ ਦੀਆਂ ਸਹਿਯੋਗੀ ਹਨ। ਆਪਣੀ ਕਿਤਾਬ ‘ਦਿ ਮੀਨਿੰਗ ਆਫ਼ ਲਿਟਰੇਚਰ’ ਵਿੱਚ ਟਿਮੋਥੀ ਰੀਸ ਨੇ ਇਹ ਸਪੱਸ਼ਟ ਕੀਤਾ ਹੈ ਕਿ 17ਵੀਂ ਸਦੀ ਦੇ ਯੂਰਪ ਵਿੱਚ ਸਾਹਿਤ ਅਤੇ ਸੱਤ੍ਹਾ ਵਿਚਾਲੇ ਅਜਿਹਾ ਹੀ ਇੱਕ ਗਠਜੋੜ ਸੀ। ਸਿਧਾਂਤਕ ਤੌਰ ’ਤੇ ਫਰਾਂਸ, ਇੰਗਲੈਂਡ ਅਤੇ ਸਪੇਨ ਵਿੱਚ। ਉੱਥੇ ਕਈ ਲੇਖਕ ਆਪਣੇ ਆਪ ਨੂੰ ਉੱਭਰਦੇ ਹੋਏ ਨਵੇਂ ਸਿਆਸੀ ਪ੍ਰਬੰਧ ਦਾ ਸਹਿਯੋਗੀ ਮੰਨ ਬੈਠੇ ਸਨ। ਕਲਾ ਅਤੇ ਹਥਿਆਰ ਨਵੇਂ ਪ੍ਰਬੰਧ ਦੀ ਉਸਾਰੀ ਅਤੇ ਉਸਦੀ ਪੁਸ਼ਟੀ ਵਿੱਚ ਸਹਿਯੋਗੀ ਸਨ। “ਸਾਹਿਤ ਸਿਆਸੀ ਢਾਂਚੇ ਅਤੇ ਤਾਕਤ ਦਾ ਨੌਕਰ ਬਣ ਗਿਆ ਸੀ ਅਸਲ ਵਿੱਚ ਅਟੁੱਟ ਅੰਗ ਇੱਕ ਖ਼ਾਸ ਸਮਾਜ ਅਤੇ ਉਸਦੀਆਂ ਕਦਰਾਂ ਦੀ ਉਸਾਰੀ ਅਤੇ ਰੱਖਿਆ ਦਾ ਸੰਦ।” ਰੀਸ ਹੋਰ ਗੱਲਾਂ ਤੋਂ ਬਿਨ੍ਹਾਂ ਕਾਰਡਿਨਲ ਰਿਸ਼ਲੂ ਦੀ ਵੀ ਉਦਾਹਰਣ ਦਿੰਦੇ ਹਨ। ਰਿਸ਼ਲੂ ਨੇ ਫਰਾਂਸ ਨੂੰ ਤੀਹ ਸਾਲ ਦੇ ਯੁੱਧ ਵਿੱਚ ਝੋਕਣ ਦੇ ਬਾਅਦ ਇੱਕ ਸਾਲ ਦੇ ਅੰਦਰ 1635 ਵਿੱਚ ਅਕਾਦਮੀ ਫਰਾਂਸਵਾ ਦੀ ਸਥਾਪਨਾ ਕੀਤੀ, ਇਸ ਐਲਾਨੇ ਉਦੇਸ਼ ਨਾਲ ਕਿ ਉਸਦੇ ਰਾਹੀਂ ਫਰਾਂਸੀਸੀ ਭਾਸ਼ਾ ਨੂੰ ਇਸ ਤਰ੍ਹਾਂ ਅਮੀਰ ਬਣਾਇਆ ਜਾਵੇਗਾ ਕਿ ਉਹ ਸਾਰੀਆਂ ਕਲਾਵਾਂ ਅਤੇ ਵਿਗਿਆਨ ਨੂੰ ਸੰਚਾਰਿਤ ਕਰ ਸਕੇ। ਰੀਸ ਕਹਿੰਦੇ ਹਨ, “ਰਿਸ਼ਲੂ ਆਪਣੇ ਆਪ ਵਿੱਚ ਸਪੱਸ਼ਟ ਸੀ ਕਿ ਫਰਾਂਸ ਦੀ ਭਾਸ਼ਾ ਅਤੇ ਉਸਦੀ ਲਿਪੀ ਨੂੰ ਨਵੀਂ ਤਰ੍ਹਾਂ ਦੀ ਕੇਂਦਰੀਕ੍ਰਿਤ ਸੱਤ੍ਹਾ ਅਤੇ ਨੌਕਰਸ਼ਾਹੀ ’ਤੇ ਅਧਾਰਿਤ ਰਾਜਸ਼ਾਹੀ ਦੀ ਸੇਵਾ ਵਿੱਚ ਠੀਕ ਢੰਗ ਨਾਲ ਲਾਉਣਾ ਹੋਵੇਗਾ।” ਉਹ 17ਵੀਂ ਸਦੀ ਦੇ ਯੂਰਪ ਵਿੱਚ ਵਿਕਸਿਤ ਹੋ ਰਹੀਆਂ ਹੌਲੀ ਗਤੀ ਦੀਆਂ ਤਬਦੀਲੀਆਂ ਦਾ ਸਮਾਂ ਸੀ। ਇਸੇ ਤਰ੍ਹਾਂ 20ਵੀਂ ਸਦੀ ਦਾ ਅਫ਼ਰੀਕੀ ਸਾਹਿਤ ਜੋ ਅੰਗਰੇਜ਼ੀ ਭਾਸ਼ਾ ਵਿੱਚ ਲਿਖਿਆ ਜਾ ਰਿਹਾ ਸੀ, ਤਬਦੀਲੀਆਂ ਦੇ ਦੌਰ ਵਿੱਚ ਉੱਭਰ ਰਿਹਾ ਸੀ। ਇਸਨੇ ਆਪਣੇ ਆਪ ਨੂੰ ਬਸਤੀਵਾਦ ਵਿਰੋਧੀ ਕੌਮਵਾਦ ਦੇ ਸਹਿਯੋਗੀ ਦੇ ਰੂਪ ਵਿੱਚ ਦੇਖਿਆ। ਇਸ ਲਈ ਅਜ਼ਾਦੀ ਤੋਂ ਪਹਿਲਾਂ ਦੇ ਜ਼ਿਆਦਾਤਰ ਅਫ਼ਰੀਕੀ ਸਾਹਿਤ ਵਿੱਚ ਆਸ ਦੀ ਭਾਵਨਾ ਹੈ। ਇਸੇ ਤਰ੍ਹਾਂ 1917 ਦੇ ਰੂਸੀ ਇਨਕਲਾਬ ਤੋਂ ਬਾਅਦ ਬਹੁਤ ਸਾਰੇ ਲੇਖਕਾਂ ਨੇ ਆਪਣੇ ਆਪ ਨੂੰ ਮਜ਼ਦੂਰ ਜਮਾਤ ਦੇ ਉੱਭਰਦੇ ਹੋਏ ਰਾਜ ਦੇ ਇੱਕ ਅੰਗ ਦੇ ਰੂਪ ਵਿੱਚ ਦੇਖਿਆ। ਅਜਿਹੇ ਸਮੇਂ ਕਲਾ ਆਪਣੇ ਅਤੀਤ ਨੂੰ ਯਾਦ ਕਰ ਸਕਦੀ ਹੈ ਜਦ ਰਾਜ ਤੋਂ ਪਹਿਲਾਂ ਅਤੇ ਜਮਾਤਾਂ ਪਹਿਲਾਂ ਉਹ ਪੂਰੇ ਭਾਈਚਾਰੇ ਦੀ ਅਵਾਜ਼ ਅਤੇ ਨੈਤਿਕ ਕਨੂੰਨਾਂ ਨੂੰ ਵੀ ਮੁੱਖ ਰੂਪ ਵਿੱਚ ਤੈਅ ਕਰਨ ਵਾਲੀ ਸੀ। ਇਸ ਤਰ੍ਹਾਂ ਅਜਿਹਾ ਸਮਾਂ ਸੰਭਾਵਨਾਵਾਂ ਨਾਲ ਭਰਿਆ ਹੋਇਆ ਹੁੰਦਾ ਹੈ ਅਤੇ ਉੱਭਰਦਾ ਹੋਇਆ ਰਾਜ ਇੱਕ ਨਵੇਂ ਭਵਿੱਖ ਦਾ ਦੂਤ ਲੱਗਣ ਲੱਗਦਾ ਹੈ। ਅਜਿਹੀ ਹਾਲਤ ਵਿੱਚ ਰਾਜ ਅਤੇ ਕਲਾ ਇੱਕ ਦੂਜੇ ਨੂੰ ਪੂਰਕ, ਸਹਿਯਾਤਰੀ ਦੇ ਰੂਪ ਵਿੱਚ ਦੇਖਣ ਲੱਗਦੇ ਹਨ। ਭਲਾਂ ਹੀ ਕੁਝ ਸਮੇਂ ਬਾਅਦ ਉਹਨਾਂ ਦੇ ਰਾਹ ਵੱਖ-ਵੱਖ ਹੋ ਜਾਣ। ਜਿਵੇਂ ਕਿ ਟਿਮੋਥੀ ਰੀਸ ਦਾ ਕਹਿਣਾ ਹੈ ਕਿ 17ਵੀਂ ਸਦੀ ਦੇ ਬਾਅਦ ਯੂਰਪੀ ਸਾਹਿਤ ਦੇ ਨਾਲ ਹੋਇਆ। ਰਾਜ ਨੂੰ ਇਹ ਚੰਗਾ ਲੱਗੇਗਾ ਕਿ ਕਲਾ ਅਤੇ ਕਲਾਕਾਰ ਆਪਣੀ ਇੱਛਾ ਨਾਲ ਉਸਦੇ ਸਹਿਯੋਗੀ ਬਣ ਜਾਣ। ਸੱਚ ਤਾਂ ਇਹ ਹੈ ਕਿ ਕਲਪਨਾ ਦੇ ਖੇਤਰ ’ਤੇ ਆਪਣਾ ਕੰਟਰੋਲ ਸਥਾਪਿਤ ਕਰਨ ਲਈ ਉਹ ਆਮ ਤੌਰ ’ਤੇ ਤਰ੍ਹਾਂ-ਤਰ੍ਹਾਂ ਦੇ ਉਪਾਅ ਕਰਨ ਦਾ ਯਤਨ ਕਰਦਾ ਰਹਿੰਦਾ ਹੈ। ਹੁਣ ਮੈਂ ਉਹਨਾਂ ਪੰਜ ਸਿਧਾਂਤਕ ਉਪਾਵਾਂ ਬਾਰੇ ਦੱਸਾਂਗਾ ਜਿਸਦੇ ਰਾਹੀਂ ਰਾਜ ਨੇ ਕਲਾ ਦੇ ਚਾਰ ਪੱਖਾਂ ਦੀ ਮਿਲ਼ੀਜੁਲ਼ੀ ਤਾਕਤ ਦਾ ਟਾਕਰਾ ਕੀਤਾ।

ਇਹ ਕਲਾਕਾਰਾਂ ਨੂੰ ਆਪਣੇ ਨਾਲ ਮਿਲਾਕੇ ਕਲਾ ਦੀ ਜਾਦੂਈ ਤਾਕਤ ਨੂੰ ਪ੍ਰਭਾਵਹੀਣ ਕਰਨ ਦਾ ਯਤਨ ਕਰੇਗਾ ਕਿਉਂਕਿ ਕਲਾਕਾਰ ਖ਼ੁਦ ਸੱਤ੍ਹਾ ਦੇ ਸਮਾਜਿਕ ਪੱਧਰ ਤੋਂ ਆਉਂਦੇ ਹਨ ਜਾਂ ਉਸਦੇ ਪ੍ਰਤੀ ਹਮਦਰਦੀ ਰੱਖਦੇ ਹਨ ਜਾਂ ਫਿਰ ਰਾਜ ਉਹਨਾਂ ਦੀਆਂ ਸੇਵਾਵਾਂ ਨੂੰ ਹੀ ਖਰੀਦ ਲੈਂਦਾ ਹੈ। ਕਈ ਵਾਰ ਉਹ ਇੱਕ ਕੋਸ਼ ਦੀ ਸਥਾਪਨਾ ਕਰਦਾ ਹੈ ਜੋ ਰਾਜ ਦੇ ਰਖਵਾਲੇ ਵੱਲੋਂ ਤੈਅ ਸਿਧਾਂਤਾਂ ਅਤੇ ਹੱਦਾਂ ਦੇ ਤਹਿਤ ਕੰਮ ਕਰਦਾ ਹੈ। ਇਹ ਸਾਰੇ ਯਤਨ ਅਜਿਹੀ ਕਲਾ ਦੀ ਰਚਨਾ ਲਈ ਹੁੰਦੇ ਹਨ ਜੋ ਤਬਦੀਲੀ ਦੇ ਨਜ਼ਰੀਏ ਦਾ ਨਿਖੇਧ ਕਰਦੀ ਹੈ ਅਤੇ ਇਸ ਤਰ੍ਹਾਂ ਦੇ ਵਿਸ਼ਵਾਸ ਨੂੰ ਮਜ਼ਬੂਤੀ ਦਿੰਦੀ ਹੈ ਕਿ ਵਰਤਮਾਨ ਸਦੀਵੀ ਹੈ। ਜਾਂ ਫਿਰ ਅਜਿਹੀ ਕਲਾ ਦੀ ਰਚਨਾ ਲਈ ਹੁੰਦੀ ਹੈ ਕਿ ਜੋ ਰਾਜ ਦੀਆਂ ਵਿੱਦਿਅਕ ਅਤੇ ਵਿਚਾਰਧਾਰਾਤਮਕ ਲੋੜਾਂ ਨੂੰ ਪੂਰਾ ਕਰ ਸਕੇ। ਪਰ ਇਸ ਤੋਂ ਵੀ ਜ਼ਿਆਦਾ ਮਹੱਤਵਪੂਰਨ ਇਹ ਹੈ ਕਿ ਉਹ ਅਜਿਹੀਆਂ ਕਲਾ ਰਚਨਾਵਾਂ ਦੀ ਪੈਦਾਵਾਰ ਕਰਦੀ ਹੈ ਕਿ ਜੋ ਰਾਜ ਦੀ ਰਖਵਾਲੀ ਨੂੰ ਪਲੈਟੋ ਦੇ ਰਿਪਬਲਿਕ ਦੀਆਂ ਸਿਫ਼ਾਰਸ਼ਾਂ ਦੇ ਮੱਦੇਨਜ਼ਰ ਨਿਖੇਧਾਤਮਕ ਨਾ ਲੱਗੇ। ਯਾਦ ਰੱਖੋ ਕਿ ਪਲੈਟੋ ਆਪਣੇ ਰਾਜ ਵਿੱਚ ਉਹਨਾਂ ਹੀ ਕਲਾਕਾਰਾਂ ਨੂੰ ਮਨਜ਼ੂਰੀ ਦਿੰਦਾ ਹੈ ਜੋ ਰੱਬ ਅਤੇ ਰਾਜਿਆਂ ਨੂੰ ਨਕਾਰਾਮਕ ਰੂਪ ਵਿੱਚ ਪੇਸ਼ ਨਹੀਂ ਕਰਦੇ, ਉਦਾਹਰਨ ਵਜੋਂ ਉਹਨਾਂ ਨੂੰ ਆਪਸ ਵਿੱਚ ਲੜਦੇ ਹੋਏ ਨਹੀਂ ਦਿਖਾਉਂਦੇ ਜਾਂ ਉਹਨਾਂ ਨੂੰ ਗੰਦਾ ਵਿਹਾਰ ਕਰਦੇ ਨਹੀਂ ਦਿਖਾਉਂਦੇ। ਸੱਚ ਤਾਂ ਇਹ ਹੈ ਕਿ ਰਾਜ ਉਹਨਾਂ ਨੂੰ ਅਹੁਦੇ ਨਾਲ ਨਵਾਜਦਾ ਹੈ ਜੋ ਨਕਲੀ ਤਸਵੀਰ ਹੀ ਸ਼ੀਸ਼ੇ ਵਿੱਚ ਦਿਖਾਉਂਦੇ

ਹਨ। ਇਹ ਟਾਂਵਾਂ ਹੀ ਹੁੰਦਾ ਹੈ ਕਿ ਰਾਜ ਅਜਿਹੀ ਕਲਾ ਨੂੰ ਕਿਸੇ ਤਰ੍ਹਾਂ ਦੀ ਹਮਾਇਤ ਦੇਵੇ ਜੋ ਚੁੱਪ ਨੂੰ ਅਵਾਜ਼ ਦੇਣ ਦੀ ਥੋੜ੍ਹੀ ਜਿਹੀ ਵੀ ਕੋਸ਼ਿਸ਼ ਕਰੇ ਜਾਂ ਉਸਨੂੰ ਆਦਰਸ਼ ਬਣਾਉਣ ਦਾ ਯਤਨ ਕਰੇ। ਪਰ ਕਲਾ ਜੇਕਰ ਉੱਪਰ ਲਿਖਿਤ ਸਾਰੇ ਕੰਮ ਕਰਦੀ ਹੈ ਤਾਂ ਉਹ ਖੁਦ ਕਲਾ ਦੇ ਤੌਰ 'ਤੇ ਆਪਣਾ ਹੀ ਨਿਖੇਧ ਕਰਦੀ ਹੈ। ਸ਼ੀਸ਼ਾ ਜੇਕਰ ਖ਼ਰਾਬ ਸ਼ੀਸ਼ਾ ਹੈ ਫਿਰ ਵੀ ਉਸ ਨਾਲ ਲਖਨਾਇਕ ਵਸਤੂ ਨੂੰ ਦਿਖਾਇਆ ਜਾ ਸਕਦਾ ਹੈ ਪਰ ਇਹ ਹੈਰਾਨਕੁੰਨ ਹੈ ਕਿ ਉਹ ਨੇੜੇ-ਤੇੜੇ ਦੀਆਂ ਚੀਜ਼ਾਂ ਨੂੰ ਵੀ ਦਿਖਾਉਂਦਾ ਹੈ ਅਤੇ ਇਸ ਤੋਂ ਦੇਖਣ ਵਾਲ਼ੇ ਦਿਖਾਈ ਜਾ ਰਹੀ ਵਸਤੂ ਤੋਂ ਜ਼ਿਆਦਾ ਹੀ ਦੇਖ ਲੈਂਦੇ ਹਨ। ਕੋਈ ਸ਼ੀਸ਼ਾ ਜੇਕਰ ਪ੍ਰਤੀਬਿੰਬ ਨਹੀਂ ਬਣਾਉਂਦਾ ਉਹ ਸ਼ੀਸ਼ੇ ਦੇ ਤੌਰ 'ਤੇ ਖੁਦ ਦਾ ਹੀ ਨਿਖੇਧ ਕਰਦਾ ਹੈ। ਇਸ ਲਈ ਕਈ ਵਾਰ ਅਤਿਅੰਤ ਸੁਚੇਤ ਰੂਪ ਨਾਲ਼ ਕਲਾ ਵਿੱਚ ਸ਼ਾਮਲ ਕੀਤੇ ਗਏ ਸਿੱਖਿਆਦਾਈ ਤੱਤ ਸ਼ੀਸ਼ੇ ਦੇ ਪ੍ਰਭਾਵ ਤੋਂ ਅਤੇ ਕਲਾ ਦੇ ਕਿਰਦਾਰ ਤੋਂ ਨਿਖੇਧੇ ਜਾਂਦੇ ਹਨ। ਜਾਂ ਫਿਰ ਦੇਖਣ ਵਾਲ਼ਾ ਨਕਲੀ ਬਿੰਬ ਵਿੱਚ ਇੱਕ ਦਮ ਵੱਖ ਕੋਈ ਦੂਜਾ ਅਰਥ ਦੇਖ ਸਕਦਾ ਹੈ। ਜਿੰਨੇ ਯਥਾਰਥ ਦਾ ਪਰਤੌਅ ਹੋਵੇਗਾ ਭਾਵੇਂ ਉਹ ਜਿੰਨੇ ਸੀਮਿਤ ਕੇਂਦਰ ਵਿੱਚ ਕਿਉਂ ਨਾ ਹੋਵੇ, ਜਿੰਨਾ ਯਥਾਰਥਵਾਦੀ ਚਿੱਤਰਨ ਹੋਵੇਗਾ, ਦੇਖਣ ਵਾਲ਼ਾ ਬਿੰਬ ਦੇ ਨੇੜੇ-ਤੇੜੇ ਫੈਲੀ ਚੁੱਪ ਨੂੰ ਓਨੀ ਹੀ ਸ਼ਿੱਦਤ ਨਾਲ਼ ਮਹਿਸੂਸ ਕਰੇਗਾ। ਬਸਤੀਵਾਦ ਅਤੇ ਬਸਤੀ ਵਿਰੋਧੀ ਟਾਕਰੇ ਦੇ ਤਜ਼ਰਬਿਆਂ ਨਾਲ਼ ਭਰਪੂਰ ਬੁੱਧੀਜੀਵੀ ਪੱਛਮੀ ਸੰਦਾਂ ਨੂੰ ਸਾਫ਼-ਸਾਫ਼ ਅਤੇ ਨਵੇਂ ਨਜ਼ਰੀਏ ਨਾਲ਼ ਕੁਝ ਹੱਦ ਤੱਕ ਦੇਖ ਸਕਦੇ ਹਨ। ਕਿਉਂਕਿ ਉਹਨਾਂ ਦੇ ਘੋਲ਼ ਦਾ ਸੱਭਿਆਚਾਰ ਉਹਨਾਂ ਨੂੰ ਜੋੜਨ ਅਤੇ ਘਟਾਉਣ ਦੀ ਪ੍ਰਵਿਰਤੀ ਨੂੰ ਸਮਝਣ ਲਈ ਤਿਆਰ ਰੱਖਦਾ ਹੈ। ਨਾਲ਼ ਹੀ ਰਚਨਾ ਦੇ ਪਾਠ ਵਿੱਚ ਵੀ ਬਦਲਵੇਂ ਅਰਥਾਂ ਦੀਆਂ ਸੰਭਾਵਨਾਵਾਂ ਲੁਕੀਆਂ ਰਹਿੰਦੀਆਂ ਹਨ। ਅਹਿਮਦ ਇਕਬਾਲ ਅਤੇ ਐਡਵਰਡ ਸਾਇਦ ਵਾਂਗ ਅਕਲਮਈ ਵਿਆਖਿਆ ਕਰਨ ਦੀ ਸਮੱਗਰੀ ਪਾਠ ਵਿੱਚ ਹੋਣ ਦੇ ਬਾਵਜੂਦ ਕਦੇ ਉੱਭਰਕੇ ਸਾਹਮਣੇ ਨਹੀਂ ਆਈ ਅਤੇ ਇੰਨੀ ਸਾਫ਼ਗੋਈ ਨਾਲ਼ ਪ੍ਰਗਟ ਨਹੀਂ ਕੀਤੀ ਜਾ ਸਕੀ। ਐਡਵਰਡ ਸਾਇਦ, ਰੁਡਯਾਰਡ ਕਿਪਲਿੰਗ ਵਿੱਚ ਇੱਕ ਮਹਾਨ ਕਲਾਕਾਰ ਨੂੰ ਦੇਖ ਸਕਦੇ ਹਨ ਭਾਵੇਂ "ਉਹਨਾਂ ਤੋਂ ਵੱਧ ਸਾਮਰਾਜਵਾਦੀ ਅਤੇ ਪਿਛਾਖੜੀ ਘੱਟ ਹੀ ਹੋਣਗੇ", ਕਿਉਂਕਿ ਕਿਪਲਿੰਗ ਦਾ ਯਥਾਰਥਵਾਦ ਸਾਮਰਾਜਵਾਦ ਦੀਆਂ ਵਿਰੋਧਤਾਈਆਂ ਨੂੰ ਸਾਹਮਣੇ ਲਿਆਉਂਦਾ ਹੈ, ਸਾਮਰਾਜਵਾਦ ਅਤੇ ਪਿਛਾਖੜ ਪ੍ਰਤੀ ਆਪਣੀ ਸ਼ਰਧਾ ਦੇ ਬਾਵਜੂਦ। ਸਾਇਦ ਦਾ ਕਹਿਣਾ ਹੈ, "ਕਿਮ ਦੇ ਕਿਰਦਾਰ ਵਿੱਚ ਕਿਪਲਿੰਗ ਨੇ ਭਾਰਤ ਨੂੰ ਮਹਾਨ ਪ੍ਰਤੀਭਾ ਭਰਪੂਰ ਦਿਖਾਇਆ ਹੈ ਅਤੇ ਨਾਵਲ ਨਾ ਕੇਵਲ ਐਂਗਲੋ-ਭਾਰਤੀ ਨਜ਼ਰੀਏ ਦੇ ਲੰਬੇ ਇਤਿਹਾਸ 'ਤੇ ਨਿਰਭਰ ਹੈ ਸਗੋਂ ਇਸਦੇ ਬਾਵਜੂਦ ਇਸ ਵਿਸ਼ਵਾਸ 'ਤੇ ਜ਼ੋਰ ਦੇਣ ਦੇ ਕਾਰਣ ਉਕਤ ਨਜ਼ਰੀਏ ਦੀ ਅਪ੍ਰਵਾਨਗੀ ਦੀ ਪੇਸ਼ੀਨਗੋਈ ਵੀ ਕਰਦਾ ਹੈ ਕਿ ਭਾਰਤੀ ਯਥਾਰਥ ਲਈ ਬ੍ਰਿਟਿਸ਼ ਰਖਵਾਲੀ ਦੀ ਲੋੜ ਹੈ, ਲੋੜ ਨਹੀਂ ਇਹ ਅਰਦਾਸ ਯੋਗ ਹੈ।" ਇਸ ਟਿੱਪਣੀ ਵਿੱਚ ਕਲਾ ਦੀ ਪਰਤੌਣ, ਪ੍ਰਤੀਭਾਸ਼ਿਤ ਕਰਨ ਅਤੇ ਯਥਾਰਥ ਦਾ ਮੁੜ-ਮੁਲਾਂਕਣ ਕਰਨ ਦੀ ਤਾਕਤ ਸ਼ਾਮਲ ਹੈ। ਕਲਾ ਦੀ ਸੱਚਾਈ ਅਤੇ ਬ੍ਰਿਟਿਸ਼ ਰਾਜ ਪ੍ਰਤੀ ਕਿਪਲਿੰਗ ਦੀ ਸੁਚੇਤ ਪ੍ਰਤੀਬੱਧਤਾ ਅਤੇ ਇਸ ਵਿੱਚ ਵਿਸ਼ਵਾਸ, ਅਸਲ ਵਿੱਚ ਉਸੇ ਪਾਠ ਵਿੱਚ ਆਪਾ-ਵਿਰੋਧੀ ਹਾਲਤ ਵਿੱਚ ਹੈ। ਪੁਨਰ-ਪਾਠ ਦੇ ਸੁਹਜ-ਸ਼ਾਸਤਰ ਦਾ ਇੱਕ ਸਕਾਰਾਤਮਕ ਪੱਖ ਇਹ ਹੈ ਕਿ ਇਹ ਸਾਹਿਤਕ ਬਿੰਬਾਂ ਵਿੱਚ ਇੱਛਾਵਾਂ, ਬਹਿਸਾਂ ਅਤੇ ਵਿਦਰੋਹੀ-ਧੁਨੀਆਂ ਨੂੰ ਪੇਸ਼ ਕਰ ਸਕਦਾ ਹੈ।

ਜੇਕਰ ਕਲਾਕਾਰ ਦਾ ਤਾਲਮੇਲ ਅਸਫ਼ਲ ਰਹਿੰਦਾ ਹੈ ਤਾਂ ਰਾਜ ਅਸਲ ਰਚਨਾਵਾਂ 'ਤੇ ਰੋਕ ਲਗਾ ਸਕਦਾ ਹੈ। ਇਹੀ ਬਸਤੀਵਾਦੀਆਂ ਅਤੇ ਬਸਤੀਵਾਦੀਆਂ ਤੋਂ ਬਾਅਦ ਦੇ ਰਾਜ ਦਾ ਅਤੇ ਨਸਲਭੇਦੀ ਦੱਖਣ ਅਫ਼ਰੀਕਾ ਦਾ ਢੰਗ-ਤਰੀਕਾ ਰਿਹਾ ਹੈ। ਨਹੀਂ ਤਾਂ ਰਾਜ ਇਸ ਤਰ੍ਹਾਂ ਸੈਂਸਰਸ਼ਿਪ ਦੀ ਵਰਤੋਂ ਕਰਦਾ ਹੈ ਜਿਵੇਂ ਪਲੈਟੋ ਦੀ ਰਿਪਬਲਿਕ ਦਾ ਇੱਕ ਸਫ਼ਾ ਲਾਗੂ ਕਰ ਰਿਹਾ ਹੈ: "ਗੱਲ ਕਥਾਕਾਰਾਂ 'ਤੇ ਸੈਂਸਰਸ਼ਿਪ ਲਾਗੂ ਕਰਨ ਦੀ ਹੈ। ਸੈਂਸਰ ਵਿੱਚ ਉਹੀ ਕਹਾਣੀਆਂ ਨੂੰ ਪ੍ਰਵਾਨ ਕੀਤਾ ਜਾਵੇਗਾ ਜੋ ਚੰਗੀਆਂ ਹਨ ਅਤੇ ਖ਼ਰਾਬ ਨੂੰ ਅਪ੍ਰਵਾਨ ਕੀਤਾ ਜਾਵੇਗਾ ਅਤੇ ਅਸੀਂ ਚਾਹੁੰਦੇ ਹਾਂ ਕਿ ਮਾਂਵਾਂ ਅਤੇ ਨਰਸਾਂ ਬੱਚਿਆਂ ਨੂੰ ਪ੍ਰਵਾਨਿਤ ਕਹਾਣੀਆਂ ਹੀ ਸੁਣਾਉਣ। ਅਜਿਹੀਆਂ ਹੀ ਕਹਾਣੀਆਂ ਉਹਨਾਂ ਦੇ ਦਿਮਾਗ ਵਿੱਚ ਆਉਣੀਆਂ ਚਾਹੀਦੀਆਂ ਹਨ, ਉਸ ਤੋਂ ਵੀ ਵੱਧ ਪਿਆਰ ਨਾਲ਼ ਜਿੰਨੇ ਪਿਆਰ ਨਾਲ਼ ਉਹ ਉਹਨਾਂ ਨੂੰ ਪੁਚਕਾਰਦੀਆਂ ਹਨ।" ਸੈਂਸਰਸ਼ਿਪ ਰਾਹੀਂ ਰਾਜ ਕਲਾਤਮਕ ਰਚਨਾਵਾਂ ਦੀ ਖ਼ਪਤ ਅਤੇ ਉਹਨਾਂ ਦੀ ਵੰਡ ਨੂੰ ਕੰਟਰੋਲ ਕਰਨਾ ਚਾਹੁੰਦਾ ਹੈ। ਪਰ ਜਦ ਅਧਿਕਾਰਤ ਸੈਂਸਰਸ਼ਿਪ ਸਫ਼ਲ ਨਹੀਂ ਹੁੰਦੀ ਤਾਂ ਰਾਜ ਖ਼ਾਸ ਤਰ੍ਹਾਂ ਦੇ ਦਹਿਸ਼ਤ ਰਾਹੀਂ ਸਵੈ-ਜਾਬਤਾ ਲਾਗੂ ਕਰਨ ਦਾ ਯਤਨ ਕਰ ਸਕਦਾ ਹੈ।"

ਕੁਝ ਦੇਸ਼ਾਂ ਵਿੱਚ ਰਾਜ ਬਹੁਤ ਚਲਾਕ ਹੁੰਦਾ ਹੈ ਅਤੇ ਕਲਾ ਦੀ ਤਾਕਤ ਨੂੰ ਪਾਲਤੂ ਬਣਾ ਕੇ ਮਾਰ ਸੁੱਟਦਾ ਹੈ। ਕਲਾ ਬਾਰੇ ਲੈਨਿਨ ਦੀ ਇੱਕ ਗੱਲ ਵੀ ਲਾਗੂ ਹੁੰਦੀ ਹੈ। ਲੈਨਿਨ ਨੇ ਆਪਣੀ ਕਿਤਾਬ 'ਸਟੇਟ ਐਂਡ ਰੈਵੋਲਿਊਸ਼ਨ' (ਰਾਜ ਅਤੇ ਇਨਕਲਾਬ-ਅਨੁ) ਵਿੱਚ ਸਰਮਾਏਦਾਰੀ ਸਮਾਜ ਵਿੱਚ ਇਨਕਲਾਬੀ ਸਿਧਾਂਤ ਦੇ ਹਾਲ ਬਾਰੇ ਲਿਖਿਆ ਹੈ:

"ਮਹਾਨ ਇਨਕਲਾਬੀਆਂ ਦੇ ਜੀਵਨ ਸਮੇਂ ਵਿੱਚ, ਜਾਬਰ ਜਮਾਤਾਂ ਨੇ ਉਹਨਾਂ ਨੂੰ ਲਗਾਤਾਰ ਪ੍ਰੇਸ਼ਾਨ ਕੀਤਾ ਅਤੇ ਉਹਨਾਂ ਤੇ ਉਹਨਾਂ ਦੇ ਵਿਚਾਰਾਂ ਵਿਰੁੱਧ ਖੁਣਸ-ਭਾਵ ਨਾਲ਼ ਝੂਠ ਅਤੇ ਬਦਨਾਮ ਕਰਨ ਦੀ ਮੁਹਿੰਮ ਵੀ ਚਲਾਈ। ਉਹਨਾਂ ਦੀ ਮੌਤ ਬਾਅਦ ਇਸ ਗੱਲ ਦਾ ਯਤਨ ਕੀਤਾ ਗਿਆ ਕਿ ਉਹਨਾਂ ਨੂੰ ਭੋਲ਼ੇ ਆਦਰਸ਼ ਵਿੱਚ ਢਾਲ਼ ਦਿੱਤਾ ਜਾਵੇ। ਕਹਿ ਸਕਦੇ ਹਾਂ ਕਿ ਉਹਨਾਂ ਨੂੰ ਪ੍ਰਤੀਕ ਬਣਾ ਦੇਣ ਅਤੇ ਕੁਝ ਹੱਦ ਤੱਕ ਉਹਨਾਂ ਦੇ ਕੰਮ ਨੂੰ ਪਵਿੱਤਰਤਾ ਪ੍ਰਦਾਨ ਕਰਨ ਦਾ ਯਤਨ ਕੀਤਾ ਗਿਆ ਤਾਂ ਕਿ ਪਸਿਤੀਆਂ ਜਮਾਤਾਂ ਨੂੰ 'ਯਕੀਨ' ਦਵਾਇਆ ਜਾ ਸਕੇ ਅਤੇ ਉਹਨਾਂ ਨਾਲ਼ ਧੋਖਾ ਕੀਤਾ ਜਾ ਸਕੇ। ਨਾਲ਼ ਹੀ ਉਹਨਾਂ ਦੇ ਇਨਕਲਾਬੀ ਵਿਚਾਰਾਂ ਦੀ ਤੀਖਣਤਾ ਘੱਟ ਕਰਨ ਅਤੇ ਉਹਨਾਂ ਨੂੰ ਭੱਦਾ ਕਰਨ ਦਾ ਵੀ ਯਤਨ ਜਾਰੀ ਰਿਹਾ।"

ਸਾਹਿਤਕ ਪੈਦਾਵਾਰਾਂ ਨੂੰ ਲੇਖਕ ਦੀ ਮੌਤ ਦੀ ਉਡੀਕ ਨਹੀਂ ਕਰਨੀ ਪੈਂਦੀ ਹੈ। ਉਹ ਰਚਨਾਕਾਰ ਦੇ ਜੀਵਨ ਸਮੇਂ ਵਿੱਚ ਹੀ ਭੋਲ਼ੇ ਪ੍ਰਤੀਕ ਵਿੱਚ ਬਦਲ ਜਾਂਦੇ ਹਨ। ਪ੍ਰਤੀਕ ਬਣਾਉਣ ਦਾ ਬਦਲ ਵੀ ਸੰਭਵ ਹੈ: ਲੇਖਕ ਦੀ ਅਣਦੇਖੀ, ਇਸਨੂੰ ਅਸੀਂ ਕਲਾ ਦਾ ਕਸਾਂਦ੍ਰਾ ਪੱਖ ਕਹਿ ਸਕਦੇ ਹਾਂ। ਕਸਾਂਦ੍ਰਾ ਏਸਕਿਲਸ ਦੇ ਨਾਟਕ 'ਏਗਾਮੇਮਨਾਨ' ਵਿੱਚ ਇੱਕ ਗ਼ੁਲਾਮ ਕੁੜੀ ਹੈ। ਐਰੇਸਟਸ ਲੜੀ ਦਾ ਇਹ ਪਹਿਲਾ ਨਾਟਕ ਹੈ। ਕਸਾਂਦ੍ਰਾ ਨੂੰ ਪੇਸ਼ੀਨਗੋਈ ਕਰਨ ਦੀ ਤਾਕਤ ਪ੍ਰਾਪਤ ਹੈ ਪਰ ਉਸ 'ਤੇ ਵਿਸ਼ਵਾਸ ਨਹੀਂ ਕੀਤਾ ਜਾ ਸਕਦਾ। ਅਜਿਹੀ ਹਾਲਤ ਵਿੱਚ ਰਾਜ ਨੂੰ ਉਸ ਪਸਿੱਤੀ ਕੁੜੀ ਤੋਂ ਕੋਈ ਖ਼ਤਰਾ ਮਹਿਸੂਸ ਨਹੀਂ ਹੁੰਦਾ। ਪੱਛਮੀ ਰਾਜ ਇਸ ਤਰ੍ਹਾਂ ਦੀ ਖੇਡ ਦੇ ਬਹੁਤ ਆਦੀ ਹਨ। ਬਸਤੀਵਾਦੀ ਰਾਜ ਬਹੁਤ ਬੇਸਬਰਾ, ਆਪਣੇ ਬਾਰੇ ਬਹੁਤ ਅਨਿਸ਼ਚਿਤ ਅਤੇ ਇਸ ਲਈ ਬਹੁਤ ਹੀ ਅਸਹਿਣਸ਼ੀਲ ਹੈ ਅਤੇ ਇਸ ਲਈ ਉਸਨੂੰ ਕਲਾ ਨੂੰ ਕੌਮੀ ਪ੍ਰਤੀਕ ਬਣਾ ਕੇ ਉਸਦਾ ਕਤਲ ਕਰਨਾ ਪੈਂਦਾ ਹੈ ਜਾਂ ਉਸਦੀ ਪੇਸ਼ੀਨਗੋਈ ਦੀ ਅਣਦੇਖੀ ਕਰਨੀ ਹੁੰਦੀ ਹੈ।

ਇੱਕ ਚੌਥੀ ਸੰਭਾਵਨਾ ਸੰਭਵ ਵੀ ਹੈ। ਕਲਾ ਅਤੇ ਰਾਜ ਵਿਚਾਲੇ ਸਮਝੌਤਾ ਕਰਕੇ। ਪਲੈਟੋ ਦੇ ਪ੍ਰਸਿੱਧ ਦਾਰਸ਼ਨਿਕ ਰਾਜੇ ਵਾਂਗ ਕਲਾਕਾਰ ਨੂੰ ਰਾਜ ਦਾ ਪ੍ਰਮੁੱਖ ਬਣਾਕੇ। ਅਫ਼ਰੀਕਾ ਵਿੱਚ ਦੋ ਲੇਖਕ ਰਾਜ ਦੇ ਪ੍ਰਮੁੱਖ ਹਨ। ਸੇਦੋਰ ਸੇਂਘੋਰ, ਨਾਇਜੀਰੀਆ ਦੇ ਇੱਕ ਪ੍ਰਮੁੱਖ ਕਵੀ ਅਤੇ ਅਗਸਤਿਨੋ ਨੇਤੋ ਅੰਗੋਲਾ ਦੇ ਰਾਸ਼ਟਰਪਤੀ ਜੋ ਅਫ਼ਰੀਕਾ ਦੇ ਪ੍ਰਮੁੱਖ ਕਵੀ ਸਨ। ਚੈੱਕ ਗਣਰਾਜ ਵਿੱਚ ਸਫ਼ਲ ਨਾਟਕਕਾਰ ਵਾਕਲਾਵ ਹਾਵੇਲ ਅੱਜ-ਕੱਲ੍ਹ ਰਾਸ਼ਟਰਪਤੀ ਹਨ। ਅਜਿਹੀ ਹਾਲਤ ਵਿੱਚ ਇਹ ਬੰਦਾ ਆਪਾ-ਵਿਰੋਧੀ ਹਾਲਤ ਵਿੱਚ ਜਿਉਂਦਾ ਹੈ। ਕੌਮ ਸਦਰ ਦੇ ਤੌਰ 'ਤੇ ਉਹ 'ਵੱਧ ਤੋਂ ਵੱਧ ਜਿਉ ਅਤੇ ਜਿਉਣ ਦਿਓ' ਦੀ ਸਹਿਣਸ਼ੀਲਤਾ ਅਪਣਾ ਕੇ ਹੀ ਚੱਲ ਸਕਦਾ ਹੈ। ਨਹੀਂ ਤਾਂ ਜੇਕਰ ਰਾਜ ਬਹੁਤ ਜ਼ਿਆਦਾ ਜ਼ਾਬਰ ਬਣ ਜਾਵੇ ਤਾਂ ਉਸਨੂੰ ਆਪਣੀਆਂ ਹੀ ਰਚਨਾਵਾਂ 'ਤੇ ਰੋਕ ਲਗਾਉਣੀ ਪੈ ਸਕਦੀ ਹੈ ਜੋ ਉਸਦੀਆਂ ਰਚਨਾਵਾਂ ਦੀ ਪਰਤੌਣ ਦੀ ਤਾਕਤ, ਉਸਦੀ ਸਪੱਸ਼ਟਤਾ ਅਤੇ ਰਾਜ ਵਿਰੁੱਧ ਬਹੁਮਤ ਦੀ ਚੁੱਪ ਨੂੰ ਅਵਾਜ਼ ਦੇਣ ਦੀ ਉਸਦੀ ਹੱਦ 'ਤੇ ਨਿਰਭਰ ਹੋਵੇਗਾ। ਭਾਵੇਂ ਕਿ ਉਹ ਇਸੇ ਅਧਾਰ 'ਤੇ ਉੱਥੋਂ ਤੱਕ ਪਹੁੰਚਿਆ ਹੁੰਦਾ ਹੈ। ਸੇਂਘੋਰ ਨੇ ਇੱਕ ਵਾਰ ਸੇਮਬੇਨੇ ਕਾਉਸਮੇਨ ਦੀ ਫਿਲਮ 'ਸੇਡਡੋ' 'ਤੇ ਰੋਕ ਲਗਾ ਦਿੱਤੀ। ਦੱਸਿਆ ਜਾਂਦਾ ਹੈ ਕਿ ਕਿਵੇਂ ਅਜ਼ਾਦ ਤ੍ਰਿਨਿਦਾਦ ਦੇ ਪਹਿਲੇ ਪ੍ਰਧਾਨ-ਮੰਤਰੀ ਏਰਿਕ ਵਿਲਿਅਮਸ ਨੇ ਆਪਣੀ ਹੀ ਕਿਤਾਬ "ਕੈਪਟਲਿਜ਼ਮ ਅਤੇ ਸਲੇਵਰੀ" 'ਤੇ ਰੋਕ ਲਗਾ ਦਿੱਤੀ ਸੀ ਕਿਉਂਕਿ ਇਸਦੀ ਮੂਲ ਕਥਾ ਦਾ ਨਵ-ਬਸਤੀਵਾਦੀ ਸਰਮਾਏਦਾਰੀ ਦੇ ਅਰਥਚਾਰੇ ਨਾਲ਼ ਮੇਲ ਨਹੀਂ ਬੈਠਦਾ ਸੀ ਜਿਸ ਪ੍ਰਤੀ ਹੁਣ ਉਹ ਪ੍ਰਤੀਬੱਧ ਸੀ। ਮੈਨੂੰ ਨਿੱਜੀ ਤੌਰ 'ਤੇ ਇਹ ਪਤਾ ਨਹੀਂ ਹੈ ਕਿ ਇਹ ਕਹਾਣੀ ਸੱਚ ਹੈ ਕਿ ਨਹੀਂ। ਕਿਤਾਬ ਵੀ ਕਲਪਨਾ ਦੀ ਉਡਾਨ ਨਹੀਂ ਹੈ। ਪਰ ਸੱਚ ਹੋਵੇ ਜਾਂ ਝੂਠ ਇਹ ਰਾਜ ਅਤੇ ਕਲਾ ਵਿਚਾਲੇ ਸੁਲਾਹ ਦੀ ਸੰਭਾਵਨਾ ਨੂੰ ਕਿਸੇ ਜਮਾਤੀ ਸਮਾਜ ਵਿੱਚ ਨਕਾਰਦੀ ਹੈ। ਕਿਸੇ ਸੇਂਦੋਰ ਜਾਂ ਕਿਸੇ ਵਾਕਲਾਵ ਹਾਵੇਲ ਲਈ ਰਾਜ ਦੇ ਪੱਖ ਵਿੱਚ ਕੋਈ ਤਾਕਤਵਰ ਰਚਨਾ ਲਿਖਣਾ ਅਸੰਭਵ ਹੈ, ਜ਼ਾਬਰ ਰਾਜ ਦੀ ਤਾਂ ਗੱਲ ਹੀ ਛੱਡ ਦਿਓ। ਕਲਾ ਉਦੋਂ ਸਭ ਤੋਂ ਜ਼ਿਆਦਾ ਤਾਕਤਵਰ ਹੁੰਦੀ ਹੈ ਜਦ ਉਹ ਜ਼ਾਬਰ ਦੇ ਨਾਲ਼ ਖੜ੍ਹਣ ਦੇ ਬਰਕਸ ਤਾਕਤ ਵਿਹੂਣੇ ਦੇ ਨਾਲ਼ ਖੜੀ ਹੁੰਦੀ ਹੈ। ਕਿਉਂਕਿ ਇਸਦੀ ਬੁਨਿਆਦੀ ਪ੍ਰਵਿਰਤੀ ਅਜ਼ਾਦੀ ਦੀ ਹੁੰਦੀ ਹੈ ਜਦ ਕਿ ਰਾਜ ਦੀ ਪ੍ਰਵਿਰਤੀ ਅਜ਼ਾਦੀ ਨੂੰ ਰੋਕਣ ਅਤੇ ਕੰਟਰੋਲ ਕਰਨ ਦੀ ਹੁੰਦੀ ਹੈ।

ਇਸਦੇ ਬਾਵਜੂਦ ਕਲਾ ਦੀ ਇਸ ਤਾਕਤ ਦੇ ਕਾਰਨ ਰਾਜ ਉਸਨੂੰ ਆਪਣੀ ਸੇਵਾ ਵਿੱਚ ਸ਼ਾਮਲ ਕਰਨਾ ਚਾਹੁੰਦਾ ਹੈ। ਕਿਉਂਕਿ ਉਹਨਾਂ ਨੂੰ ਆਪਣੇ ਵਿੱਚ ਰਲ਼ਾਅ ਕੇ, ਉਹਨਾਂ ਨੂੰ ਚੁੱਪ ਕਰਾ ਕੇ ਜਾਂ ਉਹਨਾਂ ਦੀਆਂ ਰਚਨਾਵਾਂ ਨੂੰ ਰੋਕ ਕੇ, ਉਹਨਾਂ ਨੂੰ ਭੋਲ਼ੇ ਪ੍ਰਤੀਕ ਵਿੱਚ ਬਦਲ ਕੇ ਜਾਂ ਇੱਕ ਬੰਦੇ ਵਿੱਚ ਰਾਜ ਅਤੇ ਕਲਾ ਨੂੰ ਸ਼ਾਮਲ ਕਰਨ ਦੇ ਯਤਨ ਕਰਕੇ, ਕਲਾਕਾਰ-ਰਾਜਾ ਬਣ ਕੇ ਪਰ ਅਸਲ ਵਿੱਚ ਰਾਜ ਉਹਦੀ ਤਾਕਤ ਨੂੰ ਹੀ ਪ੍ਰਵਾਨ ਕਰਦਾ ਹੈ। ਕਵੀਆਂ ਬਾਰੇ ਸਾਰੀਆਂ ਨਿੰਦਕ ਟਿੱਪਣੀਆਂ ਦੇ ਬਾਵਜੂਦ ਪਲੈਟੋ ਦੇ ਡਾਇਲਾਗਮਾ ਵਿੱਚ ਕਲਾ ਦੇ ਸੋਮੇ ਬਾਰੇ ਅਤਿਅੰਤ ਮਹੱਤਵਪੂਰਣ ਟਿੱਪਣੀਆਂ ਹਨ। ਜੇਕਰ ਮਿਲਟਨ ਅਤੇ ਪੈਰਾਡਾਇਜ਼ ਲਾਸਟ ਬਾਰੇ ਬਲੇਕ ਦੀ ਟੂਕ ਨੂੰ ਉਧਾਰ ਲਿਆ ਜਾਵੇ ਤਾਂ ਅਗਿਆਨਤਾ ਵਿੱਚ ਹੀ ਸਹੀ ਪਲੈਟੋ ਕਲਾ ਦੇ ਸ਼ੈਤਾਨ ਦਾ ਹੀ ਪੱਖੀ ਸੀ।

ਜਦ ਰਾਜ ਕਲਾ ਦੀ ਰੋਕਥਾਮ ਵਿੱਚ ਆਪਣੇ ਚਾਰਾਂ ਹੱਲਾਂ ਦੇ ਬਾਵਜੂਦ ਹਾਰ ਗਿਆ ਤਾਂ ਉਸਨੇ ਕਲਾਕਾਰ 'ਤੇ ਪੂਰਨ ਕੰਟਰੋਲ ਦੇ ਲਈ ਦੋ ਮੁੱਖ ਢੰਗ ਅਪਣਾਏ। ਪਹਿਲਾ ਸੀ, ਉਸਦੇ ਮਨ ਅਤੇ ਸਰੀਰ ਦੀ ਹਮਦਰਦੀ ਨੂੰ ਸਿਫਰ ਬਣਾ ਦੇਣਾ। ਜੇਲ੍ਹ ਦੀਆਂ ਅਨੇਕਾਂ ਕਹਾਣੀਆਂ ਅਸਲ ਵਿੱਚ ਕਲਾਕਾਰ ਦੇ ਮਨ ਨੂੰ ਤੋੜਣ ਦੇ ਰਾਜ ਦੇ ਯਤਨ ਦੀਆਂ ਕਹਾਣੀਆਂ ਹਨ ਜੋ ਉਸਨੂੰ ਉਸਦੇ ਆਮ ਸਮਪੋਸ਼ਣ ਤੋਂ ਵੱਖ ਕਰਦਾ ਹੈ। ਕੈਦ ਕਰਨਾ ਕਲਾਕਾਰ ਨੂੰ ਉਸਦੇ ਰੋਜ਼ਾਨਾ ਜੀਵਨ ਵਿੱਚ ਤਜਰਬੇ ਤੋਂ ਵੱਖ ਕਰਨਾ ਹੀ ਹੈ ਜਿਸ ਨਾਲ਼ ਉਸਦੀ ਕਲਪਨਾ ਨੂੰ ਖ਼ੁਰਾਕ ਮਿਲ਼ਦੀ ਹੈ। ਜੇਲ੍ਹ ਵਿੱਚ ਰਾਜ ਉਸਨੂੰ ਕਿਤਾਬਾਂ ਅਤੇ ਹੋਰ ਪ੍ਰੇਰਕ ਸਮੱਗਰੀਆਂ ਤੋਂ ਵਾਂਝਾ ਕਰ ਦਿੰਦਾ ਹੈ ਜਾਂ ਅਤਿਅੰਤ ਛਾਂਟੀ ਹੋਈ ਸਮੱਗਰੀ ਹੀ ਮੁਹੱਈਆ ਕਰਾਉਂਦਾ ਹੈ। ਰਾਜ ਜੇਲ੍ਹ ਵਿੱਚ ਸਾਹਿਤ ਰਚਨਾ ਦੇ ਮਾਧਿਅਮਾਂ ਨੂੰ ਵੀ ਕੰਟਰੋਲ ਕਰਦਾ ਹੈ। ਜੇਕਰ ਰਾਜ ਕਿਸੇ ਸਿਆਸੀ ਕੈਦੀ ਨੂੰ ਕਲਮ ਅਤੇ ਕਾਗ਼ਜ ਮੁਹੱਈਆ ਕਰਾਉਂਦਾ ਵੀ ਹੈ ਤਾਂ ਉਸ ਆਸ ਨਾਲ਼ ਕਿ ਉਹ ਉਸ 'ਤੇ ਆਪਣਾ ਦੋਸ਼ ਪ੍ਰਵਾਨ ਕਰੇਗਾ, ਮਾਫ਼ੀਨਾਮਾ ਲਿਖੇਗਾ ਜਾਂ ਰਾਜ ਵੱਲੋਂ ਤਿਆਰ ਹਲਫ਼ਨਾਮੇ 'ਤੇ ਦਸਤਖ਼ਤ ਕਰੇਗਾ। ਦੂਜੇ ਪਾਸੇ ਲੇਖਕ ਜੇਲ੍ਹ ਮੁਲਾਜ਼ਮ ਨੂੰ ਬੇਵਕੂਫ਼ ਬਣਾਕੇ ਲੇਖਣ ਸਮੱਗਰੀ ਪ੍ਰਾਪਤ ਕਰਨ ਦਾ ਯਤਨ ਕਰਦਾ ਹੈ ਤਾਂ ਕਿ ਉਹ ਆਪਣੇ ਦੋਸ਼ਾਂ ਦੇ ਸੁਨੇਹੇ ਲਿਖ ਸਕੇ। ਜੇਲ੍ਹ ਦੇ ਆਪਣੇ ਲੇਖਣ "ਦਿ ਮੈਨ ਡਾਇਡ" ਵਿੱਚ ਵੋਲੇ ਸੋਯੰਕਾ ਨੇ ਇਸ ਘੋਲ਼ ਨੂੰ ਨਾਟਕੀ ਰੂਪ ਪ੍ਰਦਾਨ ਕੀਤਾ। ਇਸ ਵਿੱਚ ਸਾਹਿਤ ਦੀ ਰਚਨਾ ਲਈ ਉਹ ਜੇਲ੍ਹ ਵਿੱਚ ਡਾਕਟਰ ਦੀ ਕਲਮ ਚੁਰਾ ਲੈਂਦਾ ਹੈ। ਇਸ ਤੋਂ ਬਿਨ੍ਹਾਂ ਰਾਜ ਕਲਾਕਾਰ ਨੂੰ ਚੁੱਪ ਕਰਾਉਣ ਲਈ ਉਹਨਾਂ ਨੂੰ ਅਪਾਹਜ ਵੀ ਕਰਦਾ ਹੈ। 'ਦਿ ਕੇਸ ਆਫ਼ ਪ੍ਰੀਜ਼ਮਚੁਅਸ ਨਾਵਲਿਸਟ' ਵਿੱਚ ਹਾਮਾ ਤੁਮਾ ਨੇ ਲਿਖਿਆ ਹੈ ਕਿ ਕਿਸ ਤਰ੍ਹਾਂ ਫ਼ੌਜੀ ਹਕੂਮਤ ਇੱਕ ਨਾਵਲਕਾਰ ਨੂੰ ਚੁੱਪ ਕਰਉਂਦੀ ਹੈ ਜੋ ਸੱਤ੍ਹਾ ਦੇ ਪੱਖ ਵਿੱਚ ਨਾ ਲਿਖ ਕੇ ਪ੍ਰੇਮ ਕਹਾਣੀਆਂ ਲਿਖਿਆ ਕਰਦਾ ਸੀ। ਉਹ ਕਲਮ ਫੜਨ ਵਾਲੇ ਹੱਥ ਨੂੰ ਹੀ ਕਟਵਾ ਦਿੰਦੀ ਹੈ। ਇਸ ਵਿੱਚ ਸਰਕਾਰੀ ਵਕੀਲ ਕਹਿੰਦਾ ਹੈ, "ਜਦੋਂ ਤੱਕ ਇਸਦੇ ਹੱਥ ਨਹੀਂ ਕੱਟੇ ਜਾਣਗੇ, ਗੱਦਾਰ ਲੇਖਕ ਨੂੰ ਤੁਸੀਂ ਉਚਿਤ ਸਜ਼ਾ ਨਹੀਂ ਦੇ ਸਕਦੇ।" ਦੂਜੇ ਸ਼ਬਦਾਂ ਵਿੱਚ ਤਸੀਹੇ, ਸਰੀਰਕ ਤਸੀਹਿਆਂ ਦੀ ਵਰਤੋਂ ਕਲਾਕਾਰ ਨੂੰ ਪੂਰੀ ਤਰ੍ਹਾਂ ਸਮਰਪਣ ਕਰਨ ਲਈ ਮਜ਼ਬੂਰ ਕਰਨ ਲਈ ਕੀਤਾ ਜਾਂਦਾ ਹੈ।

ਦੂਜਾ ਢੰਗ, ਕਲਾਕਾਰ ਨੂੰ ਦੇਸ-ਨਿਕਾਲ਼ਾ ਦੇ ਕੇ ਜਾਂ ਮਾਰ ਕੇ ਉਸਨੂੰ ਸਮਾਜ ਤੋਂ ਵੱਖ ਕਰਨ ਦਾ ਹੈ। ਇਤਿਹਾਸ ਗਵਾਹ ਹੈ ਕਿ ਦੇਸ-ਨਿਕਾਲ਼ਾ ਲੇਖਕਾਂ ਅਤੇ ਵਿਚਾਰਕਾਂ ਲਈ ਉਹਨਾਂ ਦੇ ਕੰਮ ਵਿੱਚ ਭਾਰੀ ਅੜਿੱਕਾ ਹੁੰਦਾ ਹੈ। ਅਰਸਤੂ ਨੂੰ ਵੀ ਏਥਨਜ਼ ਤੋਂ ਭੱਜਣਾ ਪਿਆ ਸੀ, ਇਸ ਤਰਕ 'ਤੇ ਕਿ ਉਹ ਦਰਸ਼ਨ ਦੇ ਵਿਰੁੱਧ ਸ਼ਹਿਰ ਨੂੰ ਦੁਬਾਰਾ ਅਪਰਾਧ ਕਰਨ ਨਹੀਂ ਦੇ ਸਕਦਾ। ਸੰਸਾਰ ਸਾਹਿਤ ਦਾ ਸੰਪੂਰਨ ਇਤਿਹਾਸ, ਬਾਇਬਲ ਤੋਂ ਲੈ ਕੇ ਹੁਣ ਤੱਕ ਲੇਖਕਾਂ ਅਤੇ ਪੈਗੰਬਰਾਂ ਦੀਆਂ ਕਥਾਵਾਂ ਨਾਲ਼ ਭਰਿਆ ਪਿਆ ਹੈ। ਬਸਤੀ ਅਤੇ ਬਸਤੀਵਾਦ ਤੋਂ ਬਾਅਦ ਦਾ ਅਫ਼ਰੀਕਾ ਵੱਖਰਾ ਨਹੀਂ ਹੈ। ਮੈਨੂੰ ਸ਼ੱਕ ਹੈ ਕਿ ਇਸ ਮਹਾਂਦੀਪ ਦਾ ਕੋਈ ਦੇਸ਼ ਇਸ ਸ਼ਰਾਪ ਤੋਂ ਬਚਿਆ ਹੋਇਆ ਹੈ। ਪਰ ਚੁੱਪ ਕਰਾਉਣ ਅਤੇ ਕੰਟਰੋਲ ਕਰਨ ਦਾ ਅੰਤਿਮ ਢੰਗ ਮੌਤ ਹੀ ਹੈ। ਨਸਲੀ ਦੱਖਣ ਅਫ਼ਰੀਕਾ ਤੋਂ ਇਦੀ ਅਮੀਨ ਦੇ ਯੂਗਾਂਡਾ ਤੱਕ ਚੰਗੇ-ਚੰਗੇ ਕਲਾਕਾਰਾਂ ਨੂੰ ਮਾਰਨ ਦੀਆਂ ਕਈ ਉਦਾਹਰਣਾਂ ਹਨ। ਨਾਈਜੀਰੀਆ ਵਿੱਚ ਕੇਨ ਸਾਰੋਵਿਵਾ ਦਾ ਕਤਲ ਇਸਦੀ ਤਾਜ਼ਾ ਉਦਾਹਰਣ ਹੈ। ਸਲਮਾਨ ਰਸ਼ਦੀ ਦਾ ਵੀ ਮਾਮਲਾ ਹੈ ਜਿਹਨੂੰ ਹਰ-ਰੋਜ਼ ਮੌਤ ਦਾ ਇੱਕ ਫਰਮਾਨ ਮਿਲ਼ਦਾ ਹੈ, ਜਿਸਨੂੰ ਕਰੋੜਾਂ ਮੁਸਲਮਾਨਾਂ ਵਿੱਚੋਂ ਕੋਈ ਵੀ ਪੂਰਾ ਕਰ ਸਕਦਾ ਹੈ। ਉਸਦਾ ਮਾਮਲਾ ਇਸ ਲਈ ਚਰਚਾਯੋਗ ਹੈ ਕਿਉਂਕਿ ਇਹ ਕਿਸੇ ਇੱਕ ਨਹੀਂ ਸਗੋਂ ਕਈ ਰਾਜਾਂ ਵਿਰੁੱਧ ਅਪਰਾਧ ਦਾ ਮਾਮਲਾ ਹੈ।

ਕੈਦ, ਦੇਸ-ਨਿਕਾਲ਼ਾ ਅਤੇ ਇੱਥੋਂ ਤੱਕ ਮੌਤ ਵੀ, ਤਿੰਨਾਂ ਵਿੱਚ ਕੁਝ ਨਾ ਕੁਝ ਅਜਿਹੀ ਗੱਲ ਹੈ। ਇਹ ਕਲਾਕਾਰ ਨੂੰ ਉਸਦੀ ਭੂਗੋਲਿਕ ਹੱਦ ਤੋਂ ਬਾਹਰ ਕਰਨਾ ਹੈ। ਤਾਂ ਕਿ ਰਾਜ ਉੱਥੇ ਤਾਕਤ ਦਾ ਇਕੱਲਾ ਵਿਖਾਵਾ ਕਰ ਸਕੇ। ਇਸ ਲਈ ਭਾਵੇਂ ਕਿ ਕਲਾ ਅਤੇ ਰਾਜ ਵਿਚਾਲੇ ਘੋਲ਼ ਦਾ ਅੰਤਿਮ ਸਿੱਟਾ ਹੈ ਪਰ ਆਮ ਤੌਰ 'ਤੇ ਵਿਖਾਵਾ ਅਤੇ ਖ਼ਾਸ ਤੌਰ 'ਤੇ ਵਿਖਾਵੇ ਦੀ ਥਾਂ 'ਤੇ ਕੰਟਰੋਲ ਸਥਾਪਿਤ ਕਰਨ ਦੇ ਰਾਜ ਦੇ ਯਤਨ ਦਾ ਨਤੀਜਾ ਹੈ।

(ਸਮਾਪਤ)



# ਸਮਾਜਿਕ ਵਿਵਸਥਾ ਦੇ ਨਿਘਾਰ ਦਾ ਹੱਲ ਕੀ ਹੋਵੇ ?



ਗੁਰਚਰਨ ਨੂਰਪੁਰ

ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ ਵਧ ਰਹੇ ਹਨ। ਧਾਰਮਿਕ ਪੱਖ ਤੋਂ ਮਨੁੱਖ ਨੂੰ ਸਿੱਖਿਅਤ ਕਰਨ ਵਾਲਿਆਂ ਦੀ ਵੀ ਕਮੀ ਨਹੀਂ ਹੈ ਜੋ ਆਪਣੀਆਂ ਲੰਬੀਆਂ ਤਕਰੀਰਾਂ/ਪ੍ਰਵਚਨਾਂ ਰਾਹੀਂ ਲੋਕਾਈ ਨੂੰ ਚੰਗੇ ਪਾਸੇ ਲਾਉਣ ਅਤੇ ਮਨੁੱਖਾ ਜੀਵਨ ਨੂੰ ਸਫਲਾ ਬਣਾਉਣ ਲਈ ਲਗਾਤਾਰ ਯਤਨਸ਼ੀਲ ਹਨ। ਮਨੁੱਖ ਦੇ ਗਿਆਨ ਦਾ ਘੇਰਾ ਵਿਸ਼ਾਲ ਹੋਇਆ ਹੈ ਪਰ ਇਸ ਦੇ ਬਾਵਜੂਦ ਵੀ ਸਾਡਾ ਸਮਾਜ ਲਗਾਤਾਰ ਰਸਾਤਲ ਵੱਲ ਜਾ ਰਿਹਾ ਹੈ ਆਖਿਰ ਕਿਉਂ?

ਜਦੋਂ ਅਸੀਂ ਇਸ ਸਵਾਲ ਦਾ ਜਵਾਬ ਲੱਭਣ ਦੀ ਕੋਸ਼ਿਸ਼ ਕਰਦੇ ਹਾਂ ਤਾਂ ਇੱਕ ਸਵਾਲ ਹੋਰ ਖੜ੍ਹਾ ਹੁੰਦਾ ਹੈ ਕਿ ਉਹ ਕਿਹੜੀ ਤਰਜੀਹ ਹੈ ਜੋ ਮਨੁੱਖ ਨੂੰ ਇੱਕ ਚੰਗਾ ਇਨਸਾਨ ਬਣਾਉਂਦੀ ਹੈ? ਜੋ ਸਾਡੇ ਅੰਦਰੋਂ ਇਨਸਾਨੀਅਤ ਦੇ ਲੈਵਲ ਨੂੰ ਉੱਚਾ ਚੁੱਕਦੀ ਹੈ। ਲਗਭਗ ਪੱਚੀ ਸੌ ਸਾਲ ਪਹਿਲਾਂ ਚੀਨੀ ਦਾਰਸ਼ਨਿਕ ਕਨਫਿਊਸ਼ੀਅਸ ਨੇ ਕਿਹਾ ਸੀ ਕਿ ਕੇਵਲ ਧਰਮ ਅਤੇ ਸਿੱਖਿਆ ਗ੍ਰਹਿਣ ਕਰਕੇ ਹੀ ਮਨੁੱਖ ਪੂਰਨ ਮਨੁੱਖ ਨਹੀਂ ਬਣ ਜਾਂਦਾ।ਉਹਨਾਂ ਦੇ ਇਸ ਕਥਨ ਦਾ ਭਾਵ ਸ਼ਾਇਦ ਇਹ ਹੈ ਕਿ ਹੋਰ ਵੀ ਕੁਝ ਐਸੀਆਂ ਤਰਜੀਹਾਂ ਹਨ ਜੋ ਮਨੁੱਖ ਨੂੰ ਚੰਗਾ ਇਨਸਾਨ ਬਣਾਉਣ ਵਿੱਚ ਆਪਣੀ ਭੂਮਿਕਾ ਅਦਾ ਕਰਦੀਆਂ ਹਨ। ਜੇਕਰ ਧਰਮ ਦੀ ਸਿੱਖਿਆ ਨਾਲ ਹੀ ਮਨੁੱਖ ਪੂਰਨ ਇਨਸਾਨ ਬਣ ਜਾਂਦਾ ਤਾਂ ਧਾਰਮਿਕ ਗਤੀਵਿਧੀਆਂ ਨਾਲ ਜੁੜੇ ਸਾਰੇ ਲੋਕਾਂ ਚੋਂ ਬੁਰਾਈਆਂ ਖਤਮ ਹੋ ਜਾਂਦੀਆਂ। ਜੇਕਰ ਪੜ੍ਹ ਲਿਖ ਕੇ ਹੀ ਸਾਰੇ ਲੋਕ ਸਿਆਣੇ ਬਣ ਜਾਂਦੇ ਤਾਂ ਵੀ ਇਹ ਸਮਾਜ ਹੋਰ ਤਰ੍ਹਾਂ ਦਾ ਹੋਣਾ ਸੀ। ਖਬਰਾਂ ਅੱਜ ਇਹ ਵੀ ਹਨ ਕਿ ਐਮ. ਐਸ. ਸੀ., ਐਮ ਟੈਕ ਆਦਿ ਡਿਗਰੀਆਂ ਲੈਣ ਵਾਲੇ ਨੌਜੁਆਨ ਵੀ ਕਈ ਤਰ੍ਹਾਂ ਦੀਆਂ ਸਮਾਜਿਕ ਬਰਾਈਆਂ ਦਾ ਸ਼ਿਕਾਰ ਬਣ ਰਹੇ ਹਨ। ਪੜ੍ਹੇ ਲਿਖੇ ਬਹੁਤ ਸਾਰੇ ਲੋਕ ਜਿਹਨਾਂ ਵਿੱਚ ਨੌਜੁਆਨ ਅਤੇ ਅੱਧਖੜ ਉਮਰ ਦੇ ਲੋਕ ਵੀ ਹਨ ਵੱਡੀ ਤਾਦਾਦ ਵਿੱਚ ਨਸ਼ਿਆਂ ਦਾ ਸ਼ਿਕਾਰ ਹੋ ਰਹੇ ਹਨ। ਸਾਡੇ ਸਮਾਜ ਵਿੱਚ ਮਾਰ ਧਾੜ ਲੁੱਟਮਾਰ ਦੀਆਂ ਘਟਨਾਵਾਂ ਵਿੱਚ ਤੇਜ਼ੀ ਨਾਲ ਵਾਧਾ ਹੋਣਾ ਸ਼ੁਰੂ ਹੋਇਆ ਹੈ। ਲੁੱਟ ਖਸੁੱਟ ਦੀਆਂ ਛੋਟੀਆਂ ਘਟਨਾਵਾਂ ਤੋਂ ਲੈ ਕੇ ਜੇ ਸੀ ਬੀ ਮਸ਼ੀਨਾਂ ਨਾਲ ਏ ਟੀ ਐਮ ਮਸ਼ੀਨਾਂ ਪੁੱਟ ਕੇ ਨਾਲ ਲੈ ਜਾਣ ਤੱਕ ਦੀਆਂ ਘਟਨਾਵਾਂ ਆਮ ਹੋਣ ਲੱਗ ਪਈਆਂ ਹਨ। 17 ਜਨਵਰੀ ਦੇ ਅਜੀਤ ਅਖਬਾਰ ਵਿੱਚ ਤਰਨ ਤਾਰਨ ਤੋਂ ਲੱਗੀ ਖਬਰ ਵਿੱਚ ਖੁਲਾਸਾ ਹੋਇਆ ਕਿ ਜੇਲਾਂ ਵਿੱਚ ਬੈਠੇ ਕੁਝ ਮੁਜਰਮ ਨਸ਼ੇ ਦੇ ਵੱਡੇ ਕਾਰੋਬਾਰੀ ਬਣੇ ਹੋਏ ਹਨ। ਇਹ ਜੇਲ ਵਿੱਚ ਬੈਠੇ ਹੀ ਪਾਕਿਸਤਾਨ ਦੇ ਸਮੱਗਲਰ ਟੋਲਿਆਂ ਨਾਲ ਫੋਨ ਰਾਹੀਂ ਸੰਪਰਕ ਕਰਕੇ ਇਹ ਹੈਰੋਇਨ ਇਧਰ ਮੰਗਵਾ ਰਹੇ ਸਨ ਅਤੇ ਵੱਡੀ ਪੱਧਰ 'ਤੇ ਨਸ਼ੇ ਦਾ ਧੰਦਾ ਚਲਾ ਰਹੇ ਸਨ। ਹੁਣ ਆਮ ਬੰਦਾ ਅਜਿਹੀ ਖਬਰ ਨੂੰ ਪੜ੍ਹ ਕੇ ਸੋਚਦਾ ਹੈ ਕਿ ਚਲੋ ਚੰਗਾ ਹੋਇਆ ਪੁਲਸ ਨੇ ਫੜ ਲਏ। ਪਰ ਵਿਚਾਰਨ ਅਤੇ ਫਿਕਰ ਕਰਨ ਵਾਲੀ ਗੱਲ ਇਹ ਹੈ ਕਿ ਜੇਲ ਵਿੱਚ ਬੈਠ ਕੇ ਨਸ਼ਿਆਂ ਦਾ ਕਾਲਾ ਕਾਰੋਬਾਰ ਕਰਨ ਵਾਲੇ ਲੋਕਾਂ ਨੂੰ ਫੜ ਕੇ ਮੁਕੱਦਮਾ ਦਰਜ ਕਰਕੇ ਕਿੱਥੇ ਭੇਜਣਾ ਹੈ? ਭੇਜਣਾ ਤਾਂ ਆਖਿਰ ਕਿਸੇ ਜੇਲ ਵਿੱਚ ਹੀ ਹੈ। ਜੇਲ ਵਿੱਚ ਬੈਠਾ ਤਾਂ ਉਹ ਬੰਦਾ ਪਹਿਲਾਂ ਹੀ ਆਪਣੇ ਢੰਗ ਨਾਲ ਆਪਣੇ ਕਾਲਾ ਕਾਰੋਬਾਰ ਕਰ ਰਿਹਾ ਸੀ। ਅਜਿਹੀਆਂ ਖਬਰਾਂ ਗੰਭੀਰ ਚਿੰਤਨ ਅਤੇ ਵੱਡੇ ਪ੍ਰਸ਼ਾਸਨਿਕ ਸੁਧਾਰਾਂ ਦੀ ਮੰਗ ਕਰਦੀਆਂ ਹਨ ਜੋ ਅਜੇ ਸਾਡੀ ਸੋਚ ਦਾ ਹਿੱਸਾ ਨਹੀਂ ਬਣੇ। ਵਿਚਾਰਨ ਵਾਲੀ ਗੱਲ ਇਹ ਵੀ ਹੈ ਕਿ ਜਿਸ ਜੇਲ ਦੀ ਕੈਦ ਨੂੰ ਹੁਣ ਤੱਕ ਅਸੀਂ ਕੈਦ ਸਮਝਦੇ ਆਏ ਹਾਂ ਕੀ ਉਹ ਸਭ ਲੋਕਾਂ ਲਈ ਵਾਕਿਆ ਹੀ ਸਜਾ ਹੈ? ਇੱਕ ਹੋਰ ਫਰੀਦਕੋਟ ਜੇਲ ਦੀ ਖਬਰ ਵੀ ਚਰਚਾ ਵਿੱਚ ਰਹੀ ਜਿਸ ਵਿੱਚ ਕੁਝ ਕੈਦੀ ਸਮੈਕ ਦੇ ਘੋਲ ਦਾ ਟੀਕਾ ਆਪਣੇ ਆਪ ਨੂੰ ਲਾਉਂਦੇ ਸਨ। ਇੱਕ ਦਿਨ ਜਦੋਂ ਸਮੈਕ ਦੇ ਘੋਲ ਦਾ ਟੀਕਾ ਕੁਝ ਕੈਦੀਆਂ ਨੇ ਲਾ ਲਿਆ ਅਤੇ ਬਾਕੀਆਂ ਲਈ ਨਾ ਬਚਿਆ ਤਾਂ ਉਹਨਾਂ ਨੇ ਲੱਗੇ ਹੋਏ ਟੀਕੇ ਵਾਲਿਆਂ ਦਾ ਖੂਨ ਸਰਿੰਜ ਨਾਲ ਕੱਢ ਕੇ ਆਪਣੇ ਆਪ ਨੂੰ ਲਾ ਲਿਆ। ਤਾਂ ਕਿ ਟੀਕੇ ਲੱਗੇ ਵਾਲੇ ਵਿਆਕਤੀ ਦੇ ਖੂਨ ਨਾਲ ਹੀ ਕੁਝ ਨਸ਼ਾ ਹਾਸਲ ਕੀਤਾ ਜਾ ਸਕੇ। ਇਸ ਤਰ੍ਹਾਂ ਗੈਰ ਮੈਚਿੰਗ ਵਾਲਾ ਖੂਨ ਲੱਗਣ ਨਾਲ ਇਹਨਾਂ ਚੋਂ ਦੋ ਦੀ ਤਾਂ ਮੌਤ ਹੋ ਗਈ ਬਾਕੀਆਂ ਨੂੰ ਬੜੀ ਮੁਸ਼ਕਲ ਨਾਲ ਡਾਕਟਰਾਂ ਬਚਾ ਲਿਆ। ਆਪਣੇ ਆਪ ਨੂੰ ਗੁਰੂਆਂ, ਪੀਰਾਂ ਦੀ ਧਰਤੀ ਦੇ ਵਾਰਿਸ ਦੱਸਣ ਵਾਲੇ ਪੰਜਾਬ ਦੇ ਲੋਕ ਕਿਉਂ ਇੰਨੇ ਮਾੜੇ, ਅਤਿ ਗੰਭੀਰ ਹਾਲਾਤਾਂ ਦਾ ਸ਼ਿਕਾਰ ਹੋ ਰਹੇ ਹਨ?

ਦਰਅਸਲ ਕੁਝ ਐਸੀਆਂ ਤਰਜੀਹਾਂ ਹਨ ਜੋ ਮਨੁੱਖ ਨੂੰ ਚੰਗਾ ਬਣਾਉਣ ਵਿੱਚ ਆਪਣਾ ਵੱਡਾ ਰੋਲ ਨਿਭਾਉਂਦੀਆਂ ਹਨ। ਇਹਨਾਂ ਚੋਂ ਇੱਕ ਤਾਂ ਇਹ ਕਿ ਸਮਾਜ ਲਈ ਚੰਗੇ ਰੋਲ ਮਾਡਲ ਹੋਣੇ ਚਾਹੀਦੇ ਹਨ। ਦੂਜੀ ਹੈ ਕਿਰਤ। ਜਿੱਥੇ ਅੱਜ ਸਾਡੇ ਸਮਾਜ ਵਿੱਚ ਰੋਲ ਮਾਡਲਾਂ ਦਾ ਸੰਕਟ ਹੈ ਉੱਥੇ ਕਿਰਤ ਕਰਨ ਨੂੰ ਅਸੀਂ ਆਪਣਾ ਅਪਮਾਨ ਸਮਝਣ ਲੱਗ ਪਏ ਹਾਂ। ਸਭਿਆਚਾਰਕ ਪੱਖੋਂ ਸਾਡੀਆਂ ਸਮਾਜਿਕ ਕਦਰਾਂ ਕੀਮਤਾਂ ਦਾ ਘਾਣ ਕਰਨ ਵਾਲੇ ਕੁਝ ਕੁ ਫੁੱਕਰੇ ਗਇਕ ਲਗਾਤਾਰ ਗੁੰਡਾ ਗਰਦੀ, ਨਸ਼ੇਬਾਜ਼ੀ ਨੂੰ ਉਤਸ਼ਾਹਤ ਕਰਨ ਲੱਗੇ ਹੋਏ ਹਨ। ਕੁਝ ਕੁ ਸਿਗਰਟਾਂ, ਚਿਲਮਾਂ, ਭੰਗ ਗਾਂਜੇ ਖਾਣ ਵਾਲੇ ਆਪਣੇ ਆਪ ਨੂੰ ਸੂਫੀ ਗਾਇਕ ਹੋਣ ਦਾ ਭਰਮ ਪਾਲਣ ਵਾਲੇ ਵੀ ਨੌਜੁਆਨ ਪੀੜ੍ਹੀ ਦਾ ਵਿਵੇਕ ਅਤੇ ਬੌਧਿਕ ਪੱਖ ਤੋਂ ਬੇੜਾ ਗਰਕ ਕਰਨ ਤੁਲੇ ਹੋਏ ਹਨ। ਦੇਸ਼ ਦੀ ਜਵਾਨੀ ਨੇ ਆਪਣਾ ਭਵਿੱਖ ਰੌਸ਼ਨ ਕਰਨ ਦੇ ਨਾਲ ਨਾਲ ਸਮਾਜ ਦੀ ਉਸਾਰੀ ਵਿੱਚ ਵੀ ਬੜਾ ਮਹੱਤਵ ਪੂਰਨ ਰੋਲ ਅਦਾ ਕਰਨਾ ਹੁੰਦਾ ਹੈ ਉਹ ਅੱਜ ਵੱਖ ਵੱਖ ਡੇਰਿਆਂ, ਦਰਗਾਹਾਂ ਅਤੇ ਹੋਰ ਧਾਰਮਿਕ ਅਸਥਾਨਾਂ ਦੇ ਚੱਕਰ ਵਿੱਚ ਪੈ ਕੇ ਦਿਸ਼ਾਹੀਣ ਹੋ ਗਈ ਜਾਪਦੀ ਹੈ। ਧਾਰਮਿਕ ਪੱਖ ਤੋਂ ਅਗਵਾਈ ਕਰਨ ਵਾਲੇ ਪ੍ਰਚਾਰਕਾਂ ਦਾ ਸਾਰਾ ਜੋਰ ਮਨੁੱਖ ਦੇ ਵਿਆਕਤੀਤਵ ਦੇ ਵਿਕਾਸ ਦੀ ਬਜਾਏ ਬਾਹਰੀ ਵੇਸ ਭੇਸ ਤੇ ਲੱਗਿਆ ਹੋਇਆ ਹੈ। ਜਿੱਥੇ ਕਹਿਣੀ ਅਤੇ ਕਰਨੀ ਦਾ ਫਰਕ ਹੋਵੇ ਉੱਥੇ ਵੱਡੇ ਤੋਂ ਵੱਡੇ ਮਹਾਤਮਾਵਾਂ ਦੀਆਂ ਕਹੀਆਂ ਗੱਲਾਂ ਦੀ ਬੇਅਰਥ ਹੋ ਜਾਂਦੀਆਂ ਹਨ। ਗੁਰੂ ਨਾਨਕ ਦੇਵ ਜੀ ਨੇ ਸਾਨੂੰ ਕਿਰਤ ਕਰਨ ਦਾ ਉਪਦੇਸ਼ ਦਿੱਤਾ ਨਾਲ ਆਪ ਵੀ ਉਹਨਾਂ ਕਰਤਾਰਪੁਰ ਸਹਿਬ ਵਿਖੇ 17-18 ਸਾਲ ਖੇਤੀ ਕੀਤੀ। ਇਸੇ ਤਰ੍ਹਾਂ ਭਗਤ ਰਵੀਦਾਸ ਜੀ, ਕਬੀਰ ਸਹਿਬ ਵੀ ਸਾਰੀ ਉਮਰ ਕਿਰਤ ਨਾਲ ਜੁੜੇ ਰਹੇ। ਕੋਈ ਵਿਆਕਤੀ ਉਹ ਭਾਵੇਂ ਕਿੰਨਾਂ ਵੀ ਮਹੱਤਵਪੂਰਨ ਕਿਉਂ ਨਾ ਹੋਵੇ ਜੇ ਆਪ ਉਹ ਸ਼ਾਹੀਂ ਠਾਠ ਬਾਠ ਵਿੱਚ ਹੈ ਅਤੇ ਦੂਜੇ ਨੂੰ ਕੰਮ ਕਰਨ ਦਾ ਉਪਦੇਸ਼ ਦਿੰਦਾ ਹੈ ਤਾਂ ਸੁਣਨ ਵਾਲਿਆਂ ਤੇ ਉਹਦੀ ਕਹੀ ਗੱਲ ਦਾ ਅਸਰ ਨਹੀਂ ਹੋਵੇਗਾ ਉਹਨੂੰ ਵੇਖਣ ਵਾਲਿਆਂ ਤੇ ਉਹਦੇ ਵੇਸ਼ ਭੇਸ ਅਤੇ ਰਹਿਣ ਸਹਿਣ ਦਾ ਅਸਰ ਜਰੂਰ ਹੋਵੇਗਾ। ਇਹੋ ਗੱਲ ਹੈ ਕਿ ਅੱਜ ਵੇਖੋ ਵੇਖੀ ਪ੍ਰਚਾਰਕ ਤਾਂ ਪੈਦਾ ਹੋ ਰਹੇ ਹਨ ਪਰ ਸਮਾਜ ਲਗਾਤਾਰ ਰਸਾਤਲ ਵੱਲ ਜਾ ਰਿਹਾ ਹੈ।

ਕਿਰਤ ਨਾਲ ਜੁੜੇ ਰਹਿਣ ਨਾਲ ਮਨੁੱਖ ਅੰਦਰਲੀਆਂ ਕਲਾਤਮਿਕ ਰੁਚੀਆਂ ਦਾ ਵਿਕਾਸ ਹੁੰਦਾ ਹੈ। ਪੰਜਾਬ ਦੇ ਲੋਕ ਕੁਪ ਬੰਨਣੇ, ਰੱਸੇ ਵੱਟਣੇ, ਸੋ ਨਾਲ ਮੱਝਾਂ ਗਾਵਾਂ ਅਤੇ ਬਲਦਾਂ ਨੂੰ ਪਾਲਣਾ, ਸ਼ਿਗਾਰਨਾਂ, ਫਸਲ ਦੀ ਗੁਡਾਈ ਕਰਨੀ, ਫਸਲਾਂ ਨੂੰ ਕਾਵਾਂ ਤੋਤਿਆਂ ਤੋਂ ਬਚਾਉਣ ਲਈ ਮੱਨ੍ਹੇ ਬਣਾ ਕੇ ਰਾਖੀ ਕਰਨੀ ਆਦਿ ਕਈ ਕੰਮ ਸੀ ਜੋ ਸਾਡੇ ਵੱਡੇ ਵਡੇਰੇ ਸਦੀਆਂ ਤੋਂ ਕਰਦੇ ਰਹੇ ਪਰ ਅੱਜ ਨਹੀਂ। ਇਸੇ ਤਰ੍ਹਾਂ ਸਾਡੀਆਂ ਧੀਆਂ ਭੈਣਾਂ ਵੱਲੋਂ ਕੰਧਾਂ ਤੇ ਵੇਲਾਂ ਬੂਟੇ ਪਾਉਣੇ, ਕੰਧੋਲੀਆਂ ਲਿਪਣੀਆਂ ਪੋਚਣੀਆਂ, ਦਰੀਆਂ, ਫੁੱਲਕਾਰੀਆਂ, ਪੱਖੀਆਂ ਨੂੰ ਬਣਾਉਣ ਲਈ ਕਲਾਤਮਿਕ ਛੋਹਾਂ ਦੇਣੀਆਂ ਆਦਿ ਬਹੁਤ ਸਾਰੇ ਕੰਮ ਸੀ ਜੋ ਮਨੁੱਖ ਨੂੰ ਕਿਰਤ ਦੇ ਨਾਲ ਨਾਲ ਕਲਾ ਨਾਲ ਜੋੜੀ ਰੱਖਦੇ ਸੀ। ਕਲਾਤਮਿਕ ਰੁਚੀਆਂ ਦਾ ਵਿਕਾਸ ਮਨੁੱਖ ਨੂੰ ਮਨੁੱਖ ਬਣਾਉਣ ਵਿੱਚ ਵੱਡਾ ਰੋਲ ਅਦਾ ਕਰਦਾ ਹੈ ਜਿਸ ਨੂੰ ਬਜਾਰ ਅਤੇ ਮੰਡੀ ਦੇ ਕਰੂਰ ਵਰਤਾਰੇ ਨੇ ਸਾਡੇ ਜੀਵਨ ਚੋਂ ਬਿਲਕੁਲ ਹੀ ਖਤਮ ਕਰ ਦਿੱਤਾ ਹੈ। ਕਿਰਤ ਅਤੇ ਕਲਾ ਨਾਲੋਂ ਟੁੱਟ ਕੇ ਅਸੀਂ ਸੱਖਣੇ ਹੋ ਗਏ ਹਾਂ। ਆਪਣੇ ਆਪ ਨੂੰ ਭਰਨ ਲਈ ਵਿਖਾਵਾਬਾਜੀ ਅਤੇ ਕਈ ਤਰ੍ਹਾਂ ਦੇ ਅਡੰਬਰ ਰਚਣ ਲੱਗ ਪਏ ਹਾਂ। ਇਥੇ ਸਵਾਲ ਪੈਦਾ ਹੁੰਦਾ ਹੈ ਕਿ ਕੀ ਅੱਜ ਵੀ ਕਿਰਤ ਨਾਲ ਜੁੜੇ ਸਾਰੇ ਲੋਕ ਸਮਾਜਿਕ ਬੁਰਾਈਆਂ ਤੋਂ ਬਚੇ ਹੋਏ ਹਨ? ਇਹਦਾ ਜਵਾਬ ਹੈ ਨਹੀਂ। ਕਾਰਨ ਇਹ ਹੈ ਜਦੋਂ ਸਮਾਜ ਵਿੱਚ ਦੀ ਬਹੁਗਿਣਤੀ ਕਈ ਤਰਾਂ ਦੀਆਂ ਬੁਰਾਈਆਂ ਦਾ ਸ਼ਿਕਾਰ ਹੁੰਦੀ ਹੈ ਤਾਂ ਦੂਜੇ ਲੋਕਾਂ ਤੇ ਵੀ ਇਸ ਦਾ ਪ੍ਰਭਾਵ ਪੈਦਾ ਕੁਦਰਤੀ ਗੱਲ ਹੈ। ਜਿਵੇਂ ਇੱਕ ਦਫਤਰ ਵਿੱਚ ਬਹੁਤ ਸਾਰੇ ਭ੍ਰਿਸ਼ਟ ਵਿਆਕਤੀ ਦਾ ਅਸਰ ਉੱਥੇ ਕੰਮ ਕਰਦੇ ਇੱਕ ਈਮਾਨਦਾਰ ਵਿਅਕਤੀ ਤੇ ਹੋਣਾ ਕੁਦਰਤੀ ਗੱਲ ਹੈ। ਭਾਰਤ ਵਿੱਚ ਹੀ ਬਹੁਤ ਸਾਰੇ ਸੂਬੇ ਅਜਿਹੇ ਹਨ ਜਿੱਥੇ ਸਾਡੇ ਸਮਾਜ ਦੇ ਮੁਕਾਬਲੇ ਜੁਰਮ ਵੀ ਘੱਟ ਹਨ ਅਤੇ ਨਸ਼ਿਆਂ ਦਾ ਪ੍ਰਚਲਣ ਵੀ ਘੱਟ ਹੈ। ਉਦਾਹਰਣ ਵਜੋਂ ਪੋਸਤ ਅਫੀਮ ਦੀ ਪੈਦਾਵਾਰ ਮੱਧ ਪ੍ਰਦੇਸ਼, ਰਾਜਸਥਾਨ ਵਿੱਚ ਹੁੰਦੀ ਹੈ ਪਰ ਇਹ ਨਸ਼ੇ ਖਾਣ ਵਾਲਿਆਂ ਦੀ ਗਿਣਤੀ ਪੰਜਾਬ ਵਿੱਚ ਜਿਆਦਾ ਹੈ। ਅਸੀਂ ਕਹਿੰਦੇ ਹਾਂ ਕਿ ਸਾਡੀਆਂ ਔਲਾਦਾਂ ਹਰ ਤਰ੍ਹਾਂ ਦੇ ਨਸ਼ਿਆਂ ਤੋਂ ਬਚੀਆਂ ਰਹਿਣ ਪਰ ਸਾਡੇ ਵਿਆਹਾਂ ਸ਼ਾਦੀਆਂ ਤੇ ਪੈਲਸਾਂ ਵਿੱਚ ਬੱਚਿਆਂ ਨੌਜੁਆਨਾਂ ਸਾਹਮਣੇ ਮਹਿੰਗੀਆਂ ਸ਼ਰਾਬਾਂ ਅਤੇ ਇਹਨਾਂ ਨਾਲ ਖਾਣ ਵਾਲੇ ਪਕਵਾਨ ਬਣਾਏ ਤੇ ਵਰਤਾਏ ਜਾ ਰਹੇ ਹੁੰਦੇ ਹਨ। ਹੁਣ ਤਾਂ ਸਰਕਾਰਾਂ ਨੇ ਵੀ ਸ਼ਰਾਬ ਨੂੰ ਕਮਾਈ ਵੱਡਾ ਸਾਧਨ ਮੰਨ ਲਿਆ ਹੈ। ਸ਼ਰਾਬ ਫੈਕਟਰੀਆਂ ਅਤੇ ਸ਼ਰਾਬ ਦੇ ਠੇਕਿਆਂ ਦੀ ਗਿਣਤੀ ਲਗਾਤਾਰ ਵੱਧ ਰਹੀ ਹੈ। ਇਹ ਨਸ਼ਿਆਂ ਦਾ ਪ੍ਰਚਲਣ ਹੀ ਸਮਾਜ ਵਿੱਚ ਦੂਜੀਆਂ ਕਈ ਅਲਾਮਤਾਂ ਨੂੰ ਪੈਦਾ ਕਰਨ ਦਾ ਜ਼ਰੀਆ ਬਣਦਾ ਹੈ।

ਪੰਜਾਬ ਖੇਤੀ ਪ੍ਰਧਾਨ ਸੂਬਾ ਹੈ ਖੇਤੀ ਦੇ ਸੰਦਾਂ ਵਿੱਚ ਤੇਜੀ ਨਾਲ ਹੋਏ ਮਸ਼ੀਨੀ ਕਰਨ ਨੇ ਜਿੱਥੇ ਇੱਕ ਵਿਹਲ ਨੂੰ ਜਨਮ ਦਿੱਤਾ ਹੈ ਉੱਥੇ ਪਿਛਲੇ ਪੰਦਰਾਂ ਵੀਹ ਸਾਲਾਂ ਤੋਂ ਪੰਜਾਬ ਦੇ ਨੌਜੁਆਨਾਂ ਲਈ ਸਰਕਾਰਾਂ ਵੱਲੋਂ ਬਦਲਵੇਂ ਰੋਜਗਾਰ ਦੇ ਪ੍ਰਬੰਧ ਨਹੀਂ ਕੀਤੇ ਗਏ। ਸਰਕਾਰੀ ਅਤੇ ਗੈਰ ਸਰਕਾਰੀ ਰੋਜਗਾਰ ਪੈਦਾ ਕਰਨ ਲਈ ਵੱਡੇ ਪ੍ਰੋਗਰਾਮ ਬਣਾਉਣ ਦੀ ਲੋੜ ਸੀ ਜੋ ਨਹੀਂ ਬਣਾਏ ਜਾ ਸਕੇ। ਅੱਜ ਵੀ ਦੇਸ਼ ਦੀ ਜਵਾਨੀ ਕੰਮ ਮੰਗਦੀ ਹੈ, ਸੜਕਾਂ ਤੇ ਰੁਲ ਰਹੀ ਹੈ, ਟੈਂਕੀਆਂ ਤੇ ਚੜ੍ਹ ਰਹੀ ਹੈ। ਬਾਹਰਲੇ ਮੁਲਕਾਂ ਨੂੰ ਜਾਣ ਲਈ ਟ੍ਰੈਵਲ ਏਜੰਟਾਂ ਦਾ ਸ਼ਿਕਾਰ ਹੋ ਰਹੀ ਹੈ। ਇਸ ਧਰਤੀ ਤੇ ਉਹਨਾਂ ਨੂੰ ਆਪਣੇ ਚੰਗੇ ਭਵਿੱਖ ਦੀ ਆਸ ਨਹੀਂ ਦਿਸ ਰਹੀ। ਜੇਕਰ ਅੱਜ ਸਾਡਾ ਨੌਜੁਆਨ ਨਿਰਾਸ਼ਾ ਦੇ ਆਲਮ ਵਿੱਚ ਹੈ ਤਾਂ ਸਾਨੂੰ ਇਸ ਲਈ ਗੰਭੀਰ ਚਿੰਤਨ ਦੀ ਲੋੜ ਹੈ। ਬੀਤ ਗਏ ਸਮੇਂ ਨੇ ਕਦੇ ਵਾਪਸ ਨਹੀਂ ਆਉਣਾ ਪਰ ਵਰਤਮਾਨ ਪ੍ਰਸਥਿਤੀਆਂ ਮੁਤਾਬਕ ਚਾਹੀਦਾ ਇਹ ਹੈ ਦੇਸ਼ ਦੀ ਜਵਾਨੀ ਨੂੰ ਵੱਧ ਤੋਂ ਵੱਧ ਕਿਰਤ ਅਤੇ ਕਲਾ ਨਾਲ ਜੋੜਿਆ ਜਾਵੇ। ਸਰਕਾਰ ਨੌਕਰੀਆਂ ਦੇ ਨਾਲ ਨਾਲ ਸਾਡੇ ਗੁਆਂਢੀ ਮੁਲਕ ਚੀਨ ਵਾਂਗ ਇੱਥੇ ਵੀ ਘਰੇਲੂ ਛੋਟੇ ਉਦਯੋਗਾਂ ਨੂੰ ਵੱਡੀ ਪੱਧਰ ਤੇ ਉਤਸ਼ਾਹਤ ਕੀਤਾ ਜਾਣਾ ਚਾਹੀਦਾ ਹੈ। ਰੋਜਗਾਰ ਸਬੰਧੀ ਇੱਕ ਅਜਿਹੀ ਲਹਿਰ ਚਲਾਈ ਜਾਵੇ ਜਿਸ ਵਿੱਚ ਰੋਜਾਨਾਂ ਵਰਤੋਂ ਦੀਆਂ ਵਸਤਾਂ ਦੇ ਨਾਲ ਨਾਲ ਘਰਾਂ ਚੋਂ ਲੋੜੀਂਦੀਆਂ ਹੋਰ ਵਸਤਾਂ ਨੂੰ ਘਰੇਲੂ ਛੋਟੇ ਘੱਟ ਲਾਗਤ ਵਾਲੇ ਉਧਯੋਗ ਲਗਾ ਕੇ ਇਹਨਾਂ ਦੀ ਪੈਦਾਵਾਰ ਕੀਤੀ ਜਾਵੇ। ਦੇਸ਼ ਦੇ ਪੜ੍ਹੇ ਲਿਖੇ ਨੌਜਆਨ ਮੁੰਡੇ ਕੁੜੀਆਂ ਲਈ ਉਹਨਾਂ ਦੀ ਯੋਗਤਾ ਅਨੁਸਾਰ ਕੰਮ ਦੇ ਵਸੀਲੇ ਪੈਦਾ ਕੀਤੇ ਜਾਣ। ਸਗੋਂ ਚਾਹੀਦਾ ਤਾਂ ਇਹ ਹੈ ਕਿ ਸਕੂਲਾਂ ਕਾਲਜਾਂ ਵਿੱਚ ਵੀ ਬੱਚਿਆਂ ਨੂੰ ਪੜਨ ਦੇ ਨਾਲ ਨਾਲ ਕੁਝ ਸਮਾਂ ਕੰਮਾਂ ਦੀ ਸਿਖਲਾਈ ਦੇਣ ਕੰਮ ਕਰਨ ਲਈ ਜਰੂਰੀ ਕੀਤਾ ਜਾਵੇ। ਇਸ ਨਾਲ ਨੌਜੁਆਨਾਂ ਨੂੰ ਹੱਥੀ ਕੰਮ ਕਰਨ ਦੀ ਆਦਤ ਵੀ ਪਵੇਗੀ ਅਤੇ ਉਹਨਾਂ ਨੂੰ ਇੱਕ ਦਿਸ਼ਾ ਵੀ ਮਿਲੇਗੀ ਕਿ ਉਹ ਆਪਣੀ ਜਿੰਦਗੀ ਵਿੱਚ ਕੀ ਕੁਝ ਕਰਨ ਦੇ ਵਧੇਰੇ ਸਮਰੱਥ ਹੋ ਸਕਦੇ ਹਨ। ਕਨੇਡਾ ਵਰਗੇ ਮੁਲਕਾਂ ਵਿੱਚ ਦਸਵੀ ਦਾ ਸਾਰਟੀਫੀਕੇਟ ਹਾਸਲ ਕਰਨ ਲਈ ਕਿਸੇ ਕੰਪਨੀ ਤੋਂ ਕੁਝ ਘੰਟੇ ਰੋਜਾਨਾਂ ਕੰਮ ਕਰਨ ਦਾ ਸਾਰਟੀਫੀਕੇਟ ਪਹਿਲਾਂ ਦਿਖਾਉਣਾ ਪੈਂਦਾ ਹੈ। ਕਿਰਤ ਅਤੇ ਕੰਮ ਨਾਲ ਜੁੜ ਕੇ ਜਿੱਥੇ ਅਸੀਂ ਸਮਾਜ ਨੂੰ ਇੱਕ ਨਵੀਂ ਦਿਸ਼ਾ ਦੇਣ ਵਿੱਚ ਸਫਲ ਹੋ ਸਕਦੇ ਹਾਂ ਉੱਥੇ ਸਮਾਜ ਤੋਂ ਕਈ ਤਰ੍ਹਾਂ ਦੇ ਵਿਕਾਰਾਂ ਵਿਗਾੜਾਂ ਨੂੰ ਵੀ ਖਤਮ ਕਰ ਸਕਦੇ ਹਾਂ। ਜੇਕਰ ਅੱਜ ਪੰਜਾਬ ਦੀ ਧਰਤੀ ਇੱਕ ਵੱਡੇ ਹਸਪਤਾਲ ਦਾ ਰੂਪ ਲੈ ਰਹੀ ਹੈ ਅਤੇ ਦਵਾਈਆਂ/ਹਸਪਤਾਲਾਂ/ ਲੈਬ ਟੈਸਟਾਂ ਦੀ ਇੱਕ ਵੱਡੀ ਮੰਡੀ ਬਣ ਗਈ ਹੈ ਤਾਂ ਇਸ ਦਾ ਇੱਕ ਵੱਡਾ ਕਾਰਨ ਸਾਡਾ ਕਿਰਤ ਤੋਂ ਦੂਰ ਜਾਣਾ ਵੀ ਹੈ। ਅੱਜ ਸਾਨੂੰ ਅੱਜ ਦਾ ਸਮਾਜ ਜੋ ਸਾਡੇ ਵਿਰਸੇ ਦੀਆਂ ਨਿੱਗਰ ਕਦਰਾਂ ਕੀਮਤਾਂ ਅਨੁਸਾਰ ਬਿਲਕੁਲ ਵੀ ਢੁੱਕਵਾਂ ਨਹੀਂ ਹੈ ਵਿੱਚ ਵੱਡੇ ਬਦਲਾਅ ਕਰਕੇ ਸਮੇਂ ਦੇ ਹਾਣੀ ਬਣਨ ਦੀ ਲੋੜ ਹੈ।

ਜੀਰਾ ਮੋ: 9855051099






# Scottish struggle for Self-determination-Go On



Darbara Singh Kahlon




Self-determination through referendum is a potent instrument to make possible Democratic decision making actions based on the Will of majority.

U.S. President Woodrow Wilson is known as the first modern times politician who propagated the people's right to self-determination. He said, "No people must be forced under Sovereignity, under which it does not wish to live." Because of his efforts after world War Ist, at the versailles peace talk, it got its place though this principle assumed its two distinct meanings. One is external self-determination seeking full sovereignity, the second is internal self-determination to secure the right to meaningful participation in the domestic political process.

The Scottish people in Great Britain sought the external self-determination through referendum seeking full sovereignity which was held on 18th September, 2014. Though they have lost by 55:45 split but there is no denying that the people of Scotland have spoken for their fundamental right.

Two years ago 33 percent spoke for independence and now 45 percent have spoken. Among them 47 percent were men and 44 percent were women. But the whole world must remember that Scottish struggle for self-determination will go on with more ferment as 70 percent young voters aged 16-17 spoke for it. Isn't it a new found self-belief?

The fact is, the imperialist powers, even the Queen in the last minute efforts promised Scotland new powers. Even, inspite of defeat no one is arguing that Scotland should have fewer powers.

Former Prime Minister of Great Britain Gorden Brown talked very highly and repeatedly, backed by powerful media that he had extracted from Prime Minister David Cameron, Labour leader Ed.Miliband and Liberal Democrat Leader Nick Clegg to extend further powers to Scotland.

The 55: 45 split keeps U.K. intact. The centrist political parties like Conservatives, Labour, Liberals, U.K. investors and corporators took a sigh of relief. One tenth population and GDP would remain intact. But they forget that the damocles sword will continue to hand on their heads and on the economic, financial and monetary systems.

It is a one great step forward in the march of independence of Scotland. Without bloodshed and violence the people of Scotland have shown the world how fundamental questions of nationhood and identity should be addressed. Efforts of indenendence and national identity would go on democratically and non-violently. Scottish history is full of immense affection and pride.

The credit goes to Scots that they have given a wake up call to the U.K.

Now it has not only to give more powers to Scots but it has to be given to England, Wales and Northern Ireland also. The unitary political construction of U.K. would have to be reconstructed as federal.

The self-determination through referendum is Scotland in not the last. The aspirant nations would continue their efforts for such resort for their self rule which is known as their fundamental right.

But there should be no double standard. When the Western countries helped KOSOVO to achieve independence through the democratice tool of referendum, they bent some principles. Kosovo conducted a referendum in 2007 for independence. The west determined that Serbia's consent was not required. Yet the absence of Ukraine's consent has led the same west to consider Crimea's referendum illegal.

ਰਿਜ਼ੋਰਟ ਦੇ ਮੁੱਖ ਰਿਸੈੱਪਸ਼ਨ 'ਤੇ ਬਾਵਰਦੀ ਸਮਾਰਟ ਕਰਮਚਾਰੀ ਆਪੋ-ਆਪਣੇ ਕਾਰਜਾਂ ਵਿੱਚ ਰੁਝੇ ਮਹਿਮਾਨਾਂ ਦਾ ਪੂਰੀ ਫੁਰਤੀ ਨਾਲ ਸਵਾਗਤ ਕਰ ਰਹੇ ਸਨ। ਗਾਈਡ ਨੇ ਸਾਨੂੰ ਲਗਜ਼ਰੀ (ਐਕਸਕਲੂਸਿਵ) ਰਿਸੈਪਸ਼ਨ ਵਿੱਚ ਜਾ ਬਿਠਾਇਆ। ਏ ਸੀ ਦੇ ਬਾਵਜੂਦ ਵੀ ਪੋਰਟੇਬਿਲ ਪੱਖਾ ਘੂਕਰਾਂ ਬੰਨ ਰਿਹਾ ਸੀ। ਤੁਰੰਤ ਸਫੈਦ ਵਾਈਨ ਅਤੇ ਨਿੰਬੂ ਪਾਣੀ ਦੇ ਗਲਾਸ ਆ ਗਏ। ਏਥੇ ਇੱਕ ਵਿਸ਼ੇਸ਼ ਬਾਰ ਵੀ ਖਿੱਚ ਭਰਪੂਰ ਸੱਦੇ ਦੇ ਰਹੀ ਸੀ। ਆਈਸ ਤੇ ਨਿੰਬੂ ਨਾਲ ਵੋਦਕਾ ਦੀਆਂ ਚੁਸਕੀਆਂ ਲੈਂਦਿਆਂ ਕੁਝ ਗਰਮੀ ਤੋਂ ਰਾਹਤ ਮਿਲੀ ਤੇ ਸੁਖਦ ਮਹਿਸੂਸ ਕੀਤਾ। ਕੇਰਾਂ ਤਾਂ ਰਿਜ਼ੋਰਟ ਰਿਸੈਪਸ਼ਨ ਤੋਂ ਹੀ ਰਹਿਣ ਸਹੂਲਤਾਂ ਦੇ ਦੀਦਾਰੇ ਹੋਣੇ ਅਰੰਭ ਹੋ ਗਏ। ਜਿਵੇਂ ਪਰਾਲੀ ਤੋਂ ਹੀ ਪਿੰਡ ਦੇ ਭਾਗ ਦਿੱਸਣ ਲੱਗ ਪੈਂਦੇ ਨੇ। ਏਨੇ ਨੂੰ ਕਮਰਿਆਂ ਦੀਆਂ ਕਾਰਡ ਨੁਮਾ ਚਾਬੀਆਂ ਮਿਲ ਗਈਆਂ। ਸਾਮਾਨ ਵਾਲੀ ਰੇੜੀ ਐਲੀਵੇਟਰ ਵੱਲ ਤੁਰ ਪਈ। ਸਾਡੇ ਤਿੰਨੋਂ ਕਮਰੇ ਸਭ ਤੋਂ ਉੱਪਰਲੀ ਸੱਤਵੇਂ ਆਕਾਸ਼ ਵਰਗੀ ਸੱਤਵੀਂ ਮੰਜ਼ਲ 'ਤੇ ਸਨ। ਕਮਰਾ ਸੁਹਾਗ ਰਾਤ ਵਾਲੇ ਕਮਰੇ ਵਾਂਗ ਸਜਿਆ ਪਿਆ ਸੀ, ਜਿਹੜਾ ਹੁਣ ਸਾਡੇ ਪੋਤਿਆਂ ਦੋਹਤਿਆਂ ਲਈ ਤਾਂ ਜਚਦਾ ਸੀ ਪਰ ਸਾਡੇ ਵਰਗੇ ਬੁੱਢਿਆਂ ਲਈ ਤਾਂ ਇੱਕ ਸੁਪਨਾ ਹੀ ਬਣ ਗਿਆ ਹੋਇਆ ਸੀ। ਕਮਰੇ ਦੀ ਇੱਕ ਮਿੰਨੀ ਠੰਡੀ ਬਾਰ ਉਪਲਬਧ ਸੀ। ਕੋਈ ਅੱਧੀ ਕੁ ਦਰਜਨ ਭਾਂਤ ਭਾਂਤ ਦੇ ਕੋਲਡ ਡਰਿੰਕਸ ਲੱਗੇ ਹੋਏ ਸਨ। ਬੀਅਰ, ਵਿਸਕੀ, ਵੋਦਕਾ, ਜਮੇਕਨ ਰੰਮ ਆਦਿ ਸੇਵਾ ਲਈ ਤਿਆਰ ਸਨ। ਇਲੈਕਟ੍ਰਿਕ ਕੇਟਲੀ ਦੇ ਨਾਲ ਚਾਹ ਕੌਫੀ ਦੇ ਸਾਰੇ ਨਿੱਕ ਸੁੱਕ ਹਾਜ਼ਰ ਸਨ। ਸੁੰਦਰ ਸੋਫਾ ਤੇ ਬਾਲਕੋਨੀ ਵਿੱਚ ਬੈਠਣ ਵਾਲੀਆਂ ਕੁਰਸੀਆਂ ਮੇਜ਼ ਪਏ ਹੋਏ ਸਨ। ਕਮਰੇ ਦੋਸਤ ਜੋੜਿਆਂ, ਨਵਵਿਆਹਿਆਂ ਦੇ ਜੋਬਨ ਮੱਤੇ ਭਰਪੂਰ ਹਨੀਮੂਨ ਵਾਸਤੇ ਆਏ ਹੋਇਆਂ ਲਈ ਕਮਾਲ ਦੇ ਸਨ। ਸਾਡੇ ਵਰਗੇ ਜੋੜੇ ਤਾਂ ਦੁਨੀਆਂ ਦੇ ਰੰਗ ਵੇਖਣ ਹੀ ਆਏ ਹੋਏ ਸਨ। ਬੱਚਿਆਂ ਤੇ ਪਰਿਵਾਰਾਂ ਵਾਲਿਆਂ ਦਾ ਸੈਕਸ਼ਨ ਅੱਡ ਸੀ। ਉਨ੍ਹਾਂ ਦੇ ਪੂਲ ਵੀ ਵੱਖਰੇ ਸਨ। ਲਗਜ਼ਰੀ ਵਾਲੇ ਪੂਲ ਦੇ ਸਿਰਹਾਣੇ ਲੱਗੀ ਬਾਰ 'ਚ ਹਰ ਕਿਸਮ ਦੀ ਸ਼ਰਾਬ ਉਪਲਬਧ ਸੀ। ਤਾਂ ਹੀ ਲਗਜ਼ਰੀ (ਐਕਸਕਲੂਸਿਵ) ਦੂਸਰਿਆਂ ਨਾਲੋਂ ਕਾਫੀ ਮਹਿੰਗਾ ਸੀ। ਕਮਰਿਆਂ ਦੇ ਦੋਹੀਂ ਪਾਸੀਂ ਬਹੁਤ ਹੀ ਸੁਹਾਵਣੇ ਦ੍ਰਿਸ਼ ਸਨ। ਇੱਕ ਪਾਸੇ ਦੂਰ-ਦੂਰ ਤੱਕ ਫੈਲਿਆ ਵਿਸ਼ਾਲ ਸਮੁੰਦਰ ਤੇ ਦੂਜੇ ਪਾਸੇ ਤੱਟੀ ਖੇਤਰ ਦੇ ਉੱਚੇ ਨੀਵੇਂ ਹਰੀ ਭਰੀ ਬਨਸਪਤੀ ਦਾ ਨਜ਼ਾਰਾ ਪੇਸ਼ ਕਰ ਰਿਹਾ ਸੀ। ਇਹ ਦਿਨ ਵੇਲੇ ਤਾਂ ਬਹੁਤਾ ਨਜ਼ਰ ਨਾ ਪੈਂਦਾ ਪਰ ਰਾਤ ਨੂੰ ਲਾਈਟਾਂ ਵਿੱਚ ਉਹ ਸ਼ਿਮਲੇ ਦੇ ਆਲੇ ਦੁਆਲੇ ਦਾ ਝਲਕਾਰਾ ਦਿੰਦਾ।

ਇਸ ਬਾਹੀਆ ਪ੍ਰਿੰਸੀਪੀ ਰਿਜ਼ੋਰਟ ਰੰਨਵੇਅ ਬੇਅ ਦੇ ਕੰਢੇ 'ਤੇ ਇੱਕ ਵਿਸ਼ਾਲ, ਉੱਚੀ ਸੁੰਦਰ ਇਮਾਰਤ ਹੈ। ਇਮਾਰਤ ਤੇ ਪੂਲਾਂ ਦੀ ਬਣਤਰੀ ਵਿਉਂਤ ਇੱਕ ਦਿਲਕਸ਼ ਸੀਨ ਪੇਸ਼ ਕਰਦੀ। ਸਭ ਬਾਲਕੋਨੀ 'ਚੋਂ ਬਾਹਰ ਸਾਗਰੀ ਦ੍ਰਿਸ਼ ਪੇਸ਼ ਹੁੰਦਾ। ਆਉਂਦਿਆਂ ਪੰਜ ਕਿਲੋਮੀਟਰ ਤੋਂ ਹੀ ਇਹਦੀ ਸਫੈਦ ਉੱਚੀ ਇਮਾਰਤ ਦੇ ਲਾਲ ਉੱਚੇ ਗੁੰਬਦ ਖਾਲਸਾ ਕਾਲਜ ਅੰਮ੍ਰਿਤਸਰ ਦੇ ਗੁੰਬਦਾਂ ਵਰਗੇ ਲੱਗਦੇ। ਨਹਾਉਣ ਧੋਣ ਪਿੱਛੋਂ ਬੇਟੇ ਨੇ ਰੂਮ ਸਰਵਿਸ ਲਈ ਫੋਨ ਕਰ ਦਿੱਤਾ। ਅੱਧੇ ਘੰਟੇ ਵਿੱਚ ਚਿਕਨ ਤੇ ਫਿਸ਼ ਨਗਿਟਸ, ਸਲਾਦ ਪਹੁੰਚ ਗਿਆ। ਅਸੀਂ ਰਿਜ਼ੋਰਟ ਦੀ ਸਿਖਰਲੀ ਮੰਜ਼ਲ ਤੋਂ ਆਸੇ ਪਾਸੇ ਦਾ ਨਜ਼ਾਰਾ ਮਾਣਦਿਆਂ ਕੋਲਡ/ਡਰਿੰਕਸ ਲਏ। ਨੌਂ ਕੁ ਵਜੇ ਡਿਨਰ ਲਈ ਨਿਕਲ ਪਏ।

ਸੋਚ ਰਿਹਾ ਸੀ ਕੀ ਕਦੇ ਅਸੀਂ ਵੀ ਫਾਈਵ ਸਟਾਰ ਰਿਜ਼ੋਰਟਾਂ ਦਾ ਆਨੰਦ ਮਾਣਾਂਗੇ! ਕਦੀ ਸੁਪਨਾ ਵੀ ਨਹੀਂ ਸੀ ਆਇਆ। ਆ ਸਕਦਾ ਵੀ ਨਹੀਂ ਸੀ। ਇੰਡੀਆ ਰਹਿੰਦਿਆਂ ਇਹ ਬਾਤਾਂ ਦਿੱਲੀ ਦੂਰ ਅਸਤ ਜਾਪਦੀਆਂ। ਫਾਈਵ ਸਟਾਰ ਹੋਟਲਾਂ ਦੇ ਬੋਰਡ ਜ਼ਰੂਰ ਵੇਖੀਦੇ ਸਨ। ਇਹ ਅੰਦਰੋਂ ਕਿਹੋ ਜਿਹੇ ਹੋਣਗੇ! ਸੋਚੀਦਾ ਸੀ ਧਨਾਢ ਹੀ ਇਹਦਾ ਆਨੰਦ ਮਾਣਦੇ ਹੋਣਗੇ। ਪਰ ਜੀਵੇ ਕੈਨੇਡਾ! ਜਿਸ ਨੇ ਇਹ ਸਭ ਕੁਝ ਸਾਡੇ ਲਈ ਸਾਖਸ਼ਾਤ ਕਰ ਦਿੱਤੈ। ਪਹਿਲਾਂ ਕਦੇ ਕਦੇ ਜੇਠ ਹਾੜ ਦੀਆਂ ਤਪਦੀਆਂ ਲੋਆਂ ਵਿੱਚ ਪੰਜਾਬ ਯੂਨੀਵਰਸਿਟੀ ਦੇ ਗੈਸਟ ਹਾਊਸ ਦੇ ਏ ਸੀ ਵਾਤਾਕੂਲਾਂ ਦੇ ਜ਼ਰੂਰ ਅਨੰਦ ਮਾਣੀਦੇ ਸਨ। ਏਥੇ ਤਾਂ ਕੇਵਲ ਏ ਸੀ ਸਨ। ਬਾਕੀ ਸਹੂਲਤਾਂ ਤਾਂ ਫਾਈਵ ਸਟਾਰ ਦੇ ਤਰਲੇ ਜਿਹੇ ਹੀ ਹੁੰਦੇ। ਪਰ ਇਸ ਨਾਲ ਹੀ ਲਾਲਸਾਵਾਂ ਹੋਰ ਭੜਕ ਪੈਂਦੀਆਂ।

ਰਿਜ਼ੋਰਟ ਦੀਆਂ ਹਰ ਕਿਸਮ ਦੀਆਂ ਸ਼ਾਨਦਾਰ ਸਹੂਲਤਾਂ ਦਾ ਆਨੰਦ ਮਾਣਦਿਆਂ ਦੇਸ਼ ਦੇ ਲੋਕਾਂ ਦੀ ਜ਼ਿੰਦਗੀ ਦੇ ਦਰਸ਼ਨ ਕਰਨ ਦੀ ਕੋਸ਼ਿਸ਼ ਨਾਲੋਂ ਨਾਲ ਕਰੀ ਗਿਆ। ਸਵੇਰੇ ਸ਼ਾਮ ਕਈ ਵਰਗਾਂ ਦੇ ਕਰਮਚਾਰੀ ਆਪੋ-ਆਪਣੀਆਂ ਡਿਊਟੀਆਂ ਵਿੱਚ ਲੱਗੇ ਵੇਖੀਦੇ। ਕੁਝ ਤਾਂ ਸੁਰੱਖਿਆ ਕਰਮੀ ਹੁੰਦੇ। ਕੁਝ ਸਫਾਈ ਤੇ ਝਾੜ ਪੂੰਝ ਵਿੱਚ ਲੱਗੇ ਹੁੰਦੇ। ਕਮਰੇ ਵਾਲੀਆਂ ਬੀਬੀਆਂ ਦੋ ਵਾਰੀ ਹਰ ਇੱਕ ਸਾਮਾਨ ਨੂੰ ਅੱਪਡੇਟ ਕਰਦੀਆਂ। ਜਦੋਂ ਪੂਲ ਤੋਂ ਮੁੜਦੇ ਬੈੱਡ ਸ਼ੀਟਾਂ, ਪਰਦੇ ਤੇ ਵੱਡੇ ਛੋਟੇ ਤੌਲੀਏ ਐਨ ਸਲੀਕੇ 'ਚ ਕੀਤੇ ਹੁੰਦੇ। ਰੂਮ ਸਰਵਿਸ ਬਾਹਲੀ ਹੀ ਤੇਜ਼ ਤੇ ਨਿਪੁੰਨ ਸੀ। ਫੋਨ ਕਰੋ, ਤੁਹਾਡੀ ਲੋੜ ਦੀ ਪੂਰਤੀ ਕਮਰੇ ਵਿੱਚ ਹੀ ਅਲਾਦੀਨ ਦੇ ਚਿਰਾਗ ਦਾ ਆਕਾ ਲਿਆ ਪੇਸ਼ ਕਰਦਾ। ਕੋਲਡ ਡਰਿੰਕਸ ਤੇ ਬਾਰ ਵਾਲਾ ਬਹਿਰਾ ਆਪਣੀ ਟਰਾਲੀ ਨਾਲ ਬਾਅਦ ਦੁਪਹਿਰਾ ਚੱਕਰ ਮਾਰਦਾ। ਉਨ੍ਹਾਂ ਤੋਂ ਉਨ੍ਹਾਂ ਦੇ ਵੇਤਨਾਂ ਤੇ ਜੀਵਨ ਬਾਰੇ ਗੱਲ ਤੋਰ ਲਈ ਜਾਂਦੀ। ਸਵੇਰੇ ਸ਼ਾਮ ਸਮੁੰਦਰ ਦੇ ਕੰਢੇ 'ਤੇ ਦੂਰ ਦੂਰ ਤੱਕ ਨਿਕਲ ਸੈਰ ਦਾ ਰੁਝਾਨ ਉੱਥੇ ਵੀ ਜਾਰੀ ਰੱਖਿਆ। ਫਿਰਦਿਆਂ ਤੁਰਦਿਆਂ ਬੀਚਾਂ 'ਤੇ ਕੰਮ ਕਰਦੇ ਕਾਲੇ ਜਮੇਕਨਾਂ ਨਾਲ ਗੱਲੀਂ ਪੈ ਜਾਂਦਾ। ਇਹ ਸਭ ਤੋਂ ਹੇਠਲੀ ਪੱਧਰ ਦੇ ਕਾਮੇ ਸਨ। ਆਪਣੀ ਭਾਸ਼ਾ ਤੋਂ ਛੁਟ ਮਜ਼ਦੂਰ ਵਰਗ 'ਚੋਂ ਬਹੁਤੇ ਅੰਗਰੇਜ਼ੀ ਨੂੰ ਬਈਆਂ ਦੀ ਪੰਜਾਬੀ ਵਾਂਗ ਹੀ ਗੁਜ਼ਾਰੇ ਜੋਗੀ ਸਮਝਦੇ, ਬੋਲਦੇ। ਉਤਲੇ ਵਰਗ ਦੇ ਬਹਿਰੇ ਬਹਿਰੀਆਂ ਅੰਗਰੇਜ਼ੀ ਵਿੱਚ ਵਾਹਵਾ ਗੱਲਬਾਤ ਕਰ ਲੈਂਦੀਆਂ। ਸਾਰੇ ਹੀ ਤਕਰੀਬਨ ਪੰਜਾਬ ਵਾਂਗ ਗਰੀਬੀ ਤੇ ਬੇਰੋਜ਼ਗਾਰੀ ਦੇ ਭੰਨੇ ਵਰਗਿਆਂ ਵਾਂਗ ਮਜਬੂਰੀਆਂ ਵਿੱਚ ਕੰਮ ਕਰਦੇ ਸਨ, ਵਿਸ਼ੇਸ਼ ਤੌਰ 'ਤੇ ਹੇਠਲਾ ਵਰਗ। ਡਿਊਟੀਆਂ ਦਾ ਸਮਾਂ ਵੀ ਲੰਬਾ ਸੀ। ਉਹਨਾਂ ਨੂੰ ਮਸੀਂ 10 ਡਾਲਰ ਤੋਂ 25 ਡਾਲਰ ਪ੍ਰਤੀ ਹਫਤਾ ਮਿਲਦਾ ਸੀ। ਜਿਹੜੇ ਬਰਾਮਦਿਆਂ ਜਾਂ ਥੋੜ੍ਹਾ ਬਾਹਰਲੇ ਪਾਸੇ ਸਫਾਈ, ਝਾੜ ਪੂੰਝ ਕਰਦੇ ਹੁੰਦੇ ਉਹ ਗੱਲ ਕਰਨ ਲੱਗੇ ਅੱਗਾ ਪਿੱਛਾ ਜ਼ਰੂਰ ਵੇਖਦੇ। ਲੱਗਦਾ ਸੀ ਗੱਲਾਂ ਕਰਨ ਦੀ ਉਨ੍ਹਾਂ ਨੂੰ ਸਖ਼ਤ ਮਨਾਹੀ ਸੀ। ਫਿਰ ਉਹ ਆਪਣੀ ਤਨਖ਼ਾਹ ਦੱਸਦੇ। ਉਨ੍ਹਾਂ ਦੀ ਪੜ੍ਹਾਈ ਬਾਰੇ ਪੁੱਛਣਾ। ਹੇਠਲੇ ਵਰਗ 'ਚੋਂ ਬਹੁਤਿਆਂ ਨੇ ਸਕੂਲ ਦੇ ਕੋਲੋਂ ਵੀ ਨਹੀਂ ਸਨ ਲੰਘੇ ਹੋਏ। ਬੀਚ ਕੰਢੇ ਦੇ ਸਫਾਈ ਕਰਦੇ ਇੱਕ ਜਮੇਕਨ ਨੂੰ ਪੁੱਛਿਆ, "ਪ੍ਰਤੀ ਹਫਤਾ ਕਿੰਨੇ ਪੈਸੇ ਮਿਲਦੇ ਨੀ?" ਉਸ ਦੇ ਜਵਾਬ ਵਿੱਚ ਬੇਵਸੀ ਭਰੀ ਚੁੱਪ ਸੀ। ਹੋਰ ਹਮਦਰਦੀ ਨਾਲ ਪੁੱਛਿਆ, ਤਾਂ ਕਹਿੰਦਾ 10 ਕੁ ਡਾਲਰ ਪ੍ਰਤੀ ਹਫਤਾ। ਜਿਹੜਾ ਜਮੇਕਨ ਕਰੰਸੀ 'ਚ 1100 ਡਾਲਰ ਬਣਦੇ ਸਨ। ਬਹਿਰੇ/ਬਹਿਰੀਆਂ ਨੂੰ ਦਿੱਤੀ ਇੱਕ ਡਾਲਰ ਦੀ ਟਿੱਪ ਉਨ੍ਹਾਂ ਦੇ ਚਿਹਰਿਆਂ 'ਤੇ ਖੇੜੇ ਲਿਆ ਦਿੰਦੀ।

ਸਮੁੱਚੇ ਰਿਜ਼ੋਰਟ ਦੇ ਚਾਰ ਉੱਚ ਕੋਟੀ ਦੇ ਰੈਸਟੋਰੈਂਟ ਸਨ। ਡਾਨ ਪਾਬਲੋ ਕੇਵਲ ਲਗਜ਼ਰੀ (ਐਕਸਕਲੂਸਿਵ) ਵਿੰਗ ਲਈ ਸੀ। ਇੱਕ ਅਡਲਟ ਨਾਮਕ ਜਿੱਥੇ ਸਭ ਵਰਗਾਂ ਦੇ ਸੈਲਾਨੀ ਜਾ ਸਕਦੇ ਸਨ। ਇਹ ਬਫੇ ਕਿਸਮ ਦਾ ਸੀ। ਅਲਟੋ ਕੋਰਟ ਵਿੱਚ ਸਨੈਕਸ ਬਫੇ ਵਾਂਗ ਸਨ। ਬਾਕੀ ਭਾਂਤ ਭਾਂਤ ਦਾ ਖਾਣਾ ਮੀਨੂੰ 'ਚੋਂ ਆਰਡਰ ਕਰਨਾ ਪੈਂਦਾ। ਇੱਕ ਜਿਹੜਾ ਬਾਹਲਾ ਹੀ ਵਿਸ਼ੇਸ਼ ਸੀ ਉਸ ਲਈ ਪਹਿਲਾਂ ਬੁਕਿੰਗ ਕਰਾਉਣੀ ਪੈਂਦੀ। ਵੈਜੀ ਤੇ ਨਾਨ-ਵੈਜੀ ਭੋਜਨਾਂ ਦੀ ਇੱਕ ਲੰਬੀ ਲਾਈਨ 'ਚੋਂ ਚੋਣ ਕਰਨੀ ਪੈਂਦੀ। ਵੈਸੇ ਤਾਂ ਖਾਣੇ ਪਰੋਸਣ ਦੇ ਨਿਸ਼ਚਿਤ ਸਮੇਂ ਹੁੰਦੇ ਸਨ। ਏਨੇ ਸੁਆਦਲੇ ਖਾਣੇ ਦੇ ਵਿਚਕਾਰ ਜੇ ਇੱਕ ਮਿਸ ਹੋ ਜਾਂਦਾ ਤਾਂ ਚੰਗਾ ਲੱਗਦਾ। ਫਰੂਟ, ਆਈਸ ਕਰੀਮਾਂ ਤੇ ਅਨੇਕ ਪਰਕਾਰ ਦੇ ਪਕਵਾਨ ਲਪਟਾਂ ਮਾਰਦੇ ਹੁੰਦੇ। ਏਨੀ ਭਿੰਨਤਾ 'ਚੋਂ ਚੋਣ ਕਰਦਾ ਹੀ ਬੰਦਾ ਰੱਜ ਜਾਂਦਾ। ਏਥੇ ਕੰਮ ਕਰਦੇ ਕਰਮਚਾਰੀਆਂ ਨੂੰ ਰੈਸਟੋਰੈਂਟ 'ਚ ਖਾਣਾ ਨਹੀਂ ਸੀ ਮਿਲਦਾ। ਉਹ ਆਪਣੇ ਪ੍ਰਬੰਧ ਆਪ ਕਰਦੇ ਜਾਂ ਘਰੀਂ ਜਾ ਖਾਂਦੇ। ਡਿਊਟੀਆਂ ਦਾ ਚੱਕਰ ਬੱਧਾ ਹੋਇਆ ਸੀ। ਡਿਊਟੀ ਕਰਕੇ ਘਰਾਂ ਨੂੰ ਜਾਂਦੇ ਕ੍ਰਮਚਾਰੀ ਆਪਣੀਆਂ ਵਰਦੀ ਬਦਲਕੇ ਬਾਹਰ ਜਾਂਦੇ। ਸ਼ਾਇਦ ਸਕਿਉਰਿਟੀ 'ਚੋਂ ਵੀ ਲੰਘਣਾ ਪੈਂਦਾ ਹੋਵੇ। ਸਥਾਨਕ ਬੱਸ ਟਰਾਂਸਪੋਰਟ 'ਚ ਉਹ ਘਰੀਂ ਪਹੁੰਚਦੇ। ਉੱਚੇ ਆਹੁਦਿਆਂ ਵਾਲਿਆਂ ਦੀਆਂ ਰਿਹਾਇਸ਼ਾਂ ਰਿਜ਼ੋਰਟ ਦੇ ਕੈਂਪਸ ਵਿੱਚ ਹੀ ਸਨ।

ਲਗਜ਼ਰੀ ਪੂਲ ਦੇ ਕਿਨਾਰੇ 'ਤੇ ਇੱਕ ਬਹੁਤ ਹੀ ਸਜਿਆ ਹੋਇਆ ਚਿੱਟੀ ਛੱਤਰੀ ਤੇ ਚਿੱਟੇ ਵਸਤਰਾਂ ਵਾਲਾ ਫਰਨਿਸ਼ਡ ਸਥਾਨ ਹਰ ਸ਼ਾਮ ਨੂੰ ਤਿਆਰ ਹੁੰਦਾ। ਕੋਈ ਪੰਜਾਹ ਕੁ ਮਹਿਮਾਨਾਂ ਬੈਠ ਸਕਦੇ ਸਨ। ਇਸ ਵਿੱਚ ਅਰੇਂਜਡ ਸ਼ਾਦੀ ਸਾਲਗ੍ਰਹਿ ਜਾਂ ਜਨਮ ਦਿਨ ਪਾਰਟੀ ਜਾਂ ਸ਼ਾਦੀ ਦੇ ਪ੍ਰੋਗਰਾਮ ਚੱਲਦੇ ਰਹਿੰਦੇ। ਇਸ ਵਾਸਤੇ ਪਹਿਲਾਂ ਪ੍ਰਬੰਧਕਾਂ ਨੂੰ ਇੰਤਜ਼ਾਮ ਕਰਨ ਲਈ ਕਹਿਣਾ ਪੈਂਦਾ। ਇਹੋ ਜਿਹੀਆਂ ਕੁਝ ਥਾਵਾਂ ਬੀਚ ਦੇ ਕੰਢੇ 'ਤੇ ਵੀ ਸਨ। ਸਮੁੰਦਰ 'ਚ ਬੋਟਿੰਗ, ਰੋਇੰਗ, ਅਤੇ ਹੋਰ ਖੇਡਾਂ ਦੇ ਵਿਸ਼ੇਸ਼ ਸਥਾਨ ਵੀ ਸਨ। ਦਿਨ ਵੇਲੇ ਤਾਂ ਧੁੱਪ ਬੜੀ ਚਮਕਦੀ ਹੁੰਦੀ। ਬੱਦਲ ਵਾਲੇ ਦਿਨ ਵਾਹਵਾ ਘੁੰਮ ਫਿਰ ਲਈ ਦਾ



ਸੀ। ਨਹੀਂ ਤਾਂ ਸਵੇਰੇ ਸ਼ਾਮ ਨੂੰ ਹੀ ਨਿਕਲੀ ਦਾ ਸੀ। ਪੂਲ 'ਚ ਆਨੰਦ ਮਾਣਨ ਵਾਲੇ ਪਾਣੀ 'ਚ ਆਪੋ ਆਪਣੇ ਚੋਹਲ ਮੋਹਲਾਂ 'ਚ ਮਸਤ ਹੁੰਦੇ। ਖੂਬ ਤਾਰੀਆਂ, ਚੁੱਭੀਆਂ ਲਾਉਂਦੇ। ਪ੍ਰੇਮੀ ਜੋੜੇ ਇੱਕ ਦੂਜੇ ਦੇ ਮੋਢਿਆਂ ਜਾਂ ਗੋਦੀ ਚੜ੍ਹੇ, ਮੂੰਹ 'ਚ ਮੂੰਹ ਪਾਈ ਪਾਣੀ 'ਚ ਕਲੋਲਾਂ ਕਰ ਰਹੇ ਹੁੰਦੇ। ਉਹ ਬਾਹਰਲੀ ਦੁਨੀਆਂ ਨੂੰ ਭੁੱਲੀ ਬੈਠੇ ਹੁੰਦੇ। ਪੂਲ ਦੇ ਕੰਢੇ 'ਤੇ ਹੀ ਉਨ੍ਹਾਂ ਦੇ ਦਾਰੂ ਸਿੱਕੇ ਵਾਲੀਆਂ ਗਲਾਸੀਆਂ ਪਈਆਂ ਹੁੰਦੀਆਂ। ਕਈ ਸਕਿਨ ਟੈਨਿੰਗ ਵਾਸਤੇ ਲਾਇਨਜ਼ ਕਲੋਦਿੰਗ ਵਿੱਚ ਧੁੱਪੇ ਲੇਟੇ ਪੜ੍ਹ ਰਹੇ ਹੁੰਦੇ। ਬੀਬੀਆਂ ਨੇ ਆਪਣੇ ਨੰਗੇਜ਼ਾਂ ਦੁਆਲੇ ਮਸੀਂ ਸਾਧਾਂ ਵਰਗੀ ਇੱਕ ਪੱਟੀ ਜਿਹੀ ਹੀ ਵਲ੍ਹੀ ਹੁੰਦੀ। ਧੁੱਪ ਦੀ ਚਮਕ ਤੋਂ ਬਚਾ ਲਈ ਗਾਗਲਜ਼ ਲਾਏ ਹੁੰਦੇ। ਪੂਰੇ ਸ਼ਾਂਤ ਮਾਹੌਲ 'ਚ ਹਰ ਉਮਰ ਦੇ ਜੋੜੇ, ਆਲੇ ਦੁਆਲੇ ਤੋਂ ਬੇਖ਼ਬਰ, ਆਪੋ ਆਪਣੇ ਆਨੰਦਾਂ 'ਚ ਗੜੂੰਦ ਕਿਸੇ ਹੋਰ ਹੀ ਦੁਨੀਆਂ 'ਚ ਪਹੁੰਚੇ ਹੁੰਦੇ।

ਅਸੀਂ ਦੋਵੇਂ ਇੱਕ ਸ਼ਾਮ ਬਾਹਰ ਪੂਲ ਤੋਂ ਕੁਝ ਹਟਵੇਂ ਬੈਠੇ ਹੋਏ ਸੀ। ਇੱਕ ਮਧਰੀ, ਛਮਕ ਛੱਲੋ ਜਮੇਕਨ ਬਹਿਰੀ ਨੂੰ ਪੁੱਛਿਆ, "ਕੀ ਤੂੰ ਵਿਆਹੀ ਹੋਈ ਏਂ? ਕੀ ਤੇਰਾ ਬੁਆਏ ਫਰੈਂਡ ਹੈ?" ਬੜੇ ਠਰੰਮੇ ਨਾਲ ਬੋਲੀ, "ਹੈ ਵੇ...ਪਰ ਅਸੀਂ ਕਦੀ ਕਦੀ ਹੀ ਮਿਲਦੇ ਹਾਂ...ਉਹ ਕਿਸੇ ਦੂਸਰੇ ਰਿਜ਼ੋਰਟ 'ਚ ਕੰਮ ਕਰਦੈ...ਤੇਰੀ ਤਨਖ਼ਾਹ ਕਿੰਨੀ ਹੈ ... ਕਹਿੰਦੀ 2500 ਡਾਲਰ ਪ੍ਰਤੀ ਹਫਤਾ...!" ਹੋਰ ਗੱਲ ਬਾਤ ਤੋਂ ਪਤਾ ਲੱਗਾ ਕਿ ਇਹ ਤਾਂ ਮਸੀਂ/ 20 ਪ੍ਰਤੀ ਹਫਤਾ ਹੀ ਬਣਦੀ ਹੈ। ਹਾਜ਼ਰ ਜਵਾਬ ਸੀ। ਮੇਰੇ ਵੱਲ ਆਉਂਦੀ ਆਪਣੀ ਬੀਵੀ ਵੱਲ ਵੇਖ ਕਿਹਾ ਔਹ ਈ ਮੇਰੀ ਗਰਲ ਫਰੈਂਡ। ਕਹਿੰਦੀ ਨਹੀਂ ਇਹ ਤਾਂ ਤੁਹਾਡੀ ਬੀਵੀ ਐ।

ਇਸ ਸਮੁੱਚੇ ਅਨੁਭਵ ਤੋਂ ਸਿੱਧ ਹੋ ਜਾਂਦੈ ਕਿਉਂ ਤੀਜੀ ਦੁਨੀਆਂ ਦੇ ਦੇਸ਼ਾਂ ਵਿੱਚ ਕਾਰਪੋਰੇਟ ਸਰਮਾਏਦਾਰ ਕਾਰੋਬਾਰ ਕਰਨ ਨੂੰ ਲੋਚਦੈ। ਲੇਬਰ ਬਹੁਤ ਸਸਤੀ ਹੁੰਦੀ ਹੈ। ਲੇਬਰ ਹੀ ਸੇਵਾਵਾਂ ਤੇ ਵਸਤੂਆਂ ਦੇ ਉਤਪਾਦਨ ਵਿੱਚ ਇੱਕ ਅਹਿਮ ਭਾਗ ਹੁੰਦੈ। ਇਸ ਨਾਲ ਉਨ੍ਹਾਂ ਦੇ ਮੁਨਾਫੇ ਮੋਟੇ ਬਣਦੇ ਹਨ। ਜਿਹੜੇ ਉਹ ਆਪਣੇ ਯੋਰਪੀ ਦੇਸ਼ਾਂ ਵਿੱਚ ਜੋਕਾਂ ਵਾਂਗ ਖਿੱਚ ਲਿਜਾਂਦੇ ਹਨ। ਗਰੀਬ ਦੇਸ਼ ਗਰੀਬੀ ਦੇ ਸੰਕਟਾਂ ਵਿੱਚ ਦਿਨ ਕੱਟੀ ਕਰਨ 'ਤੇ ਮਜਬੂਰ ਹੁੰਦੇ ਹਨ। ਇਹ ਚਾਲ ਮੁੱਢ ਕਦੀਮ ਤੋਂ ਯੋਰਪੀ ਤੇ ਪੱਛਮੀ ਸਰਮਾਏਦਾਰੀ ਦੀ ਰਹੀ ਹੈ।

ਸਪੇਨੀਆਂ ਪਿੱਛੋਂ ਇੰਗਲੈਂਡ ਦੇ ਕਬਜ਼ੇ ਵਿੱਚ ਆਇਆ ਜਮੇਕਾ ਤੀਸਰਾ ਵੱਡਾ ਟਾਪੂ ਹੈ। ਅਬਾਦੀ 27 ਕੁ ਕਰੋੜ ਹੈ। ਯੂ ਕੇ ਤੋਂ ਅਗਸਤ 1962 ਵਿੱਚ ਪੂਰਨ ਆਜ਼ਾਦ ਹੋਣ ਪਿੱਛੋਂ ਹਾਲੀ ਵੀ ਆਪਣੇ ਕੌਮੀ ਤਰਾਨੇ ਵਿੱਚ 'ਲੈਂਡ ਵੁਈ ਲਵ, ਗਾਡ ਸੇਵ ਦੀ ਕੁਵੀਨ' ਗਾਉਂਦੈ। ਗਰੀਬ ਦੇਸ਼ ਦੇ ਨੇਤਾਵਾਂ ਦੀ ਗਰੀਬ ਜ਼ਹਿਨੀਅਤ। ਇਸ ਦੇਸ਼ ਨੂੰ ਕਦੀ ਲੈਂਡ ਆਫ ਵੁੱਡ ਐਂਡ ਵਾਟਰ ਕਿਹਾ ਜਾਂਦਾ ਸੀ। ਕੁਝ ਇਹਨੂੰ ਲੈਂਡ ਆਫ਼ ਸਪਰਿੰਗਜ਼ ਵੀ ਕਹਿੰਦੇ। ਇਸ ਨੂੰ ਸ਼ੁਰੂ ਵਿੱਚ ਸ਼ੂਗਰ ਤੇ ਸਲੇਵ ਐਕਸਪੋਰਟਰ ਵੀ ਕਿਹਾ ਜਾਂਦਾ ਸੀ। ਪਛੜੇ ਗਰੀਬ ਦੇਸ਼ਾਂ ਵਿੱਚ ਹੁਣ ਹੋਟਲ ਇੰਡਸਟਰੀ ਕਾਫੀ ਫੈਲ ਚੁੱਕੀ ਹੈ। ਇਸ ਸਪੈਨਿਸ਼ ਹੋਟਲ ਕਾਰਪੋਰੇਟਸ ਦਾ ਹੈੱਡ ਕੁਆਟਰ ਤਾਂ ਪਾਮਾ, ਸਪੇਨ ਵਿਖੇ ਹੈ। ਇਸ ਦੇ ਸਪੇਨ, ਮੈਕਸੀਕੋ, ਡਮੀਨੀਕਨ ਰਿਪਬਲਿਕ ਅਤੇ ਜੇਮੀਕਾ ਦੇ ਰਨਵੇਅ ਬੇਅ ਸਮੇਤ 24 ਪੰਜ ਤਾਰਾ ਬੀਚ ਰਿਜ਼ੋਰਟਸ ਹਨ। ਇਹ ਸਾਰੇ ਬਾਹੀਆ ਪ੍ਰਿੰਸੀਪੀ ਨਾਮ ਹੇਠ ਹਨ। ਇਹ ਰਿਜ਼ੋਰਟ ਮੌਜ ਮਸਤੀ ਕਰਨ ਦੇ ਅਧਭੁੱਤ ਕਲਪਨਾਸ਼ੀਲ ਥਾਵਾਂ ਹਨ। ਇਹ ਨਖ਼ਲਿਸਤਾਨੀ ਡੇਟ ਪਾਲਮ ਦੇ ਗਰੁਵ ਹੀ ਜਾਪਦੇ ਹਨ। ਚਾਰ ਚੁਫੇਰੇ ਗਰੀਬੀ ਤੇ ਵਿਚਾਲੇ ਐਸ਼ੋ-ਇਸ਼ਰਤ ਦੇ ਮਨਜ਼ਰ। ਇਸ ਕਾਰਪੋਰੇਟ ਨੇ ਇਹਨਾਂ ਹੋਟਲਾਂ ਵਿੱਚ 7000 ਹਜ਼ਾਰ ਸਥਾਨਕ ਕਾਮਿਆਂ ਨੂੰ ਕੰਮ ਦਿੱਤਾ ਹੋਇਐ।

ਗਰੀਬ ਪਛੜੇ ਦੇਸ਼ਾਂ ਨੂੰ ਹਰ ਖੇਤਰ ਵਿੱਚ ਅੱਗੇ ਵਧਣ ਦੀ ਬੜੀ ਲੋੜ ਹੈ। ਗੱਲ ਇੱਥੇ ਮੁਕਦੀ ਹੈ ਕਿ ਦੁਨੀਆਂ ਭਰ ਦੇ ਸੈਲਾਨੀਆਂ ਨੂੰ ਖਿੱਚਣ ਲਈ ਇਨ੍ਹਾਂ ਰਿਜ਼ੋਰਟਾਂ ਵਿੱਚ ਹਰ ਕਿਸਮ ਦੀਆਂ ਮੌਜਾਂ ਮਾਨਣ ਤੋਂ ਲੈਕੇ ਦੁਨੀਆਂ ਭਰ ਦੀਆਂ ਭਾਸ਼ਾਵਾਂ, ਖਾਧ ਖੁਰਾਕ ਤੇ ਡਰਿੰਕਸ ਦੇ ਬੰਦੋਬਸਤ ਹਨ। ਨਿਪੁੰਨ ਸਾਫ ਸੁਥਰੀ ਸੇਵਾ ਉੱਚ ਕੋਟੀ ਦੀ ਮਿਲਦੀ ਹੈ। ਸੈਲਾਨੀ ਖ਼ੁਸ਼ ਹੋਕੇ ਜਾਂਦੇ ਹਨ। ਕਿਸੇ ਗੱਲ ਦੀ ਤੋਟ ਨਹੀਂ ਆਉਣ ਦਿੱਤੀ ਜਾਂਦੀ। ਕਾਰਪੋਰੇਟਸ ਦੀ ਕਾਰੋਬਾਰੀ ਸੂਝ ਸਿਆਣਪ ਤੇ ਕੰਟਰੋਲ ਕਿਸੇ ਕਿਸਮ ਦੀ ਢਿਲ ਨਹੀਂ ਆਉਣ ਦਿੰਦਾ। ਤਾਂ ਹੀ ਆਏ ਸੈਲਾਨੀ ਅੱਗੇ ਦੂਜਿਆਂ ਨੂੰ ਇੱਥੇ ਜਾਣ ਦੀ ਸਲਾਹ ਦਿੰਦੇ।

ਦੁੱਖ ਤੇ ਅਫਸੋਸ ਇਹ ਹੀ ਹੁੰਦੈ ਕਿ ਇਸ ਹੋਟਲ ਉਦਯੋਗ ਦਾ ਧੰਦਾ ਦੇਸ਼ ਦੇ ਪ੍ਰਸ਼ਾਸਨ ਦੇ ਹੱਥ ਵਿੱਚ ਕਿਉਂ ਨਹੀਂ। ਤਾਂ ਹੀ ਲੋਕਾਂ ਦੀ ਆਮਦਨ ਤੇ ਦੇਸ਼ ਦੀ ਅਰਥ ਵਿਵਸਥਾ ਪ੍ਰਫੁਲਤ ਨਹੀਂ ਹੁੰਦੀ। ਸਿੱਖਿਆ, ਰੋਜ਼ਗਾਰ, ਸਿਹਤ ਸਹੂਲਤਾਂ ਤੇ ਆਵਾਜਾਈ ਆਦਿ ਦੇ ਸਾਧਨ ਓਦੋਂ ਹੀ ਵਧਣ ਫੁੱਲਣਗੇ ਜਦੋਂ ਲੋਕ ਹਿਤੂ ਕੌਮੀ ਸਰਕਾਰਾਂ ਹੋਂਦ ਵਿੱਚ ਆ ਗਈਆਂ। ਪਛੜੇ ਦੇਸ਼ਾਂ ਦਾ ਵਿਕਾਸ ਓਦੋਂ ਹੀ ਹੋਣੈ। ਨਹੀਂ ਤਾਂ ਲੁੱਟ ਜਾਰੀ ਰਹੇਗੀ। ਕੌਮੀ ਲਹਿਰਾਂ ਤੇ ਲੀਡਰਾਂ ਨੂੰ ਇਸ ਗੱਲ ਦੀ ਪਹਿਚਾਣ ਜਿੰਨੀ ਛੇਤੀ ਹੋ ਜਾਵੇ ਓਨਾ ਹੀ ਚੰਗਾ ਹੋਵੇਗਾ। ਕੌਮੀ ਜਾਗ੍ਰਤੀ ਸਿੱਖਿਆ ਨਾਲ ਆਉਣੀ ਹੈ। ਪਰ ਸ਼ਾਤਰ ਸਰਮਾਏਦਾਰੀ ਨਿਜ਼ਾਮ ਆਮ ਜੰਤਾ ਨੂੰ ਜਾਣਬੁੱਝਕੇ ਸਿੱਖਿਆ ਤੋਂ ਵਿਰਵਾ ਰੱਖਦੈ। ਇਹ ਹੀ ਮਾਣਵਤਾ ਦੀ ਵੱਡੀ ਤਰਾਸਦੀ ਹੈ। ਪਤਾ ਨਹੀਂ ਦੇਸ਼ ਦੇ ਕੌਮੀ ਰਹਿਬਰਾਂ ਨੂੰ ਕਦੋਂ ਇਹਦਾ ਅਹਿਸਾਸ ਹੋਵੇਗਾ!

ਫੋਨ: 647-402-2170

# ਭਾਰਤ-ਜਪਾਨ ਪ੍ਰਮਾਣੂ ਸਮਝੌਤੇ ਦੇ ਖਤਰਿਆਂ ਤੋਂ ਜਾਣੂ ਕਰਵਾਉਂਦਾ

## ਨਰੇਂਦਰ ਮੋਦੀ ਦੇ ਨਾਮ ਫੂਕੂਸ਼ਿਮਾ ਤੋਂ ਇੱਕ ਖਤ

(ਪ੍ਰਧਾਨ ਮੰਤਰੀ ਨਰੇਂਦਰ ਮੋਦੀ ਇਕ ਪ੍ਰਮਾਣੂ ਸਮਝੌਤੇ ਨੂੰ ਅੰਤਿਮ ਰੂਪ ਦੇਣ ਜਪਾਨ ਗਏ। ਜਪਾਨ ਲਈ ਰਵਾਨਾ ਹੋਣ ਤੋਂ ਪਹਿਲਾਂ ਉਨ੍ਹਾਂ ਨੇ ਜਪਾਨੀ 'ਚ ਟਵੀਟ ਕੀਤਾ ਸੀ ਜਿਸਦੀ ਮੀਡੀਆ 'ਚ ਖੂਬ ਚਰਚਾ ਰਹੀ। ਪ੍ਰਮਾਣੂ ਊਰਜਾ ਵਿਰੋਧੀ ਸਰਗਰਮ ਕੁਮਾਰ ਸੁੰਦਰਮ ਅਨੁਸਾਰ ਭਾਰਤ-ਜਪਾਨ ਦੀ ਇਸ ਪ੍ਰਸਤਾਵਿਤ ਸੰਧੀ ਦਾ ਜਪਾਨ ਦੇ ਲੋਕਾਂ 'ਚ ਡੂੰਘਾ ਵਿਰੋਧ ਹੈ। ਇਸਤੋਂ ਪਹਿਲਾਂ 28 ਅਗਸਤ ਨੂੰ ਜਪਾਨ ਦੇ ਫੂਕੂਸ਼ਿਮਾ ਤੋਂ ਇਕ ਔਰਤਯੂਕਿਕੋ ਤਾਕਾਹਾਸ਼ੀਨੇ ਨਰੇਂਦਰ ਮੋਦੀ ਦੇ ਨਾਮ ਇਕ ਖਤ ਭੇਜਿਆ ਸੀ। ਜਿਸ ਵਿਚ ਉਨ੍ਹਾਂ ਨੇ ਆਪਣੇ ਦੇਸ਼ ਦਾ ਹਾਲ ਦੱਸਦੇ ਹੋਏ ਮੋਦੀ ਨੂੰ ਕਿਹਾ ਸੀ ਕਿ ਉਹ ਭਾਰਤ ਦੇ ਸੱਭਿਆਚਾਰ ਨੂੰ ਪ੍ਰਮਾਣੂ ਊਰਜਾ ਨਾਲ ਤਬਾਹ ਨਾ ਕਰੇ। ਖਤ ਜਪਾਨੀ ਵਿਚ ਸੀ ਜਿਸਦੀ ਮੂਲ ਲਿਖਤ ਅਤੇ ਅੰਗਰੇਜ਼ੀ ਅਨੁਵਾਦ DiaNuke.orgਤੇ ਪ੍ਰਕਾਸ਼ਿਤ ਹੈ। ਇਸਦਾ ਹਿੰਦੀ ਅਨੁਵਾਦ ਮਾਸਿਕ 'ਸਮਾਕਾਲੀ ਤੀਸਰੀ ਦੁਨੀਆ' 'ਚ ਪ੍ਰਕਾਸ਼ਿਤ ਹੋਇਆ ਜਿਸਦਾ ਪੰਜਾਬੀ ਅਨੁਵਾਦ ਇੱਥੇ ਦਿੱਤਾ ਜਾ ਰਿਹਾ ਹੈ - ਅਨੁਵਾਦਕ)

ਸੇਵਾ ਵਿਖੇ,
ਸ਼੍ਰੀ ਨਰੇਂਦਰ ਮੋਦੀ
ਪ੍ਰਧਾਨ ਮੰਤਰੀ, ਭਾਰਤ
ਪਿਆਰੇ ਪ੍ਰਧਾਨ ਮੰਤਰੀ ਜੀ,

ਮੇਰਾ ਘਰ ਫੂਕੂਸ਼ਿਮਾ 'ਚ ਹੈ। ਮੈਂ ਭਾਰਤ-ਜਪਾਨ ਪ੍ਰਮਾਣੂ ਸੰਧੀ ਉੱਤੇ ਦਸਤਖਤ ਕਰਨ ਅਤੇ ਤੁਹਾਡੇ ਦੇਸ਼ ਵਿਚ ਪ੍ਰਮਾਣੂ ਊਰਜਾ ਦੀ ਸੰਖਿਆ ਵਧਾਉਣ ਦੀ ਤੁਹਾਡੀ ਯੋਜਨਾ ਨੂੰ ਲੈ ਕੇ ਆਪਣੀ ਗੰਭੀਰ ਚਿੰਤਾ ਜਾਹਰ ਕਰਨਾ ਚਾਹਾਂਗੀ।

ਕੀ ਤੁਹਾਨੂੰ ਪਤਾ ਹੈ ਕਿ ਫੂਕੂਸ਼ਿਮਾ ਦਾਈ-ਚੀ ਦੀ ਮੌਜੂਦਾ ਸਥਿਤੀ ਕੀ ਹੈ? ਕ੍ਰਿਪਾ ਫੂਕੂਸ਼ਿਮਾ ਆ ਕੇ ਖੁਦ ਵੇਖ ਲਵੋ ਕਿ ਉੱਥੇ ਕੀ ਹੋ ਰਿਹਾ ਹੈ। ਤਿੰਨ ਸਾਲ ਤੋਂ ਜਿਆਦਾ ਹੋ ਗਏ ਇੱਥੇ ਪ੍ਰਮਾਣੂ ਹਾਦਸਾ ਹੋਇਆ, ਪਰ ਇਹ ਹੁਣ ਤੱਕ ਜਾਰੀ ਹੈ। ਮੌਜੂਦਾ ਸਮੇਂ 'ਚ, ਇਹ ਤਾਂ ਬਸ ਸਮੱਸਿਆਵਾਂ ਦੀ ਸ਼ੁਰੂਆਤ ਭਰ ਹੀ ਹੈ।

ਰੇਡੀਓ ਕਿਰਨਾਂ ਨਾਲ ਦੂਸ਼ਿਤ ਪਾਣੀ ਹੁਣ ਵੀ ਸਮੁੰਦਰ 'ਚ ਵਹਿ ਰਿਹਾ ਹੈ ਅਤੇ ਇਸਨੂੰ ਰੋਕਣ ਦੇ ਤਰੀਕਿਆਂ ਤੇ ਖੋਜ ਹਾਲ ਹੀ ਵਿਚ ਸ਼ੁਰੂ ਹੋਈ ਹੈ।

ਰੇਡੀਏਸ਼ਨ ਦਾ ਅਸਰ ਐਨਾ ਜ਼ਿਆਦਾ ਹੈ ਕਿ ਪਲਾਂਟ ਦੇ ਮਾਹਿਰ ਪ੍ਰਭਾਵ ਦੇ ਤੈਅ ਪੱਧਰ ਤੋਂ ਪਾਰ ਜਾ ਚੁੱਕੇ ਹਨ। ਲਿਹਾਜਾ ਇਸ ਤਬਾਹੀ ਨੂੰ ਕੰਟਰੋਲ ਕਰਨ ਲਈ ਇੱਥੇ ਲੋੜੀਂਦੇ ਕਰਮਚਾਰੀ ਵੀ ਨਹੀਂ ਹਨ।

ਸਾਨੂੰ ਦੱਸਿਆ ਗਿਆ ਹੈ ਕਿ ਫੂਕੂਸ਼ਿਮਾ ਦਾਈ-ਚੀ ਨੂੰ ਬੰਦ ਕਰਨ 'ਚ 30 ਸਾਲ ਲੱਗ ਜਾਣਗੇ, ਪਰ ਮੌਜੂਦਾ ਹਾਲਤ ਵਿਚ ਦੱਸਣਾ ਅਸੰਭਵ ਹੈ ਕਿ ਇਸ ਹਾਦਸੇ ਨੂੰ ਕਦੋਂ ਤੱਕ ਕੰਟਰੋਲ ਕੀਤਾ ਜਾ ਸਕੇਗਾ।

ਫੂਕੂਸ਼ਿਮਾ ਦੇ ਮਛੇਰਿਆਂ ਦੀ ਰੋਜੀ-ਰੋਟੀ ਖੁਸ ਗਈ ਹੈ। ਸੁਨਾਮੀ ਤੋਂ ਕਿਸ਼ਤੀਆਂ ਨੂੰ ਬਚਾਉਣ ਲਈ ਜਿਨ੍ਹਾਂ ਲੋਕਾਂ ਨੇ ਆਪਣੀ ਜਾਨ ਜੋਖਿਮ 'ਚ ਪਾਈ ਸੀ ਉਹ ਹੁਣ ਮੱਛੀ ਨਹੀਂ ਫੜ੍ਹ ਸਕਦੇ ਕਿਉਂਕਿ ਸਮੁੰਦਰ ਦੇ ਪਾਣੀ 'ਚ ਰੇਡੀਓ ਐਕਟਿਵ ਕਿਰਨਾਂ ਦੇ ਤੱਤ ਮੌਜੂਦ ਹਨ। ਕੋਈ ਨਹੀਂ ਜਾਣਦਾ ਕਿ ਸਮੁੰਦਰ ਕਦੋਂ ਸਾਫ ਹੋਵੇਗਾ, ਦੁਬਾਰਾ ਇਹ ਜੀਵਨਦਾਤਾ ਕਦ ਬਣੇਗਾ।

ਫੂਕੂਸ਼ਿਮਾ ਦੇ ਕਿਸਾਨ ਵੀ ਕਿਰਨਾਂ ਤੋਂ ਪੀੜ੍ਹਤ ਹਨ ਜਿਸਦਾ ਅਸਰ ਘਟ ਨਹੀਂ ਰਿਹਾ। ਕਿਸੇ ਇਲਾਕੇ ਨੂੰ ਜੇਕਰ ਇਕ ਵਾਰ ਸਾਫ ਕਰ ਵੀ ਦਿੱਤਾ ਜਾਂਦਾ ਹੈ, ਅਸਥਾਈ ਤੌਰ ਤੇ ਵੀ ਕਿਰਨਾਂ ਦਾ ਅਸਰ ਘੱਟ ਜਾਂਦਾ ਹੈ, ਤਾਂ ਇਹ ਦੁਬਾਰਾ ਫਿਰ ਵਧਣ ਲੱਗ ਜਾਂਦਾ ਹੈ। ਕੀ ਉਹ ਦਿਨ ਕਦੇ ਆ ਸਕੇਗਾ, ਜਦੋਂ ਸਾਡੀ ਐਨੀ ਜਿਆਦਾ ਪ੍ਰਦੂਸ਼ਿਤ ਹੋ ਚੁੱਕੀ ਧਰਤੀ ਇਕ ਵਾਰ ਫਿਰ ਜਰਖੇਜ਼ ਬਣ ਸਕੇ ?

ਇਕ ਵਾਰ ਸੋਚ ਕੇ ਵੇਖੋ, ਕਿ ਜੋ ਕੰਮ ਤੁਹਾਡੇ ਲਈ ਐਨਾ ਮਾਇਨੇ ਰੱਖਦਾ ਹੈ ਉਸਨੂੰ ਗਵਾ ਦੇਣ ਤੇ ਤੁਹਾਨੂੰ ਕਿਵੇਂ ਮਹਿਸੂਸ ਹੋਵੇਗਾ। ਐਨੇ ਅਸਪੱਸ਼ਟ ਭਵਿੱਖ ਨਾਲ ਜਿਊਣਾ ਕਿੰਨਾ ਮੁਸ਼ਕਲ ਹੋਵੇਗਾ।

ਅਜਿਹੇ ਲੱਗਭਗ ਇਕ ਲੱਖ ਤੋਂ ਜਿਆਦਾ ਲੋਕ ਸਨ ਜਿੰਨ੍ਹਾਂ ਨੂੰ ਆਪਣੇ ਘਰ ਖਾਲੀ ਕਰਨੇ ਪਏ ਜਿੱਥੇ ਉਹ ਪੀੜ੍ਹੀਆਂ ਤੋਂ ਰਹਿ ਰਹੇ ਸਨ, ਕਿਉਂਕਿ ਹੁਣ ਉਨ੍ਹਾਂ ਦਾ ਘਰ "ਦੂਸ਼ਿਤ ਖੇਤਰ" 'ਚ ਆ ਚੁੱਕਾ ਹੈ। ਇਨ੍ਹਾਂ 'ਚ ਅਜਿਹੇ ਲੋਕ ਵੀ ਸਨ ਜਿਨ੍ਹਾਂ ਨੇ ਸਿਹਤ ਸਮੱਸਿਆਵਾਂ ਤੋਂ ਬਚਣ ਲਈ ਸਵੈ-ਇੱਛਾ ਨਾਲ ਆਪਣੇ ਘਰ ਛੱਡ ਦਿੱਤੇ।

ਪਰਿਵਾਰਾਂ ਦੇ ਪਰਿਵਾਰ ਵਿੱਛੜ ਗਏ ਅਤੇ ਇਹ ਸਾਰੇ ਲੋਕ ਅੱਜ ਛੋਟੇ-ਛੋਟੇ ਅਵਾਸ ਇਲਾਕਿਆਂ ਤੱਕ ਸਿਮਟ ਗਏ ਹਨ।

ਇਸ ਪ੍ਰਮਾਣੂ ਹਾਦਸੇ 'ਚ ਅਸੀਂ ਆਪਣੀ ਜ਼ਿੰਦਗੀ, ਉਪਜੀਵਕਾ, ਘਰ, ਸਭ ਕੁਝ ਗਵਾ ਦਿੱਤਾ। ਉਹ ਸਾਰੀਆਂ ਚੀਜਾਂ ਗਵਾ ਦਿੱਤੀਆਂ ਜਿੰਨ੍ਹਾਂ ਲਈ ਇਨਸਾਨ ਜਿਉਂਦਾ ਹੈ। ਮੈਂ ਸ਼ਰਤ ਲਗਾ ਸਕਦੀ ਹਾਂ ਕਿ ਤੁਸੀਂ ਇਹੀ ਸੋਚਦੇ ਹੋਵੋਂਗੇ ਕਿ ਇਸ ਹਾਦਸੇ 'ਚ ਤਾਂ ਕੋਈ ਨਹੀਂ ਮਰਿਆ। ਜੇਕਰ ਇਹ ਕੇਵਲ ਭੂਚਾਲ ਜਾਂ ਸੁਨਾਮੀ ਹੁੰਦੀ, ਤਾਂ ਫਸੇ ਹੋਏ ਲੋਕਾਂ ਨੂੰ ਬਚਾਇਆ ਜਾ ਸਕਦਾ ਸੀ। ਕਿਉਂਕਿ ਇੱਥੇ ਪ੍ਰਮਾਣੂ ਹਾਦਸਾ ਹੋਇਆ ਸੀ, ਇਸ ਲਈ ਬਚਾਅ ਦਲ ਉੱਚੇ ਪ੍ਰਭਾਵ ਵਾਲੇ ਵਿਕਿਰਣ ਖੇਤਰਾਂ 'ਚ ਜਾ ਹੀ ਨਹੀਂ ਸਕੇ। ਉਨ੍ਹਾਂ ਨੂੰ ਫਸੇ ਹੋਏ ਲੋਕਾਂ ਦੀਆਂ ਚੀਕਾਂ-ਪੁਕਾਰਾਂ ਸੁਣਾਈ ਦਿੰਦੀਆਂ ਰਹੀਆਂ, ਇਸਦੇ ਬਾਵਜੂਦ ਉਹ ਕੋਈ ਜਵਾਬ ਨਹੀਂ ਦੇ ਸਕੇ।

ਜਪਾਨ 'ਚ ਸਾਨੂੰ 40 ਸਾਲ ਤੋਂ ਦੱਸਿਆ ਜਾਂਦਾ ਰਿਹਾ ਕਿ ਨਿਊਕਲੀਅਰ ਪਲਾਂਟ 'ਪੂਰੀ ਤਰ੍ਹਾਂ ਸੁਰੱਖਿਅਤ' ਹੈ। ਇਸਦੇ ਬਾਵਜੂਦ ਹਾਦਸਾ ਹੋਇਆ। ਐਨਾ ਹੀ ਨਹੀਂ, ਇਸ ਹਾਦਸੇ ਦਾ ਕਾਰਨ ਹੁਣ ਵੀ ਪੂਰੀ ਤਰ੍ਹਾਂ ਪਤਾ ਨਹੀਂ ਲੱਗ ਸਕਿਆ ਅਤੇ ਤਬਾਹੀ ਜਾਰੀ ਹੈ। ਕੋਈ ਨਹੀਂ ਜਾਣਦਾ ਕਿ ਇਹ ਸਿਲਸਿਲਾ ਕਦੋਂ ਰੁਕੇਗਾ।

ਅਸੀਂ ਵੇਖਿਆ ਹੈ ਕਿ 'ਪ੍ਰਮਾਣੂ ਊਰਜਾ ਦਾ ਸਵੱਛ ਊਰਜਾ' ਹੋਣਾ ਵੀ ਇਕ ਝੂਠ ਹੈ। ਪ੍ਰਮਾਣੂ ਊਰਜਾ ਯੰਤਰ ਨੂੰ ਲਗਾਤਾਰ ਠੰਡਾ ਕੀਤਾ ਜਾਣਾ ਜਰੂਰੀ ਹੁੰਦਾ ਹੈ। ਇਸ ਵਿਚ ਸਮੁੰਦਰ ਦਾ ਪਾਣੀ ਕੰਮ ਆਉਂਦਾ ਹੈ ਜੋ ਠੰਡਾ ਕਰਨ ਤੋਂ ਬਾਅਦ ਉੱਚ ਤਾਪਮਾਨ ਨਾਲ ਵਾਪਸ ਸਮੁੰਦਰ 'ਚ ਪੰਪ ਕਰ ਦਿੱਤਾ ਜਾਂਦਾ ਹੈ। ਪ੍ਰਮਾਣੂ ਊਰਜਾ ਪਲਾਂਟ ਨਾਲ ਸਮੁੰਦਰ ਦਾ ਤਾਪਮਾਨ ਵੱਧਦਾ ਹੈ। ਇਹ ਇਕ ਤੱਥ ਹੈ ਕਿ ਜਦੋਂ ਤੋਂ ਫੁਕੁਈ ਪ੍ਰਿਫੇਕਚਰ 'ਚ ਇਸ ਊਰਜਾ ਯੰਤਰ ਨੂੰ ਬੰਦ ਕੀਤਾ ਗਿਆ ਹੈ, ਸਮੁੰਦਰ ਦੇ ਆਸਪਾਸ ਕੁਦਰਤੀ ਵਾਤਾਵਰਣ ਪ੍ਰਬੰਧ ਨਵੇਂ ਸਿਰੇ ਤੋਂ ਬਹਾਲ ਹੋਇਆ ਹੈ।

ਪ੍ਰਮਾਣੂ ਊਰਜਾ ਬਹੁਤ ਖਰਚੀਲੀ ਵੀ ਹੁੰਦੀ ਹੈ। ਈਂਧਨ ਅਤੇ ਸਾਂਭ-ਸੰਭਾਲ ਦਾ ਤਾਂ ਜੋ ਖਰਚ ਹੈ, ਉਹ ਹੈ ਹੀ ਪਰ ਜੇਕਰ ਕਿਤੇ ਕੋਈ ਹਾਦਸਾ ਹੋ ਗਿਆ ਤਾਂ ਮੁਆਵਜੇ ਦੇ ਤੌਰ ਤੇ ਦਿੱਤੀ ਜਾਣ ਵਾਲੀ ਰਕਮ ਬਹੁਤ ਵੱਡੀ ਹੁੰਦੀ ਹੈ।

ਅਤੇ ਆਖਰੀ ਗੱਲ ਇਹ ਕਿ ਫਰਾਂਸ ਜਿਹੇ ਵਿਕਸਿਤ ਦੇਸ਼ ਵੀ ਹੁਣ ਤੱਕ ਪ੍ਰਮਾਣੂ ਕਚਰੇ ਦਾ ਕੋਈ ਰਾਹ ਨਹੀਂ ਲੱਭ ਸਕੇ। ਜਪਾਨ 'ਚ ਤਾਂ ਅਸੀਂ ਉਸ ਕਚਰੇ ਨੂੰ ਆਓਮੋਰੀ ਪ੍ਰਿਫੇਕਚਰ ਸਥਿਤ ਰੂਕਾਸ਼ੋ-ਮੂਰਾ ਸੁਵਿਧਾ ਕੇਂਦਰ 'ਤੇ ਇਕੱਠਾ ਕਰਦੇ ਆਏ ਹਾਂ- ਇਸਦੇ ਇਲਾਵਾ ਹੋਰ ਕੋਈ ਤਰੀਕਾ ਵੀ ਨਹੀਂ ਹੈ।

ਪ੍ਰਮਾਣੂ ਹਾਦਸੇ 'ਚ ਜੋ ਭਾਰੀ ਕਚਰਾ ਪੈਦਾ ਹੁੰਦਾ ਹੈ...ਰੇਡੀਓਐਕਟਿਵ ਤੱਤਾਂ ਨਾਲ ਪ੍ਰਦੂਸ਼ਿਤ ਧਰਤੀ ਅਤੇ ਹੋਰ ਚੀਜਾਂ ਨੂੰ ਤਾਂ ਫਿਰ ਵੀ ਜਲਾਇਆ ਜਾ ਸਕਦਾ ਹੈ, ਪਰ ਤੁਸੀਂ ਬਚੀ ਹੋਈ ਭਾਰੀ ਰੇਡੀਓਐਕਟਿਵ ਸਵਾਹ ਦਾ ਕੀ ਕਰੋਗੇ ? ਫਿਲਹਾਲ ਤਾਂ ਸਥਿਤੀ ਇਹੀ ਹੈ ਕਿ ਇਸਨੂੰ ਸੜਕ ਕਿਨਾਰੇ ਛੱਡ ਦਿੱਤਾ ਗਿਆ ਹੈ ਜਾਂ ਫਿਰ ਫੂਕੂਸ਼ਿਮਾ ਦੇ ਪੁਰਾਣੇ ਵਿਸ਼ਾਲ ਤੇ ਸੁੰਦਰ ਘਰਾਂ 'ਚ ਛੱਡ ਦਿੱਤਾ ਗਿਆ ਹੈ।

ਰੇਡੀਓਐਕਟਿਵ ਤੱਤਾਂ ਤੇ ਮਨੁੱਖ ਦਾ ਕੰਟਰੋਲ ਨਹੀਂ ਹੁੰਦਾ। ਇਨਸਾਨ ਨੂੰ ਚੇਰਨੋਬਿਲ ਅਤੇ ਫੂਕੂਸ਼ਿਮਾ ਦੇ ਹਾਦਸਿਆਂ ਤੋਂ ਇਹ ਸਬਕ ਸਿੱਖ ਲੈਣਾ ਚਾਹੀਦਾ ਹੈ ਹੈ। ਦਰੱਖਤਾਂ ਤੇ ਚੜ੍ਹਨਾ, ਨਦੀ ਕਿਨਾਰੇ ਆਰਾਮ ਕਰਨਾ, ਸਮੁੰਦਰ ਤਟ ਤੇ ਖੇਡਣਾ ਅਜਿਹੀਆਂ ਸਧਾਰਨ ਚੀਜਾਂ ਵੀ ਹੁਣ ਮੇਰੇ ਸ਼ਹਿਰ 'ਚ ਸੰਭਵ ਨਹੀਂ ਰਹਿ ਗਈਆਂ। ਮੇਰੇ ਬੱਚੇ ਤਾਂ ਖੈਰ ਹੁਣ ਇਹ ਕੰਮ ਨਹੀਂ ਕਰ ਪਾਉਣਗੇ ਕਿਉਂਕਿ ਉਹ ਰੇਡੀਓਐਕਟਿਵ ਨਾਲ ਘਿਰੇ ਹੋਏ ਹਨ। ਕੋਈ ਜਾਣਦਾ ਕਿ ਭਵਿੱਖ 'ਚ ਇਸਦਾ ਉਨ੍ਹਾਂ ਤੇ ਕੀ ਅਸਰ ਹੋਵੇਗਾ।

ਮਾਵਾਂ ਨੂੰ ਡਰ ਹੈ ਕਿ ਕਿਤੇ ਉਨ੍ਹਾਂ ਦੇ ਦੁੱਧ 'ਚ ਰੇਡੀਓਐਕਟਿਵ ਪਦਾਰਥ ਨਾ ਘੁਲ ਗਏ ਹੋਣ। ਵਿਕਿਰਨਾਂ ਦੇ ਪ੍ਰਭਾਵ 'ਚ ਆਈਆਂ ਕੁੜੀਆਂ ਨੂੰ ਸੰਕਾ ਹੈ ਕਿ ਉਹ ਕਦੀ ਬੱਚੇ ਜੰਮ ਸਕਣਗੀਆਂ ਜਾਂ ਨਹੀਂ।

ਹੋ ਸਕਦਾ ਹੈ ਕਿ ਇਹ ਸਭ ਕਿਸੇ ਵਿਗਿਆਨ ਦੇ ਗਲਪ ਜਿਹਾ ਲੱਗਦਾ ਹੋਵੇ, ਪਰ ਫੂਕੂਸ਼ਿਮਾ 'ਚ ਫਿਲਹਾਲ ਜਿੰਦਗੀ ਐਸੀ ਹੀ ਹੈ। ਅਤੇ ਕੇਵਲ ਫੂਕੂਸ਼ਿਮਾ ਹੀ ਦੂਸ਼ਿਤ ਨਹੀਂ ਹੈ। ਰੇਡੀਓਐਕਟਿਵ ਪਦਾਰਥਾਂ ਦੇ ਮਹੀਨ ਕਣ ਤਕਰੀਬਨ ਸਮੁੱਚੇ ਪੂਰਬੀ ਜਪਾਨ 'ਚ ਖਿੰਡ ਚੁੱਕੇ ਹਨ।

ਹਵਾ 'ਚ ਸਾਹ ਲੈਂਦੇ ਹੋਏ, ਖਾਣਾ ਖਾਂਦੇ ਹੋਏ ਜਾਂ ਘਾਹ ਤੇ ਲੇਟੇ ਹੋਏ ਸੁਰੱਖਿਅਤ ਮਹਿਸੂਸ ਕਰਨ ਵਰਗੀਆਂ ਰੋਜਾਨਾਂ ਦੀਆਂ ਸਧਾਰਨ ਚੀਜਾਂ ਵੀ ਹੁਣ ਅਸੀਂ ਨਹੀਂ ਕਰ ਪਾਉਂਦੇ, ਜੋ ਕਿ ਸਾਡੇ ਵਜੂਦ ਦਾ ਸਹਿਜ ਹਿੱਸਾ ਹਨ।

ਕੀ ਤੁਸੀਂ ਭਾਰਤ 'ਚ ਏਹੀ ਕਰਨਾ ਚਾਹੁੰਦੇ ਹੋ ? ਮੈਂ ਤੁਹਾਡੇ ਦੇਸ਼ ਕਦੇ ਨਹੀਂ ਗਈ ਪਰ ਮੈਨੂੰ ਭਾਰਤੀ ਚੀਜਾਂ ਪਸੰਦ ਹਨ, ਖਾਸਕਰ ਭਾਰਤ ਦਾ ਖਾਣਾ। ਇਸ ਵਿਚ ਦਿਲਚਸਪੀ ਦੇ ਚੱਲਦੇ ਹੀ ਮੈਂ ਕੁਝ ਜਾਣਕਾਰੀ ਜੁਟਾਈ ਹੈ ਅਤੇ ਭਾਰਤ ਬਾਰੇ ਮੇਰੀ ਇਕ ਧਾਰਨਾ ਵਿਕਸਿਤ ਹੋਈ ਹੈ। ਮੈਨੂੰ ਲਗਦਾ ਹੈ ਕਿ ਭਾਰਤ ਇਕ ਬੇਹੱਦ ਸੱਭਿਆਚਾਰ ਸਪੰਨ ਦੇਸ਼ ਰਿਹਾ ਹੈ।

ਪ੍ਰਮਾਣੂ ਊਰਜਾ ਇਸ ਸੱਭਿਆਚਾਰ ਨੂੰ ਤਬਾਹ ਕਰ ਦੇਵੇਗੀ। ਕਿਉਂ ? ਕਿਉਂਕਿ ਇਹ ਲੋਕਾਂ ਦੀਆਂ ਜ਼ਿੰਦਗੀਆਂ ਨੂੰ ਬਰਬਾਦ ਕਰ ਦਿੰਦੀ ਹੈ, ਜਿਸਦਾ ਸੱਭਿਆਚਾਰ ਨਾਲ ਨਹੁੰ-ਮਾਸ ਦਾ ਰਿਸ਼ਤਾ ਹੁੰਦਾ ਹੈ।

ਫੂਕੂਸ਼ਿਮਾ 'ਚ ਬਿਲਕੁਲ ਇਹੀ ਤਾਂ ਹੋਇਆ ਹੈ ਅਤੇ ਮੈਂ ਇਸਦੀ ਗਵਾਹ ਹਾਂ। ਇਹ ਗੱਲ ਮੈਂ ਤੁਹਾਨੂੰ ਪੂਰੀ ਇਮਾਨਦਾਰੀ ਨਾਲ ਕਹਿ ਰਹੀ ਹਾਂ। ਭਾਰਤ ਦੇ ਚਮਕਦਾਰ ਭਵਿੱਖ ਲਈ ਨਿਊਕਲੀਅਰ ਊਰਜਾ ਜਰੂਰੀ ਨਹੀਂ ਹੈ। ਜੇਕਰ ਤੁਹਾਨੂੰ ਫਿਰ ਵੀ ਲੱਗਦਾ ਹੈ ਕਿ ਇਹ ਜਰੂਰੀ ਹੈ, ਤਾਂ ਤੁਸੀਂ ਫੂਕੂਸ਼ਿਮਾ ਆਓ ਅਤੇ ਇੱਥੋਂ ਦੀ ਹਕੀਕਤ ਨੂੰ ਆਪਣੀ ਨੰਗੀ ਅੱਖ ਨਾਲ ਖੁਦ ਵੇਖ ਲਵੋ।

**ਧੰਨਵਾਦੀ**

**ਯੁਕਿਕੋ ਤਾਕਾਹਾਸ਼ੀ, ਜਪਾਨ**

**ਅਨੁਵਾਦ : ਮਨਦੀਪ 98764-42052**

# ‘ਸਾਮਰਾਜਵਾਦ ਅਤੇ ਅੱਤਵਾਦ ਇਕੋ ਸਿੱਕੇ ਦੇ ਦੋ ਪਾਸੇ’ ਵਿਸ਼ੇ ’ਤੇ ਲੈਕਚਰ ਬ੍ਰਹਿਮੰਡ ਬਾਰੇ ਪ੍ਰੌਜੈਕਟਰ ਰਾਹੀਂ ਜਾਣਕਾਰੀ ਦਿੱਤੀ








**ਮਾ. ਭਜਨ ਸਿੰਘ**

ਇਥੇ ਪ੍ਰੌਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਵਲੋਂ ਕੋਸੋ ਹਾਲ ਵਿਖੇ ਇਕ ਲੈਕਚਰ ਦਾ ਆਯੋਜਨ ਕੀਤਾ ਗਿਆ। ਮੁੱਖ ਵਕਤਾ ਸ੍ਰੀ ਸੋਹਣ ਮਾਨ ਨੇ ਕਿਹਾ ਕਿ ਸਾਮਰਾਜਵਾਦ ਅਤੇ ਪੂੰਜੀਵਾਦੀ ਪ੍ਰਬੰਧ ਹੀ ਅੱਤਵਾਦ ਦੀ ਜੜ੍ਹ ਹੈ। ਇਹ ਪ੍ਰਬੰਧ ਗਿਣੀ-ਮਿਣੀ ਸਾਜ਼ਿਸ਼ ਤਹਿਤ ਅੱਤਵਾਦ ਨੂੰ ਸ਼ਹਿ ਦੇ ਕੇ ਆਮ ਲੋਕਾਂ ਦਾ ਧਿਆਨ ਆਰਥਿਕ ਮਸਲਿਆਂ ਤੋਂ ਹਟਾ ਕੇ ਧਾਰਮਿਕ ਕੱਟੜਤਾ ਅਤੇ ਨਸਲਵਾਦ ਵੱਲ ਲਿਜਾਂਦਾ ਹੈ। ਦੇਖਣ ਨੂੰ ਬਾਹਰੀ ਤੌਰ ’ਤੇ ਇਹ ਧਰਮ ਦੀ ਲੜਾਈ ਲੱਗਦੀ ਹੈ। ਪ੍ਰੰਤੂ ਇਸ ਪਿਛੇ ਅਸਲ ਕਾਰਨ ਆਰਥਿਕ ਹੈ। ਭਾਵੇਂ ਇਹ ਲੜਾਈ ਅਫ਼ਗਾਨਿਸਤਾਨ ਤੋਂ ਸ਼ੁਰੂ ਹੋਈ ਪ੍ਰੰਤੂ ਅੱਜ ਇਹ ਇਰਾਕ, ਸੀਰੀਆ, ਸੁਡਾਨ ਅਤੇ ਨੌਰਥ ਅਫਰੀਕਾ ਦੇ ਦੇਸ਼ਾਂ ਵਿਚ ਫੈਲ੍ਹ ਰਹੀ ਹੈ। ਅਮਰੀਕਨ ਸਾਮਰਾਜ ਆਪਣੇ ਹਥਿਆਰ ਵੇਚਣ, ਤੇਲ ਭੰਡਾਰ ’ਤੇ ਕਬਜ਼ਾ ਕਰਨ, ਆਪਣੀ ਫੌਜੀ ਨੀਤੀ ਲਾਗੂ ਕਰਨ ਲਈ ਸੰਸਾਰ ਦੇ ਬਹੁਤ ਸਾਰੇ ਦੇਸ਼ਾਂ ਨੂੰ ਜੰਗ ਦੀ ਭੱਠੀ ਵਿਚ ਝੋਕ ਕੇ ਮਨੁੱਖਤਾ ਦੀ ਤਬਾਹੀ ਕਰ ਰਿਹਾ ਹੈ। ਇਸ ਕਰਕੇ ਸੰਸਾਰ ਦੇ ਸਭ ਦੇਸ਼ਾਂ ਦੇ ਲੋਕਾਂ ਨੂੰ ਇਕੱਠੇ ਹੋ ਕੇ ਸਾਮਰਾਜਵਾਦੀ ਨੀਤੀਆਂ ਦਾ ਵਿਰੋਧ ਕਰਨਾ ਚਾਹੀਦਾ ਹੈ।

ਜੀਤਇੰਦਰਪਾਲ ਵਲੋਂ ਬ੍ਰਹਿਮੰਡ ਬਾਰੇ ਪ੍ਰੌਜੈਕਟਰ ਰਾਹੀਂ ਸਲਾਈਡ ਸ਼ੋਅ ਦਿਖਾਇਆ। ਉਨ੍ਹਾਂ ਦੇ ਪੋਤੇ ਰੋਨਾ ਅਤੇ ਆਨੀਆ ਪੋਤੀ ਨੇ ਕੰਪਿਊਟਰ ਤੇ ਸਹਿਯੋਗ ਦਿੱਤਾ। ਕਮਲਪ੍ਰੀਤ ਪੰਧੇਰ ਨੇ ਪੰਜਾਬੀ ਵਿਚ ਟਰਾਂਸਲੇਟ ਕੀਤਾ। 5ਵੇਂ ਤਰਕਸ਼ੀਲ ਨਾਟਕ ਸਮਾਗਮ ਦੀ ਸੀਡੀ ਸਮੁੱਚੇ ਨਾਟਕ ਟੀਮ ਮੈਂਬਰਾਂ ਤੋਂ ਰਿਲੀਜ਼ ਕਰਵਾਈ ਗਈ। ਇਸ ਨਾਟਕ ਸਮਾਗਮ ਨੂੰ ਸਫ਼ਲ ਕਰਨ ਵਿਚ ਵਿਸ਼ੇਸ਼ ਯੋਗਦਾਨ ਪਾਉਣ ਵਾਲੇ ਰੇਡੀਓ ਰੈਡ ਐਫ. ਐਮ. ਵਲੋਂ ਰਿਸ਼ੀ ਨਾਗਰ, ਸਿੱਖ ਵਿਰਸੇ ਦੇ ਸੰਪਾਦਕ ਹਰਚਰਨ ਪਰਵਾਹ ਅਤੇ ਗੁਰਬਚਨ ਬਰਾੜ ‘ਸਰੋਕਾਰਾਂ ਦੀ ਆਵਾਜ਼’ ਵੀ ਸੀਡੀ ਰਲੀਜ਼ ਕਰਨ ’ਚ ਸ਼ਾਮਲ ਸਨ। ਪਰਿਵਾਰਕ ਫੇਰੀ ’ਤੇ ਆਏ ਪ੍ਰੋਫੈਸਰ ਹਰਦਰਦਵੀਰ ਨੌਸ਼ਹਿਰਵੀ (ਨਾਮਵਰ ਲੇਖਕ) ਨੂੰ ਮੰਚ ਸੰਚਾਲਨ ਕਰ ਰਹੇ ਮਾ. ਭਜਨ ਨੇ ਸੁਆਗਤ ਕਰਦੇ ਕਿਹਾ ਕਿ ਇਹ ਲੇਖਕ ਤਰਕਸ਼ੀਲ, ਜਮਹੂਰੀ ਅਤੇ ਅਗਾਂਹਵਧੂ ਵਿਚਾਰਾਂ ਨੂੰ ਪ੍ਰਣਾਏ ਹੋਏ, ਲੋਕ ਲਹਿਰਾਂ ਨਾਲ ਖੜ੍ਹਨ ਵਾਲੇ ਲੇਖਕ ਹਨ। ਲੇਖਕ ਨੇ ਵਿਚਾਰ ਪੇਸ਼ ਕਰਦੇ ਹੋਏ ਕਿਹਾ ਕਿ ਤੁਸੀਂ ਕੈਨੇਡਾ ’ਚ ਵੀ ਸੰਘਰਸ਼ਸ਼ੀਲ ਵਿਚਾਰਾਂ ਨੂੰ ਹੁੰਗਾਰਾ ਦੇ ਰਹੇ ਹੋ ਮੈਨੂੰ ਸੰਤੁਸ਼ਟੀ ਹੋਈ ਹੈ। ਉਨ੍ਹਾਂ ਕਿਹਾ ਕਿ ਪੰਜਾਬ ਜਾਂ ਭਾਰਤ ’ਚ ਤਾਂ ਵਿਕਾਸ ਲੀਡਰਾਂ ਦਾ ਹੋ ਰਿਹਾ ਹੈ ਲੋਕਾਂ ਦਾ ਨਹੀਂ।

ਨਵਕਿਰਨ ਕੌਰ ਢੁੱਡੀਕੇ ਨੇ ਇਨਕਲਾਬੀ ਕਵੀ ਅਵਤਾਰ ਪਾਸ਼ ਦੀ ਕਵਿਤਾ ‘ਸਭ ਤੋਂ ਖਤਰਨਾਕ ਹੁੰਦਾ ਹੈ’ ਸੁਣਾਈ। ਕਮਲਪ੍ਰੀਤ ਕੌਰ ਪੰਧੇਰ ਨੇ ਮਿੰਟੂ ਗੁਰਸਰੀਆ ਦੀ ਤਾਜ਼ਾ ਹਾਲਾਤਾਂ ’ਤੇ ਢੁਕਦੀ ਪੁਲਿਸ ਅਤੇ ਅਕਾਲੀ ਸਰਕਾਰ ਦੇ ਜ਼ੁਲਮਾਂ ਨੂੰ ਬਿਆਨ ਕਰਦੀ ਕਵਿਤਾ ਨਾਲ ਸਰੋਤਿਆਂ ’ਚ ਜੋਸ਼ ਭਰਿਆ। ਅਵੀ ਜਸਵਾਲ ਨੇ ਸ਼ਹੀਦੇ ਆਜਮ ਭਾਗਤ ਬਾਰੇ ਆਪਣੀ ਕਵਿਤਾ ਭਾਵੁਕ ਅੰਦਾਜ਼ ਵਿਚ ਪੜ੍ਹੀ। ਕਮਲਜੀਤ ਕੌਰ ਸ਼ੇਰਗਿੱਲ ਨੇ ਜਜ਼ਬਾਤੀ ਕਵਿਤਾ ਰਾਹੀਂ ਹਮੇਸ਼ਾ ਦੀ ਤਰ੍ਹਾਂ ਹਾਜ਼ਰੀ ਲਗਵਾਈ।

ਇੰਜੀਨੀਅਰ ਗੁਰਦਿਆਲ ਸਿੰਘ ਖਹਿਰਾ ਸਕੱਤਰ ਪੰਜਾਬੀ ਸਾਹਿਤ ਸਭਾ ਨੇ 30 ਅਗਸਤ ਦੇ ਪੰਜਵੇਂ ਤਰਕਸ਼ੀਲ ਸਭਿਆਚਾਰਕ ਨਾਟਕ ਸਮਾਗਮ ਬਾਰੇ ਬੜੇ ਹੀ ਭਾਵੁਕ ਅੰਦਾਜ਼ ’ਚ ਕਿਹਾ ਕਿ ਲੋਕ ਕਲਾ ਮੰਚ ਦੇ ਲੇਖਕ ਅਤੇ ਡਾਇਰੈਕਟਰ ਸ੍ਰੀ ਹਰਕੇਸ਼ ਚੌਧਰੀ ਦੀ ਨਿਰਦੇਸ਼ਨਾ ’ਚ ਖੇਡਿਆ ਕੈਲਗਰੀ ਦੇ ਪਾਤਰਾਂ ਵਲੋਂ ਇਹ ਨਾਟਕ ਦੀ ਪੇਸ਼ਕਾਰੀ ਇਤਿਹਾਸਕ ਹੋ ਨਿਬੜੀ। ਉਨ੍ਹਾਂ ਕਿਹਾ ਕਿ ਮੇਰੀ ਜ਼ਿੰਦਗੀ ਦੀ ਇਹ ਸਭ ਤੋਂ ਬੇਹਤਰੀਨ, ਦਿਲਾਂ ਨੂੰ ਟੁੰਬਣ ਵਾਲੀ ਘਟਨਾ ਹੈ, ਜਿਸ ਨੂੰ ਮੈਂ ਸੰਸਾਰ ਪੱਧਰੀ ਰੁਤਬੇ ਵਾਲਾ ਵਰਤਾਰਾ ਮੰਨਦਾ ਹਾਂ। ਨਾਟਕ ਟੀਮ ਦੇ ਸੁਹਿਰਦ ਅਤੇ 7ਵੇਂ ਦਹਾਕੇ ਨੂੰ ਢੁੱਕੇ ਮੈਂਬਰਾਂ ਸ੍ਰੀ ਸੁਰਿੰਦਰ ਢਿੱਲੋਂ ਅਤੇ ਪੈਰੀ ਮਹਿਲ ਨੇ ਜਿਥੇ ਰਿਹਰਸਲ ਸਮੇਂ ਆਪਣੇ ਅਨੁਭਵ ਸਾਂਝੇ ਕੀਤੇ ਅਤੇ ਆਪਣੀ ਪਲੇਠੀ ਨਾਟਕ ਪੇਸ਼ਕਾਰੀ ਨੂੰ ਮਾਣ ਵਾਲੀ ਕਿਹਾ। ਸਬੰਧਤ ਵਿਸ਼ੇ ਸਬੰਧੀ ਆਪਣੇ ਵਿਚਾਰ ਪੇਸ਼ ਕੀਤੇ। ਅਜਮੇਰ ਸਿੰਘ ਰੰਧਾਵਾ, ਜਸਵੰਤ ਸਿੰਘ ਸੇਖੋਂ, ਮਾ. ਸੁਖਦੇਵ ਸਿੰਘ, ਮਾ. ਧਰਮ ਸਿੰਘ ਚੜਿੱਕ, ਜਰਨੈਲ ਸਿੰਘ ਤੱਗੜ ਅਤੇ ਸਰਵਣ ਸਿੰਘ ਸੰਧੂ ਨੇ ਆਪਣੇ ਅਨੁਭਵ ਨਾਟਕਾਂ ਸਬੰਧੀ ਸਾਂਝੇ ਕੀਤੇ ਅਤੇ ਆਪਣੀਆਂ ਪਾਏਦਾਰ ਗੀਤ, ਕਵਿਤਾਵਾਂ ਰਾਹੀਂ ਯੋਗਦਾਨ ਪਾਇਆ।

ਕੈਲਗਰੀ ਸੀਨੀਅਰ ਕੇਅਰ ਸੁਸਾਇਟੀ ਵਲੋਂ ਸੈਮੀਨਾਰ ਜੋ 18 ਅਕਤੂਬਰ ਨੂੰ ਦੁਪਹਿਰ ਐਕਸ ਸਰਵਿਸਮੈਨ ਸੁਸਾਇਟੀ ਵਿਖੇ ਹੋ ਰਿਹਾ ਹੈ, ਬਾਰੇ ਹਰੀਪਾਲ ਨੇ ਜਾਣਕਾਰੀ ਦਿੱਤੀ। ਸਮੇਂ ਦੀ ਘਾਟ ਕਾਰਨ ਰਿਸ਼ੀ ਨਾਗਰ, ਗੁਰਬਚਨ ਬਰਾੜ, ਮਾ. ਬਚਿੱਤਰ ਗਿੱਲ ਹਰਨੇਕ ਬੱਧਨੀ, ਪਰਸ਼ੋਤਮ ਭਾਰਦਵਾਜ, ਦਿਲਾਵਰ ਸਿੰਘ ਸਮਰਾ, ਗੁਰਨਾਮ ਸਿੰਘ ਗਿੱਲ ਇਕਬਾਲ ਖਾਨ ਆਦਿ ਤੋਂ ਮੁਆਫ਼ੀ ਮੰਗੀ ਗਈ। ਐਸੋਸੀਏਸ਼ਨ ਦੇ ਸਕੱਤਰ ਮਾਸਟਰ ਭਜਨ ਸਿੰਘ ਨੇ ਨਾਟਕ ਸਮਾਗਮ ’ਚ ਮਿਲੇ ਭਰਵੇਂ ਹੁੰਗਾਰੇ ਲਈ ਸਭ ਦਾ ਧੰਨਵਾਦ ਕੀਤਾ। ਪ੍ਰੋ. ਗੋਪਾਲ ਸਿੰਘ ਕਾਉਂਕੇ ਨੂੰ ਉਨ੍ਹਾਂ ਦੇ ਪੋਤੇ ਸ਼ਬਦ ਜੱਸਲ ਦੇ ਜਨਮ ਦੀ ਵਧਾਈ ਦਿੱਤੀ ਅਤੇ ਉਨ੍ਹਾਂ ਵਲੋਂ ਖਾਣ-ਪੀਣ ਦੇ ਪ੍ਰਬੰਧ ਤੇ ਧੰਨਵਾਦ ਕੀਤਾ ਗਿਆ। ਅਗਲੀ ਮੀਟਿੰਗ 2 ਨਵੰਬਰ ਐਤਵਾਰ ਨੂੰ ਹੋਵੇਗੀ। ਵਧੇਰੇ ਜਾਣਕਾਰੀ ਲਈ ਮਾ. ਭਜਨ ਸਿੰਘ ਨੂੰ 403-455-4220 ਅਤੇ ਪ੍ਰੋ. ਗੋਪਾਲ ਸਿੰਘ ਕਾਉਂਕੇ ਨੂੰ 403-970-3588 ’ਤੇ ਸੰਪਰਕ ਕਰੋ।






## PUNJABI WRITING COMPETITION

LOCATION: Lincoln M. Alexander Secondary School (3545 Morning Star Drive)

DATE: Sunday October 26th, 2014

TIME: 12:30 pm - 4:00 pm

CATEGORIES

JK - GRADE 6: Write selected letters and words in good hand-writing

GRADE 7-8: Write 60 words (paragraph) about ‘School Uniforms’.

GRADE 9-10: Write 150 words on ‘The Importance of 40 Hours of Community Service in a Student's Life.’

GRADE 11-12: Write 200 words on ‘The Importance of 40 Hours of Community Service in a Student's Life.’

UNIVERSITY (AND OLDER): Write 300 words on ‘The Role of Punjabis in Canadian Elections.’

To register, please email your name, age, grade, and phone number to punjabcharity@hotmail.com

All participants will receive medals. Winners will receive Chapter's Gift Cards and Door Prizes.

Sponsored by: Punjab Charity Foundation, Navashahr Sports Club, Royal Punjabi Club, PSA Lincoln.
Contact: Balihar Singh (647-297-8600), Gurnam Singh (647-287-2577), Gagandeep Singh (416-558-3966, Manjinder Singh (647-274-5738)

## ਕਿਰਤ ਤੇ ਕੰਪਨੀ ਕਾਨੂੰਨਾਂ 'ਚ ਨਵੀਆਂ ਸੋਧਾਂ ਦੇ ਵਿਚਾਰ

# ਪ੍ਰਬੰਧ ਦੀਆਂ ਨਜ਼ਰਾਂ 'ਚ ਕਿਰਤੀ ਇਕ ਸੰਦ ਜਾਂ ਮਾਲ ਤੂਫ਼ਾਨਾਂ ਦੀ ਆਹਟ ਨੂੰ ਪਹਿਚਾਣੋ



**ਨਰਭਿੰਦਰ**

**ਕਾਨੂੰਨ ਕੇਂਦਰ 'ਚ ਬੈਠੀ ਨਵੀਂ ਮੋਦੀ ਸਰਕਾਰ (ਭਾਜਪਾ) ਲਿਆਵੇਗੀ ਜਿਹੜੇ 'ਅੱਛੇ ਦਿਨ ਦਿਖਾਉਣਗੇ' ਪਰ ਮੋਦੀ ਸਰਕਾਰ ਨਾ ਵੀ ਬਣਦੀ 'ਆਪ' ਦੀ ਹੀ ਬਣ ਜਾਂਦੀ ਤਾਂ ਵੀ ਉਹਨੇ ਪ੍ਰਬੰਧ ਦੀਆਂ ਲੋੜਾਂ ਮੁਤਾਬਕ ਚਲਣਾ ਸੀ ਸੋਚਣਾ ਸੀ ਅਤੇ ਕਦਮ ਚੁੱਕਣੇ ਸਨ।**

ਕਿਰਤੀ ਦੇ ਸਰੀਰ 'ਚੋਂ ਲਹੂ ਦੀ ਇਕ ਇਕ ਬੂੰਦ ਨਿਚੋੜਨ ਲਈ ਤਿਆਰੀ ਕਰ ਰਹੀ ਹੈ ਮੌਜੂਦਾ ਵਿਵਸਥਾ। ਜਿਹਨੂੰ ਸਾਡੇ ਬੌਧਿਕ ਵਿਸ਼ੇਸ਼ ਕਰਕੇ ਖੱਬੇਪੱਖੀ ਹਲਕੇ ਵੀ 'ਉਦਾਰਵਾਦੀ' ਸ਼ਬਦ ਨਾਲ ਸੰਬੋਧਤ ਹੁੰਦੇ ਆ ਰਹੇ ਹਨ। ਮੈਂ ਸ਼ਬਦ ਦਾ ਜ਼ਿਕਰ ਇਥੇ ਸ਼ੁਰੂ 'ਚ ਇਸ ਕਰਕੇ ਦਿੱਤਾ ਹੈ ਕਿ ਇਸ ਸ਼ਬਦ ਨੂੰ ਬੁਰਜੁਆ ਅਰਥ ਸ਼ਾਸਤਰੀ ਨੇ ਆਪਣੇ ਤਾਨਾਸ਼ਾਹ ਅਰਥ ਸਿਧਾਂਤ ਨੂੰ ਲਪੇਟ ਕੇ ਲਿਆਂਦਾ ਸੀ ਅਤੇ ਪਿਛਲੇ ਡੇਢ ਦੋ ਦਹਾਕੇ ਤੋਂ ਮਜ਼ਦੂਰ ਜਮਾਤ ਦੇ ਹਿੰਦੂ ਅਰਥ ਸ਼ਾਸਤਰੀ ਵੀ ਹੂਬਹੂ ਵਰਤਦੇ ਆ ਰਹੇ ਹਨ। ਮੈਂ ਇਥੇ ਇਸ ਸ਼ਬਦ ਉਤੇ ਬਹਿਸ ਕਰਨ ਨਹੀਂ ਜਾ ਰਿਹਾ ਪਰ ਐਨਾ ਕੁ ਹੀ ਹੈ ਕਿ ਅਸੀਂ ਕਮਿਊਨਿਸਟ ਤੇ ਕਮਿਊਨਿਸਟ ਇਨਕਲਾਬੀ ਵੀ ਪ੍ਰਬੰਧ ਦੀ ਭਾਸ਼ਾ ਨੂੰ ਅਛੋਪਲੇ ਜਿਹੇ ਕਿਵੇਂ ਅਪਨਾ ਲੈਂਦੇ ਹਾਂ ਅਤੇ ਆਪਣੀ ਭਾਸ਼ਾ ਦੀ ਸਿਰਜਨਾ ਕਰਨਾ ਵੀ ਛੱਡ ਚੁੱਕੇ ਹਾਂ। ਖੈਰ ਮੌਜੂਦਾ ਪ੍ਰਬੰਧ ਕਿਰਤੀਆਂ (ਮਜ਼ਦੂਰਾਂ) ਲਈ ਜਿਹੜੇ ਨਵੇਂ ਕਾਨੂੰਨ ਲਿਆ ਰਿਹਾ ਹੈ ਅਤੇ ਪੁਰਾਣੇ ਕਿਰਤ ਕਾਨੂੰਨਾਂ ਨੂੰ ਚੁਪਕੇ ਜਿਹੇ ਸੋਧਨ ਜਾ ਰਿਹਾ, ਉਹ ਕਿੰਨੇ ਭਿਆਨਕ ਅਤੇ ਮਜ਼ਦੂਰ ਮਾਰੂ ਹੋਣੇ ਹਨ ਅਤੇ ਅਗਲੇਰਾ ਸਮਾਂ ਜਿਹੋ ਜਿਹਾ ਭਿਆਨਕ ਅਤੇ ਤੂਫ਼ਾਨੀ ਵੇਗਾਂ ਵਾਲਾ ਹੋਵੇਗਾ। ਮੈਂ ਇਥੇ ਸਰਕਾਰ ਸਬਦ ਵੀ ਨਹੀਂ ਵਰਤਿਆ ਪ੍ਰਬੰਧ ਵਰਤਿਆ ਹੈ। ਕਾਨੂੰਨ ਕੇਂਦਰ 'ਚ ਬੈਠੀ ਨਵੀਂ ਮੋਦੀ ਸਰਕਾਰ (ਭਾਜਪਾ) ਲਿਆਵੇਗੀ ਜਿਹੜੇ 'ਅੱਛੇ ਦਿਨ ਦਿਖਾਉਣਗੇ' ਪਰ ਮੋਦੀ ਸਰਕਾਰ ਨਾ ਵੀ ਬਣਦੀ 'ਆਪ' ਦੀ ਹੀ ਬਣ ਜਾਂਦੀ ਤਾਂ ਵੀ ਉਹਨੇ ਪ੍ਰਬੰਧ ਦੀਆਂ ਲੋੜਾਂ ਮੁਤਾਬਕ ਚਲਣਾ ਸੀ ਸੋਚਣਾ ਸੀ ਅਤੇ ਕਦਮ ਚੁੱਕਣੇ ਸਨ। ਚੋਣਾਂ ਪਿਛੋਂ ਬਹੁਤ ਕਾਵਾਂ ਰੌਲੀ ਪਈ ਕਿ ਮੋਦੀ ਦੇ ਪ੍ਰਧਾਨ ਬਣਨ ਵਿਚ ਦੇਸੀ ਵਿਦੇਸ਼ੀ ਪੂੰਜੀਪਤੀਆਂ (ਕਾਰਪੋਰੇਟੀ ਘਰਾਣਿਆਂ ਨੇ ਹਜ਼ਾਰਾਂ ਕਰੋੜ ਰੁਪਏ ਲਾ ਕੇ ਉਹਦੇ ਹੱਕ 'ਚ ਮੀਡੀਆ ਖ਼ੀਦਿਆ ਲਹਿਰ ਚਲਾਈ। ਭਲਾ ਕਿਉਂ ਇਹ ਕਰੋੜਾਂ ਕਰੋੜ ਰੁਪਏ ਉਹਨਾਂ ਫੂਕੇ? ਇਸ ਨੂੰ ਸਰਕਾਰ ਪ੍ਰਬੰਧ ਦੀ ਅਪਨਾਈ ਜਾ ਰਹੀ ਨਵੀਂ ਕਿਰਤ ਨੀਤੀ ਤੋਂ ਵੀ ਵੇਖਿਆ ਜਾ ਸਕਦਾ ਹੈ)।

• ਫੈਕਟਰੀ ਕਾਨੂੰਨ 1948 ਮੁਤਾਬਕ, ਮਜ਼ਦੂਰਾਂ ਦਾ ਕਿਰਤ ਸਮਾਂ ਸਾਢੇ ਅੱਠ ਘੰਟੇ ਭਾਵ (4+30+4) ਚਾਰ-ਚਾਰ ਘੰਟੇ ਦੀਆਂ ਦੋ ਸ਼ਿਫ਼ਟਾਂ ਅਤੇ ਅੱਧਾ ਘੰਟਾ ਆਰਾਮ ਤੇ ਖਾਣੇ ਦੀ ਛੁੱਟੀ ਨਿਸ਼ਚਿਤ ਕੀਤੀ ਸੀ ਪਰ ਉਸ 'ਚ ਇਹ ਵੀ ਦਰਜ ਸੀ ਕਿ ਜੇ ਮਾਲਕ ਦੀਆਂ ਲੋੜਾਂ ਹੋਣ ਤਾਂ ਉਹ ਟੁਕੜਾ-ਟੁਕੜਾ (ਸ਼ਿਫ਼ਟਾਂ 'ਚ) ਵੰਡ ਕੇ ਸਾਢੇ ਦਸ ਘੰਟੇ ਵੀ ਕੰਮ ਲੈ ਸਕਦੀ ਹੈ ਅਤੇ ਉਹਨੂੰ ਦੋ ਘੰਟੇ ਓਵਰ ਟਾਈਮ ਦੇਣਾ ਪਵੇਗਾ। ਹੁਣ ਸਰਕਾਰ ਇਹਨੂੰ 12 ਘੰਟੇ ਕਰਨ ਜਾ ਰਹੀ ਹੈ। ਭਾਵ ਹੁਣ ਕਿਸੇ ਵੀ ਕੰਪਨੀ ਦੀ ਪ੍ਰਬੰਧਕੀ ਬਾਡੀ, ਰਾਜ ਸਰਕਾਰ (ਭਾਵ ਕਿਰਤ ਵਿਭਾਗ) ਤੋਂ ਪ੍ਰਵਾਨਗੀ ਲੈ ਕੇ ਇਸ ਸਮੇਂ ਨੂੰ ਸਵੇਰੇ 8 ਵਜੇ ਤੋਂ ਸ਼ਾਮ ਅੱਠ ਵਜੇ ਭਾਵ ਸ਼ੁਰੂਆਤੀ ਸਮੇਂ ਤੋਂ ਬਾਰਾਂ ਘੰਟੇ ਤੱਕ ਵਧਾ ਸਕਦੀ ਹੈ।

• ਮੌਜੂਦਾ ਕਿਰਤ ਕਾਨੂੰਨਾਂ ਮੁਤਾਬਕ ਕੋਈ ਵੀ ਅਜਿਹੇ ਕੰਮ ਜਿਹੜੇ ਐਮਰਜੈਂਸੀ ਲੋੜੀਂਦੇ ਹਨ ਜਾਂ ਜਿਨ੍ਹਾਂ ਨੇ ਦਿਨ ਰਾਤ ਚਲਣਾ ਹੁੰਦਾ ਹੈ, ਵਿਚ ਕਿਸੇ ਕਿਰਤੀ ਤੋਂ ਓਵਰ ਟਾਈਮ ਦੇ ਇਕ ਤਿਮਾਹੀ 'ਚ ਵੱਧ ਤੋਂ ਵੱਧ 50 ਘੰਟੇ ਕੰਮ ਹੀ ਲੈ ਸਕਦੀ ਹੈ। ਨਵੀਆਂ ਸੋਧਾਂ ਜਿਹੜੀਆਂ ਲਿਆਂਦੀਆਂ ਜਾ ਰਹੀਆਂ ਹਨ, ਉਥੇ ਇਹ ਓਵਰ ਟਾਈਮ ਹੁਣ 100 ਘੰਟੇ ਪ੍ਰਤੀ ਤਿਮਾਹੀ ਕੀਤਾ ਜਾ ਰਿਹਾ ਹੈ ਅਤੇ ਜਿਥੇ ਪਹਿਲਾਂ ਹੀ ਇਹ ਜਿਵੇਂ ਮਾਈਨਿੰਗ ਤੇ ਹੋਰ ਆਦਿ ਵਿਚ 75 ਘੰਟੇ ਹੈ, ਨੂੰ ਵਧਾ ਕੇ 150 ਘੰਟੇ ਕੀਤਾ ਜਾ ਰਿਹਾ ਹੈ।

• ਦੇਸ਼ 'ਚ ਪ੍ਰਚਲਿਤ ਰਵਾਇਤ ਮੁਤਾਬਕ ਛੁੱਟੀ ਦਾ ਇਕ ਐਤਵਾਰ ਹੁੰਦਾ ਹੈ। ਇਹ ਕਿ ਹਫ਼ਤੇ 'ਚ ਇਕ ਛੁੱਟੀ। ਕੰਪਨੀ ਕਾਨੂੰਨ ਮੁਤਾਬਕ ਇਸ ਹਫ਼ਤਾਵਾਰੀ ਛੁੱਟੀ ਦਾ ਫੈਸਲਾ ਮੁੱਖ ਫੈਕਟਰੀ ਕਾਨੂੰਨਾਂ ਦਾ ਨਿਰੀਖਕ ਕਰਦਾ ਹੈ। ਹੁਣ ਨਵੀਆਂ ਸੋਧਾਂ 'ਚ ਸਰਕਾਰ ਦੀ ਪੇਸ਼ਕਸ਼ ਹੈ ਕਿ ਸਪਤਾਹਿਕ ਛੁੱਟੀ ਤਹਿ ਕਰਨ ਦਾ ਅਧਿਕਾਰ ਹਰ ਫੈਕਟਰੀ ਦੀ ਮੈਨੇਜਿੰਗ ਕਮੇਟੀ ਨੂੰ ਦੇ ਦਿੱਤਾ ਜਾਵੇ। ਇਹ ਇਕ ਹੀ ਖੇਤਰ ਦੀਆਂ ਅਲੱਗ-ਅਲੱਗ ਫੈਕਟਰੀਆਂ 'ਚ ਅਲੱਗ ਅਲੱਗ ਹੋ ਸਕਦਾ ਹੈ ਅਤੇ ਫੈਕਟਰੀ ਮਾਲਕ ਦੀ ਦਇਆ ਉਤੇ ਨਿਰਭਰ ਹੋ ਗਿਆ ਹੈ।

ਨਵੀਆਂ ਸਿਫਾਰਸ਼ਾਂ ਨੇ ਲਾਗੂ ਅਜੇ ਹੋਣਾ ਹੈ ਪਰ ਅਸੀਂ ਸਨਅਤੀ ਅਦਾਰਿਆਂ ਦੀ ਇਹ ਮਨਮਰਜ਼ੀ ਪਹਿਲਾਂ ਹੀ ਖੁੱਲ੍ਹੇਆਮ ਵੇਖਦੇ ਹਾਂ। ਫੈਕਟਰੀਆਂ ਪਹਿਲਾਂ ਹੀ 10 ਤੋਂ 12 ਘੰਟੇ ਕੰਮ ਲੈ ਰਹੀਆਂ ਹਨ ਓਵਰ ਟਾਈਮ ਦੀ ਅਦਾਇਗੀ ਤੋਂ ਬਿਨਾਂ ਹੀ 1 ਤਿਮਾਹੀ ਦੇ 50 ਘੰਟੇ ਦੀ ਕੋਈ ਸੀਮਾ ਨਹੀਂ ਅਤੇ ਸਪਤਾਹਿਕ ਛੁੱਟੀ ਦੀ ਵੀ ਵਿਵਸਥਾ ਸਰਕਾਰੀ ਸਨਅਤੀ ਅਦਾਰਿਆਂ ਨੂੰ ਛੱਡ ਕੇ ਹਰ ਥਾਂ ਕੰਪਨੀ ਮਾਲਕਾਂ ਤੇ ਪ੍ਰਬੰਧਕਾਂ ਦੇ ਰਹਿਮੋ ਕਰਮ ਉਤੇ ਹੀ ਹੈ। ਕੰਪਨੀਆਂ ਨਵੀਂ ਭਰਤੀ ਅਤੇ ਦੇਣਦਾਰੀਆਂ ਤੋਂ ਬਚਣ ਲਈ ਪਹਿਲਾਂ ਹੀ ਕੰਮ ਕਰ ਰਹੇ ਕਿਰਤੀਆਂ ਦੇ ਸਰੀਰਾਂ ਨੂੰ ਹੋਰ ਨਿਚੋੜਨ ਲਈ ਉਤਾਰੂ ਹਨ। ਹੁਣ ਹਕੂਮਤ ਇਹਨੂੰ ਕਾਨੂੰਨੀ ਰੂਪ ਦੇਣ ਜਾ ਰਹੀ ਹੈ।

• ਖਤਰੇ ਵਾਲੇ ਪਦਾਰਥਾਂ ਅਤੇ ਪ੍ਰਕਿਰਿਆਵਾਂ ਦੀ ਵਰਤੋਂ 'ਚ ਲੱਗੇ ਮਜ਼ਦੂਰਾਂ ਦੀ ਹਿਫਾਜ਼ਤ ਕਰਨ ਦੀ ਥਾਂ ਹਕੂਮਤ ਉਹਨਾਂ ਬੰਦਿਸ਼ਾਂ ਨੂੰ ਮਾਲਕਾਂ ਦੇ ਹਿੱਤ 'ਚ ਢਿੱਲਾ ਕਰਨ ਜਾ ਰਹੀ ਹੈ। ਹਕੂਮਤ ਫੈਕਟਰੀ ਕਾਨੂੰਨਾਂ 'ਚ ਕੁਝ ਇਸ ਤਰ੍ਹਾਂ ਦੇ ਬਦਲਾਅ ਕਰਨ ਦੀਆਂ ਯੋਜਨਾਵਾਂ ਬਣਾ ਰਹੀ ਹੈ ਕਿ ਬਗੈਰ ਸਰਕਾਰੀ ਜਾਂਚ ਕਰਵਾਇਆਂ ਅਤੇ ਯੋਗ ਸਰਟੀਫਿਕੇਟ ਲਿਆਂ, ਕੰਪਨੀ ਦੀ ਮੈਨੇਜਿੰਗ ਕਮੇਟੀ ਖੁਦ ਆਪਣੇ ਵਿਸ਼ਵਾਸ ਸੱਚ ਅਤੇ ਸਫਾਈ ਦੇ ਆਧਾਰ ਉਤੇ ਅਜਿਹੀਆਂ ਮਨੁੱਖੀ ਜ਼ਿੰਦਗੀ ਅਤੇ ਸਿਹਤ ਲਈ ਖਤਰਨਾਕ ਪਦਾਰਥਾਂ ਅਤੇ ਪ੍ਰਕਿਰਿਆਵਾਂ ਦੀ ਵਰਤੋਂ ਕਰ ਸਕੇਗੀ। ਇਸ ਤੋਂ ਬਿਨਾਂ ਖਤਰੇ ਵਾਲੇ ਪਦਾਰਥਾਂ ਅਤੇ ਪ੍ਰਕਿਰਿਆਵਾਂ ਦੀ ਸੂਚੀ ਨੂੰ ਸਮਾਪਤ ਕਰਕੇ ਕੁਝ ਅਸਪਸ਼ਟ ਸ਼ਬਦ ਲਿਆਂਦੇ ਜਾ ਰਹੇ ਹਨ, ਜਿਵੇਂ ਮਾਲਕ ਇਹ ਸੁਨਿਸਚਿਤ ਕਰੇਗਾ ਕਿ "ਯਥਾਂ ਸੰਭਵ ਵਿਓਪਾਰਕ ਤੌਰ 'ਤੇ" ਪਦਾਰਥ ਸੁਰੱਖਿਅਤ ਹੈ। ਭਾਵ ਸਾਫ਼ ਕਿ ਹਕੂਮਤ ਦੀ ਜ਼ਿੰਮੇਵਾਰੀ ਪਹਿਲਾਂ ਸੰਵਿਧਾਨ 'ਚ ਦਰਜ ਅਧਿਕਾਰਾਂ ਮੁਤਾਬਕ ਮਜ਼ਦੂਰਾਂ ਦੀ ਸਿਹਤ ਅਤੇ ਜ਼ਿੰਦਗੀ ਨੂੰ ਸੁਰੱਖਿਅਤ ਕਰਨ ਦੀ ਹੁੰਦੀ ਸੀ ਅਤੇ ਇਹ ਮਾਲਕਾਂ (ਪੂੰਜੀਪਤੀਆਂ) ਅਤੇ ਮਜ਼ਦੂਰਾਂ 'ਚ ਇਕ ਨਿਰਣਾਇਕ ਭੂਮਿਕਾ ਨਿਭਾਉਣ ਦੀ ਦਾਅਵੇਦਾਰ ਹੁੰਦੀ ਸੀ। ਹੁਣ ਸਨਅਤੀ ਅਦਾਰਿਆਂ ਨੂੰ ਇਹ ਖੁੱਲ੍ਹਾਂ ਦੇ ਕੇ ਮਜ਼ਦੂਰਾਂ ਦੀ ਜ਼ਿੰਦਗੀ ਨੂੰ ਖਤਰੇ 'ਚ ਸੁੱਟਿਆ ਜਾ ਰਿਹਾ ਹੈ। ਦਲੀਲ ਇਹ ਦਿੱਤੀ ਜਾ ਰਹੀ ਹੈ ਕਿ ਵਧੇਰੇ ਅਤੇ ਤੇਜ਼ ਉਤਪਾਦਨ ਦੇ ਰਾਹ 'ਚ ਇਹ ਰੁਕਾਵਟਾਂ ਦੂਰ ਹੋਣੀਆਂ ਚਾਹੀਦੀਆਂ ਹਨ ਭਾਵ ਮਜ਼ਦੂਰਾਂ ਦੀ ਜ਼ਿੰਦਗੀ ਖਤਰੇ 'ਚ ਪੈ ਜਾਵੇ ਪਰ ਪੂੰਜੀਪਤੀਆਂ ਦਾ ਮੁਨਾਫ਼ਾ ਪ੍ਰਭਾਵਿਤ ਨਾ ਹੋਵੇ। ਇਉਂ ਉਨ੍ਹਾਂ ਅਦਾਰਿਆਂ ਨੂੰ, ਜਿਹੜੇ ਖਤਰਨਾਕ ਪਦਾਰਥਾਂ ਦੀ ਵਰਤੋਂ ਅਤੇ ਉਤਪਾਦਨ ਕਰਦੇ ਹਨ, ਖੁੱਲ੍ਹੀ ਹਕੂਮਤੀ ਮਦਤ ਦੇਣਾ।

• ਅਜੇ ਤੱਕ ਜਿਹੜੇ ਕਾਨੂੰਨ ਸਨ ਉਨ੍ਹਾਂ 'ਚ ਔਰਤ ਕਿਰਤੀਆਂ ਲਈ ਸ਼ਾਮ 7 ਵਜੇ ਪਿਛੋਂ ਰਾਤ ਦੀ ਸ਼ਿਫਟ 'ਚ ਕੰਮ ਕਰਨ ਦੀ ਮਨਾਹੀ ਸੀ। ਹੁਣ ਜਿਹੜੇ ਬਦਲਾਅ ਸੁਝਾਏ ਜਾ ਰਹੇ ਹਨ ਮੁਤਾਬਕ ਜੇ ਰਾਜ ਸਰਕਾਰ 'ਲੋੜੀਂਦੀ ਸੁਰੱਖਿਆ ਵਿਵਸਥਾ ਤੋਂ ਸੰਤੁਸ਼ਟ' ਹੈ ਤਾਂ ਉਹਨਾਂ ਨੂੰ ਕੰਮ ਉਤੇ ਲਾਇਆ ਜਾ ਸਕਦਾ ਹੈ। ਜਿਵੇਂ ਕੱਪੜਾ ਉਦਯੋਗ ਵਰਗੇ ਹੋਰ ਕਈ ਉਦਯੋਗਾਂ 'ਚ ਜਿਥੇ ਘੱਟ ਤਨਖਾਹ ਅਤੇ ਤੇਜ਼ ਰਫ਼ਤਾਰ ਨਾਲ ਕੰਮ ਕਰਨ ਦੇ ਲਈ ਔਰਤ ਕਿਰਤੀਆਂ ਦੀ ਲੋੜ ਪੈਂਦੀ ਹੈ ਇਸ ਸੋਧ ਨਾਲ ਉਹਨਾਂ ਮਾਲਕਾਂ ਅਤੇ ਸਨਅਤੀ ਅਦਾਰਿਆਂ ਨੂੰ ਲੁੱਟ ਦੀ ਹੋਰ ਖੁੱਲ੍ਹ ਮਿਲ ਜਾਵੇਗੀ। ਵੈਸੇ ਵੀ ਇਨ੍ਹਾਂ ਅਦਾਰਿਆਂ 'ਚ ਦਿਨ ਦੀ ਸ਼ਿਫਟ ਵੇਲੇ ਵੀ ਔਰਤ ਕਾਮੇ ਪਹਿਲਾਂ ਹੀ ਅਸੁਰੱਖਿਅਤਾ ਮਹਿਸੂਸ ਕਰਦੇ ਸਨ ਅਤੇ ਰਾਤ ਦੀ ਸ਼ਿਫਟ 'ਚ ਹੋਰ ਵਧੇਰੇ ਅਸੁਰੱਖਿਅਤਾ ਵਧ ਜਾਵੇਗੀ।

• ਅਣਟਰੇਂਡ ਕਾਨੂੰਨ ਵਿਚ ਵੀ 'ਮਜ਼ਦੂਰ' ਦੀ ਪਰਿਭਾਸ਼ਾ ਨੂੰ ਬਦਲ ਦਿੱਤਾ ਗਿਆ ਹੈ ਅਤੇ ਇਸ 'ਚ ਹਰ ਤਰ੍ਹਾਂ ਦੇ ਕੈਜ਼ੁਅਲ ਠੇਕਾ, ਰੋਜ਼ਾਨਾ ਦਿਹਾੜੀਦਾਰ ਅਤੇ ਇਥੋਂ ਤੱਕ ਕਿ ਮਿਆਦੀ ਮਜ਼ਦੂਰਾਂ ਨੂੰ ਵੀ ਸ਼ਾਮਲ ਕੀਤਾ ਜਾ ਰਿਹਾ ਹੈ ਤਾਂ ਕਿ ਉਨ੍ਹਾਂ ਸਾਰਿਆਂ ਦੀ ਗਿਣਤੀ ਦੇ ਆਧਾਰ ਉਤੇ ਇਸ ਆਰਡੀਨੈਂਸ ਵਿਚਲੀਆਂ ਮੱਦਾਂ ਦੇ ਹੇਠ ਹੋਰ ਜ਼ਿਆਦਾ ਅਣਟਰੇਂਡ ਮਜ਼ਦੂਰਾਂ ਨੂੰ ਰੱਖ ਸਕਣ। ਕਿਉਂਕਿ ਕੁਲ ਮਿਲਾ ਕੇ ਇਹ ਅਣਟਰੇਂਡ ਨੌਜਵਾਨ ਮਿਹਨਤੀ ਹੁੰਦੇ ਹਨ ਅਤੇ ਉਨ੍ਹਾਂ ਤੋਂ ਬਹੁਤ ਘੱਟ ਦਿਹਾੜੀ (ਉਜਰਤ) ਉਤੇ ਕੰਮ ਲਿਆ ਜਾ ਸਕਦਾ ਹੈ। ਅਜਿਹੇ ਅਣਟਰੇਂਡ ਮਜ਼ਦੂਰਾਂ ਨੂੰ ਹਮੇਸ਼ਾ ਇਹ ਡਰ ਵਿਖਾਇਆ ਜਾਂਦਾ ਹੈ ਕਿ ਮਾਲਕਾਂ ਦੀ ਹੁਕਮ ਅਦੂਲੀ ਕਰਨ ਉਤੇ ਉਹਨੂੰ ਸਿੱਖਿਅਕ ਸਰਟੀਫਿਕੇਟ ਨਹੀਂ ਮਿਲੂਗਾ।

• ਘੱਟੋ-ਘੱਟ ਮਜ਼ਦੂਰੀ ਐਕਟ ਵਿਚ ਪ੍ਰਸਤਾਵਿਤ ਸੋਧਾਂ ਵਿਚ ਅਜਿਹਾ ਕੋਈ ਠੋਸ ਪ੍ਰਸਤਾਵ ਨਹੀਂ ਹੈ ਜਿਸ ਤੋਂ ਇਹ ਸੁਨਿਸਚਿਤ ਕੀਤਾ ਜਾ ਸਕੇ ਕਿ ਉਦਯੋਗਾਂ ਦੀ ਸਰਕਾਰ ਵਲੋਂ ਐਲਾਨੀ ਸੂਚੀ ਵਿਚ ਸ਼ਾਮਲ ਉਦਯੋਗਾਂ 'ਚ ਕੰਮ ਕਰਨ ਵਾਲੇ ਲੱਖਾਂ ਮਜ਼ਦੂਰਾਂ ਨੂੰ ਹਕੀਕੀ ਰੂਪ ਤਹਿ ਰਾਸ਼ੀ ਮਿਲੇਗੀ। ਇਕ ਪਾਸੇ ਮੁਦਰਾਸਫੀਤੀ ਦੇ ਚਲਦਿਆਂ ਹਰ ਮਹੀਨੇ ਕੀਮਤਾਂ ਅਸਮਾਨੀ ਲੱਗ ਗਈਆਂ ਹਨ, ਪੂੰਜੀਪਤੀ ਅਤੇ ਸਰਕਾਰ ਖੁਦ ਗੈਸ, ਤੇਲ, ਪੈਟਰੋਲ, ਕੋਲਾ, ਰੇਲ ਕਿਰਾਏ ਅਤੇ ਹੋਰ ਪਦਾਰਥਾਂ, ਸੇਵਾਵਾਂ ਦੀਆਂ ਕੀਮਤਾਂ ਲਗਾਤਾਰ ਵਧਾਉਂਦੇ ਆ ਰਹੇ ਹਨ ਅਤੇ ਵਧਾਈ ਜਾ ਰਹੇ ਹਨ ਪਰ ਮਜ਼ਦੂਰਾਂ ਲਈ ਨਿਯਮਤ ਮਜ਼ਦੂਰੀ ਉਜਰਤ ਵਿਚ ਵਾਧਾ ਕਰਨ ਲਈ 5 ਸਾਲ ਦੀ ਸੀਮਾ ਤੈਅ ਕੀਤੀ ਹੋਈ ਹੈ। ਤੇਲ ਦੀਆਂ ਕੀਮਤਾਂ ਹਰ ਰੋਜ਼ ਵਧਦੀਆਂ ਹਨ ਜਿਸ ਦਾ ਪ੍ਰਭਾਵ ਪੂਰੀ ਮੰਡੀ ਉਤੇ ਪੈਂਦਾ ਹੈ। ਮਜ਼ਦੂਰ ਵੀ ਪ੍ਰਭਾਵਿਤ ਹੁੰਦੇ ਹਨ ਪਰ ਮਜ਼ਦੂਰ ਦੀ ਉਜਰਤ ਪੰਜ ਸਾਲ ਤੋਂ ਪਹਿਲਾਂ ਨਹੀਂ ਵਧ ਸਕਦੀ। ਹਕੂਮਤ ਅਤੇ ਪੂੰਜੀਵਾਦੀ ਪ੍ਰਬੰਧ ਲਈ ਮਜ਼ਦੂਰ ਸਭ ਤੋਂ ਸਸਤੀ ਅਤੇ ਬੇਲੋੜੀ ਚੀਜ਼ ਹੈ।

ਇਹ ਜਿਹੜੇ ਕਿਰਤੀ ਕਾਨੂੰਨਾਂ 'ਚ ਨਵੀਆਂ ਸੋਧਾਂ ਆ ਰਹੀਆਂ ਹਨ ਇਹ ਪੂੰਜੀਪਤੀ/ਕਾਰਪੋਰੇਟ ਘਰਾਣਿਆਂ ਅਤੇ ਸਨਅਤੀ ਘਰਾਣਿਆਂ ਦੇ ਹੱਕ 'ਚ ਭੁਗਤਦੀਆਂ ਹਨ ਅਤੇ ਉਨ੍ਹਾਂ ਦੇ ਫਾਇਦੇ ਲਈ ਹੈ। ਇਹ ਹੈ 'ਨਿਊਨਤਮ ਸਰਕਾਰ', ਅਧਿਕਤਮ ਹਕੂਮਤ।' ਹੁਣ ਤੱਕ ਜਿਹੜਾ ਕੰਮ ਕਿਰਤ ਵਿਭਾਗ ਦੀਆਂ ਅੱਖਾਂ ਸਾਹਮਣੇ ਗੈਰ ਕਾਨੂੰਨੀ ਢੰਗ ਨਾਲ ਕੀਤਾ ਜਾ ਰਿਹਾ ਸੀ ਹੁਣ ਉਹਨੂੰ ਕਾਨੂੰਨੀ ਰੂਪ ਦਿੱਤਾ ਜਾ ਰਿਹਾ ਹੈ ਅਤੇ ਕਿਰਤ ਵਿਭਾਗ ਜਿਹਨੂੰ ਇਸਪੈਕਟਰੀ ਰਾਜ ਕਿਹਾ ਜਾਂਦਾ ਸੀ ਖਤਮ ਕੀਤਾ ਜਾ ਰਿਹਾ ਹੈ ਅਤੇ ਮਜ਼ਦੂਰਾਂ ਨੂੰ ਪੂੰਜੀ ਦੇ ਨਿਰਦਈਪੁਣੇ ਦੀ ਭੇਂਟ ਚੜ੍ਹਾਇਆ ਜਾ ਰਿਹਾ ਹੈ। ਇਨ੍ਹਾਂ ਸੋਧਾਂ ਦਾ ਮਤਲਬ ਸਾਫ਼ ਕਿ ਮਜ਼ਦੂਰਾਂ ਨੂੰ ਘੱਟ ਤੋਂ ਘੱਟ ਦਿਓ ਅਤੇ ਵੱਧ ਤੋਂ ਵੱਧ ਕੰਮ ਲਓ, ਇਹਦੇ ਰਾਹ 'ਚ ਜਿਹੜੀਆਂ ਰੁਕਾਵਟਾਂ ਹਨ ਉਨ੍ਹਾਂ ਨੂੰ ਪਾਸੇ ਕਰ ਦਿਓ। ਇਹ ਸਿਰਫ਼ ਅਜੇ ਪਹਿਲੇ ਪੜਾਅ ਦੀ ਸ਼ੁਰੂਆਤ ਹੀ ਹੈ।

ਇਸ ਕੰਮ ਦੀ ਹੁਣੇ ਹੁਣੇ ਪਹਿਲ ਕੀਤੀ ਹੈ ਰਾਜਸਥਾਨ ਦੀ ਸਰਕਾਰ ਨੇ। ਉਥੇ ਸਰਕਾਰ ਦੀ ਵਾਗਡੋਰ ਭਾਜਪਾ ਦੇ ਹੱਥ ਹੈ। ਉਨ੍ਹਾਂ 5 ਜੂਨ ਨੂੰ ਰੋਜ਼ਗਾਰ ਵਧਾਉਣ ਅਤੇ ਨਿਵੇਸ਼ ਵਿਚ ਹੋਰ ਵੱਧ ਰਾਸ਼ੀ ਖਿੱਚਣ ਦੇ ਮੰਤਵ ਹਿੱਤ ਕਿਰਤ ਕਾਨੂੰਨ ਨੂੰ ਲਚਕੀਲਾ ਬਣਾਉਣਾ ਜ਼ਰੂਰੀ ਲੋੜ ਸਮਝਿਆ ਅਤੇ ਇਸ ਮੰਤਵ ਲਈ ਤਿੰਨ ਕਿਰਨ ਕਾਨੂੰਨ : 1. ਉਦਯੋਗਿਕ ਵਿਵਾਦ ਕਾਨੂੰਨ 1947, 2. ਕਾਰਖਾਨਾ ਕਾਨੂੰਨ 1948, 3. ਠੇਕਾ ਕਿਰਤ ਕਾਨੂੰਨ 180 ਵਿਚ ਸੋਧਾਂ ਲਈ ਮਨਜ਼ੂਰੀ ਦਾ ਬਿੱਲ ਪਾਸ ਕਰ ਦਿੱਤਾ ਹੈ। ਜਿਸ ਨੂੰ ਕੈਬਨਿਟ ਦੀ ਮਨਜ਼ੂਰੀ ਪਿਛੋਂ ਵਿਧਾਨ ਸਭਾ ਤੇ ਰਾਜਪਾਲ ਦੀ ਮੋਹਰ ਲਗ ਕੇ ਕਾਨੂੰਨ ਬਣਾ ਦਿੱਤਾ ਜਾਣਾ ਹੈ।

ਪਹਿਲੇ ਉਦਯੋਗਿਕ ਵਿਵਾਦ ਕਾਨੂੰਨ 1948 ਵਿਚ ਕੀਤੀਆਂ ਗਈਆਂ ਸੋਧਾਂ ਅਨੁਸਾਰ ਧਾਰਾ 5-ਬੀ ਮੁਤਾਬਕ ਪਹਿਲਾਂ ਇਹ ਸੀ ਕਿ ਜਿਥੇ 100 ਮਜ਼ਦੂਰ ਕੰਮ ਕਰਦੇ ਸਨ ਅਜਿਹੇ ਅਦਾਰਿਆਂ 'ਚ ਪੂੰਜੀਪਤੀ-ਕੇ. ਐਫ., ਛਾਂਟੀ ਜਾਂ ਫੈਕਟਰੀ ਨੂੰ ਬੰਦ ਕਰਨ ਤੋਂ ਪਹਿਲਾਂ ਰਾਜ ਸਰਕਾਰ ਤੇ ਕਿਰਤ ਵਿਭਾਗ ਤੋਂ ਮਨਜ਼ੂਰੀ ਲੈਣੀ ਲਾਜ਼ਮੀ ਹੁੰਦੀ ਸੀ। ਸਰਕਾਰ ਨੇ ਇਹ ਸੀਮਾ ਵਧਾ ਕੇ 300 ਮਜ਼ਦੂਰਾਂ ਤੱਕ ਕਰ ਦਿੱਤੀ ਹੈ। ਯਾਦ ਰਹੇ ਕਦੀ ਕਿਸੇ ਫੈਕਟਰੀ ਮਾਲਕ ਨੇ ਕਾਗਜ਼ਾਂ 'ਚ



ਆਪਣੀ ਫੈਕਟਰੀ 'ਚ ਕੰਮ ਕਰਦੇ ਮਜ਼ਦੂਰਾਂ ਦੀ ਸਹੀ ਗਿਣਤੀ ਨਹੀਂ ਦੱਸੀ ਹੁੰਦੀ। ਭਾਵ ਜੇ 100 ਮਜ਼ਦੂਰ ਕੰਮ ਕਰਦੇ ਹੋਣ ਤਾਂ ਮਾਲਕ ਸਿਰਫ਼ 10 ਮਜ਼ਦੂਰ ਹੀ ਸਥਾਈ ਤੌਰ 'ਤੇ ਕੰਮ ਕਰਦੇ ਦਿਖਾਉਂਦੇ ਹਨ। ਇਹ ਕਈ ਝੰਜਟਾਂ 'ਚੋਂ ਬਚਨ ਲਈ ਹੁੰਦਾ ਹੈ। ਉਨ੍ਹਾਂ ਦੀ ਇਕ ਵੱਡੀ ਫੈਕਟਰੀ ਆਪਣੇ ਕੰਮ ਨੂੰ ਛੋਟੀਆਂ-ਛੋਟੀਆਂ ਇਕਾਈਆਂ 'ਚ ਵੰਡ ਕੇ ਕੰਮ ਕਰਦੇ ਹਨ ਤਾਂ ਕਿ ਕਾਨੂੰਨ ਦੀ ਬੰਦਿਸ਼ 100 ਮਜ਼ਦੂਰਾਂ ਵਾਲੀ ਤੋਂ ਬਚਿਆ ਜਾ ਸਕੇ ਅਤੇ ਅੱਗੇ ਉਨ੍ਹਾਂ ਨੂੰ ਵੀ ਠੇਕੇ ਉਤੇ ਚਾੜ੍ਹਿਆ ਹੁੰਦਾ ਹੈ। ਗਾਰਮੈਂਟ ਅਤੇ ਆਟੋ ਮੋਬਾਇਲ, ਸਾਈਕਲ ਜਾਂ ਸਿਲਾਈ ਮਸ਼ੀਨਰੀ ਵਿਚ ਰਵਾਇਤ ਚਲਦੀ ਹੈ।

• ਦੂਸਰੀ ਸੋਧ ਜਿਹੜੀ ਕੀਤੀ ਹੈ ਉਸ ਮੁਤਾਬਕ ਯੂਨੀਅਨ ਨੂੰ ਮਾਨਤਾ ਤਾਂ ਮਿਲੇਗੀ ਜੇ 30 ਫੀਸਦੀ ਮਜ਼ਦੂਰ ਮੈਂਬਰ ਹੋਣ ਤਾਂ। ਪਹਿਲਾਂ ਇਹ ਸ਼ਰਤ 15 ਫੀਸਦੀ ਤੱਕ ਸੀ। ਪ੍ਰਬੰਧਕੀ ਜ਼ਾਬਰ ਰਵੱਈਏ, ਅਸਥਾਈ ਨੌਕਰੀ ਦੀ ਲਟਕਦੀ ਤਲਵਾਰ ਜਾਂ ਰੋਟੀ ਰੋਜ਼ੀ ਦੀ ਸਮੱਸਿਆ 'ਚ ਜਿਥੇ ਉਹ ਪਹਿਲਾਂ ਹੀ ਘੱਟ ਉਜਰਤ ਉਤੇ ਕੰਮ ਕਰ ਰਹੇ ਹੁੰਦੇ ਹਨ, ਉਥੇ ਯੂਨੀਅਨ ਮੈਂਬਰ ਬਣਨ ਤੋਂ ਵੀ ਡਰਦੇ ਹਨ ਅਤੇ ਉਨ੍ਹਾਂ ਦੀਆਂ ਸਰਗਰਮੀਆਂ 'ਚ ਸ਼ਾਮਲ ਹੋਣ ਤੋਂ ਸੰਕੋਚ ਕਰਦੇ ਹਨ। ਨਵੇਂ ਕਾਨੂੰਨ ਮੁਤਾਬਕ ਹੁਣ ਮਜ਼ਦੂਰਾਂ ਦੇ ਹੱਕਾਂ ਦੀ ਰਾਖੀ ਕਰਨ ਵਾਲੀਆਂ ਯੂਨੀਅਨਾਂ ਬਣਾਉਣਾ ਆਸਾਨ ਨਹੀਂ ਰਹੇਗਾ। ਹਾਂ ਫੈਕਟਰੀ ਮਾਲਕਾਂ ਦੀਆਂ ਸ਼ਰਤਾਂ ਪੂਰੀਆਂ ਕਰਨ ਵਾਲੀਆਂ ਉਨ੍ਹਾਂ ਦੀਆਂ ਹੱਥ ਠੋਕਾ ਮਜ਼ਦੂਰ ਜਥੇਬੰਦੀਆਂ ਨੂੰ ਉਤਸ਼ਾਹ ਮਿਲੇਗਾ। ਇਹ ਹੈ ਪੂੰਜੀਪਤੀਆਂ ਦੇ ਹਿੱਤਾਂ ਦੀ ਰਾਖੀ।

• ਕਿਰਤ ਕਾਨੂੰਨ 'ਚ ਇਕ ਹੋਰ ਸੋਧ ਮੁਤਾਬਕ ਸਨਅਤ ਮਾਲਕ ਅਤੇ ਮਜ਼ਦੂਰ ਦਰਮਿਆਨ ਕਿਸੇ ਵੀ ਵਿਵਾਦ ਦੇ ਨਿਪਟਾਰੇ ਲਈ ਸਮਾਂ ਸੀਮਾ ਤਿੰਨ ਸਾਲ ਨਿਰਧਾਰਤ ਕੀਤੀ ਗਈ ਹੈ। ਪਹਿਲਾਂ ਇਹ ਦੀ ਕੋਈ ਸੀਮਾ ਨਹੀਂ ਸੀ। ਕਿਰਤੀ ਅਤੇ ਮਾਲਕ ਦਰਮਿਆਨ ਅਜਿਹੇ ਕੇਸ ਅਦਾਲਤਾਂ ਤੇ ਕਿਰਤ ਵਿਭਾਗ 'ਚ ਸਾਲਾਂਬੱਧੀ ਰੁਲ ਦੇ ਰਹਿੰਦੇ ਹਨ। ਟਰੇਡ ਯੂਨੀਅਨਾਂ ਅਤੇ ਮਜ਼ਦੂਰ ਸੰਗਠਨਾਂ ਨੇ ਅਜਿਹੇ ਮਾਮਲਿਆਂ 'ਚ ਸਮਾਂ ਨਿਰਧਾਰਤ ਕਰਨ ਦੀ ਮੰਗ ਰੱਖੀ ਸੀ। ਜਿਸ ਨੂੰ ਤਿੰਨ ਸਾਲ ਕੀਤਾ ਗਿਆ ਹੈ ਪਰ ਇਹ ਵੀ ਵੱਧ ਹੈ। ਇਕ ਸਰੀਰ ਵੇਚਣ ਵਾਲਾ ਕਿੰਨੇ ਦਿਨ ਅਦਾਲਤਾਂ ਦੇ ਭੇਂਟ ਕਰੇਗਾ ਅਤੇ ਉਹਦਾ ਨੁਕਸਾਨ ਸਹਿਣ ਕਰੇਗਾ। ਮਾਲਕ ਤਾਂ ਆਪਣੇ ਵਕੀਲਾਂ ਰਾਹੀਂ ਕੇਸ ਲੰਬਾ ਕਰਨਾ ਚਾਹੁਣਗੇ ਹੀ। ਇਸ ਸੋਧ ਵਿਚ ਇਕ ਹੋਰ ਪੱਖ ਹੈ ਉਹ ਹੈ ਕਿ ਮਜ਼ਦੂਰ ਤਿੰਨ ਸਾਲ ਦੇ ਅੰਦਰ ਅੰਦਰ ਹੀ ਮਾਲਕ ਉਤੇ ਕੇਸ ਲੇਬਰ ਕੋਰਟ ਜਾਂ ਕੋਰਟ 'ਚ ਲਿਆ ਸਕੇਗਾ। ਇਹ ਮੁੱਢੋਂ ਹੀ ਮਜ਼ਦੂਰ ਵਿਰੋਧੀ ਹੈ ਅਤੇ ਪੂੰਜੀਪਤੀਆਂ ਦੇ ਹੱਕ 'ਚ ਹੈ। ਦੋਹਾਂ ਰੂਪਾਂ 'ਚ ਹੀ ਇਹ ਪੂੰਜੀਪਤੀਆਂ ਦੇ ਹੀ ਪੱਖੀ ਹੈ ਮਜ਼ਦੂਰ ਵਿਰੋਧੀ।

• ਕਾਰਖਾਨਾ ਕਾਨੂੰਨ 1948 'ਚ ਜਿਹੜੀ ਸੋਧ ਪਾਸ ਕੀਤੀ ਗਈ ਹੈ ਉਸ ਮੁਤਾਬਕ ਜਿਸ ਅਦਾਰੇ 'ਚ 40 ਤੋਂ ਘੱਟ ਮਜ਼ਦੂਰ ਕੰਮ ਕਰਦੇ ਹਨ ਉਨ੍ਹਾਂ ਨੂੰ ਲਾਇਸੈਂਸ ਲੈਣ ਦੀ ਲੋੜ ਨਹੀਂ ਅਤੇ ਉਹ ਕਿਰਤ ਕਾਨੂੰਨਾਂ ਦੇ ਘੇਰੇ ਵਿਚ ਵੀ ਨਹੀਂ ਆਉਣਗੇ। ਪਹਿਲਾਂ ਇਹ ਗਿਣਤੀ ਦੀ ਸੀਮਾ 20 ਤੱਕ ਸੀ। ਅਸੀਂ ਵੇਖਦੇ ਹਾਂ ਕਿ ਹਜ਼ਾਰਾਂ ਲੱਖਾਂ ਛੋਟੇ-ਛੋਟੇ ਅਦਾਰੇ ਕੰਮ ਕਰਦੇ ਹਨ। ਵੱਡੇ ਅਦਾਰੇ ਵੀ ਜਿਵੇਂ ਹੌਜਰੀ 'ਚ ਹੈ ਬੜੀ ਅਸਾਨੀ ਨਾਲ ਬਿਨਾਂ ਲਾਇਸੈਂਸ ਲਏ ਆਪਣਾ ਕਾਰੋਬਾਰ ਚਲਾਈ ਜਾਣਗੇ ਕਿਉਂਕਿ ਉਨ੍ਹਾਂ 40 ਮਜ਼ਦੂਰਾਂ ਤੋਂ ਘੱਟ ਮਜ਼ਦੂਰਾਂ ਦੇ ਛੋਟੇ ਯੂਨਿਟ ਬਣਾ ਕੇ ਕੰਮ ਵੰਡ ਲੈਣਾ ਹੈ ਅਤੇ ਇਹ ਵੀ ਮਜ਼ਦੂਰਾਂ ਦੇ ਹਿਤੂ ਨਹੀਂ ਵਿਰੋਧੀ ਹੀ ਹੈ। ਪੂੰਜੀਪਤੀਆਂ ਨੂੰ ਮਜ਼ਦੂਰਾਂ ਦੀ ਲੁੱਟ ਦੀ ਖੁੱਲ੍ਹ ਦੇਣੀ ਹੀ ਹੈ। ਇਕੱਲੇ ਰਾਜਸਥਾਨ 'ਚ ਹੁਣੇ ਹੀ 3000 ਕਾਰਖਾਨੇ ਕੰਟਰੋਲ ਮੁਕਤ ਹੋ ਗਏ ਹਨ।

• ਠੇਕਾ ਮਜ਼ਦੂਰੀ (ਰੋਕਣਾ ਅਤੇ ਖਤਮ ਕਰਨਾ) ਕਾਨੂੰਨ 1970 ਵਿਚ ਸੋਧ ਪਾਸ ਕਰਕੇ ਠੇਕਾ ਮਜ਼ਦੂਰਾਂ ਦੀ ਗਿਣਤੀ 50 ਕਰਨ ਦੀ ਸਿਫਾਰਸ਼ ਕੀਤੀ ਹੈ। ਜਦਕਿ ਦੇਸ਼ ਭਰ 'ਚ ਮੰਗ ਸੀ ਕਿ ਠੇਕਾ ਮਜ਼ਦੂਰੀ ਖਤਮ ਹੋਣੀ ਚਾਹੀਦੀ ਹੈ। ਸਰਕਾਰ ਨੇ ਇਸ ਕਾਨੂੰਨ ਨਾਲ ਛੂਟੀ ਦੇ ਦਿੱਤੀ ਹੈ ਕਿ ਉਹ ਇਕ ਇਕਾਈ 'ਚ 50 ਠੇਕੇ ਉਤੇ ਮਜ਼ਦੂਰ ਰੱਖਣ ਲਈ ਮੁਕਤ ਹਨ। ਮਾਲਕ ਇਕ ਇਕ ਠੇਕੇਦਾਰ ਨੂੰ 50-50 ਮਜ਼ਦੂਰਾਂ ਦੀਆਂ ਇਕਾਈਆਂ 'ਚ ਕੰਮ ਦੇ ਦੇਣਗੇ। ਇਹ ਠੇਕਾ ਮਜ਼ਦੂਰ ਪ੍ਰਥਾ ਨੂੰ ਉਤਸ਼ਾਹਿਤ ਕਰਨਾ ਹੀ ਹੈ।

• ਬੇਸ਼ੱਕ ਇਹ ਰਾਜਸਥਾਨ ਦੀ ਭਾਜਪਾ ਸਰਕਾਰ ਨੇ ਲਿਆਂਦਾ ਹੈ ਪਰ ਇਹ ਕੇਂਦਰੀ ਹਕੂਮਤ ਦੀ ਨੀਤੀ ਦਾ ਹਿੱਸਾ ਹੈ। ਮਸਲਨ ਇਉਂ ਕੇਂਦਰ ਦੇਸ਼ ਭਰ ਵਿਚ ਮਜ਼ਦੂਰਾਂ ਦੇ ਇਕ ਦੇਸ਼ ਵਿਆਪੀ ਰੋਸ ਵਿਰੋਧ ਤੋਂ ਮੁਕਤ ਹੋ ਜਾਵੇਗਾ ਅਤੇ ਰਾਜ ਸਰਕਾਰਾਂ ਦੇ ਰਾਹੀਂ ਸਹਿਜੇ ਸਹਿਜੇ ਕਿਰਤ ਕਾਨੂੰਨਾਂ ਨੂੰ ਪੇਤਲੇ ਕਰਕੇ ਪੂੰਜੀਪਤੀਆਂ ਨੂੰ ਰਿਆਇਤਾਂ ਦੇਣ ਅਤੇ ਮਜ਼ਦੂਰਾਂ ਲਈ ਔਖੀਆਂ ਹਾਲਤਾਂ ਮੁਹੱਈਆ ਕਰਨ ਵਲ ਵਧੇਗਾ ਇਉਂ ਜੇ ਰਾਜ ਸਰਕਾਰਾਂ ਅਜਿਹੇ ਫੈਸਲੇ ਲੈ ਲੈਂਦੀਆਂ ਹਨ ਤਾਂ ਕੇਂਦਰੀ ਕਿਰਤ ਕਾਨੂੰਨ ਜਿਹੜੇ ਕੇਂਦਰ ਸਰਕਾਰ ਵਲੋਂ ਲਾਗੂ ਹਨ, ਵੀ ਥੋਥੇ ਬਣ ਕੇ ਰਹਿ ਜਾਣਗੇ। ਪੂੰਜੀ ਨੂੰ ਰਾਜ ਕਰਨ ਦਾ ਵੱਲ ਹੈ। ਉਹ ਇਉਂ ਮਜ਼ਦੂਰਾਂ 'ਚ ਰਾਜ ਖੇਤਰਾਂ ਦੇ ਵਖਰੇਵੇਂ ਵੀ ਵਧਾ ਦੇਵੇਗਾ। ਇਕ ਜੁਟ ਮਜ਼ਦੂਰ ਤਾਕਤ ਨੂੰ ਖਿੰਡਾਉਣ ਦੀ ਨਵੀਂ ਖੇਡ। ਪੂੰਜੀਪਤੀਆਂ ਅਤੇ ਸਨਅਤਕਾਰਾਂ ਦੀ ਕੁੱਲ ਹਿੰਦ ਜਥੇਬੰਦੀ ਫਿੱਕੀ ਨੇ ਰਾਜਸਥਾਨ ਦੀ ਸਰਕਾਰ ਵਲੋਂ ਕਿਰਤ ਕਾਨੂੰਨਾਂ 'ਚ ਕੀਤੀਆਂ ਗਈਆਂ ਇਨ੍ਹਾਂ ਸੋਧਾਂ ਦੀ ਰੱਜ ਕੇ ਪ੍ਰਸੰਸ਼ਾ ਕੀਤੀ ਹੈ। ਉਨ੍ਹਾਂ ਦਾ ਬਿਆਨ ਸੀ ਕਿ 'ਇਉਂ ਰਾਜ ਵਿਚ ਪੂੰਜੀ ਨਿਵੇਸ਼ ਨੂੰ ਖੁੱਲ੍ਹਾ ਮੌਕਾ ਮਿਲੇਗਾ।" ਸਾਫ਼ ਹੈ ਕਿ ਪੂੰਜੀਪਤੀ ਪੈਸਾ ਉਸ ਰਾਜ 'ਚ ਹੀ ਲਾਉਣਾ ਚਾਹੁੰਦਾ ਹੈ ਜਿਥੇ ਉਸਦੀ ਪੂੰਜੀ ਸੁਰੱਖਿਅਤ ਵੀ ਰਹੇ ਅਤੇ ਵੱਧ ਤੋਂ ਵੱਧ ਮੁਨਾਫ਼ਾ ਵੀ ਆਰਜਿਤ ਕਰੇ। ਸਸਤੀ ਮਜ਼ਦੂਰੀ ਅਤੇ ਹੜਤਾਲਾਂ ਮੁਜ਼ਾਹਰਿਆਂ ਤੋਂ ਮੁਕਤ ਮਾਹੌਲ, ਕਾਨੂੰਨੀ ਤੇ ਇੰਸਪੈਕਟਰੀ ਰਾਜ ਤੋਂ ਮੁਕਤੀ ਪੂੰਜੀਪਤੀ ਜਮਾਤ ਦੀਆਂ ਲੋੜਾਂ ਹਨ। ਪੂੰਜੀਪਤੀ ਚਾਹੁਣਗੇ ਕਿ ਉਨ੍ਹਾਂ ਨੂੰ ਸਸਤੀ ਮਜ਼ਦੂਰੀ ਉਤੇ ਵੱਧ ਤੋਂ ਵੱਧ ਕੰਮ ਦੇਣ ਵਾਲੀਆਂ ਮਨੁੱਖੀ ਮਸ਼ੀਨਾਂ ਚਾਹੀਦੀਆਂ ਹਨ ਜਿਨ੍ਹਾਂ ਤੋਂ ਕੰਮ ਲੈ ਕੇ ਪਾਸੇ ਕਰ ਦਿਓ (ਭਾਵ ਯੂਜ਼ ਐਂਡ ਥਰੋਅ) ਇਹ ਸਭ ਤੋਂ ਸੌਖੇਰਾ ਢੰਗ ਠੇਕਾ ਮਜ਼ਦੂਰੀ ਹੀ ਹੈ। ਹਰਿਆਣਾ ਵਿਚ ਵੀ ਮਾਰੂਤੀ ਸਾਜ਼ੂਕੀ ਜਾਂ ਹੌਂਡਾ ਮਜ਼ਦੂਰਾਂ ਦੀਆਂ ਹੜਤਾਲਾਂ ਸਮੇਂ ਅਣਐਲਾਨੇ ਕਾਨੂੰਨਾਂ ਰਾਹੀਂ ਵਿਦੇਸ਼ੀ ਪੂੰਜੀ ਨਿਵੇਸ਼ ਲਈ, 'ਮਜ਼ਦੂਰਾਂ ਦੀਆਂ ਹੜਤਾਲਾਂ ਨੂੰ ਕੁਚਲ ਕੇ ਉਚਿਤ ਮਾਹੌਲ ਤੇ ਸੁਰੱਖਿਆ ਮੁਹੱਈਆ ਕਰਵਾਈ ਸੀ ਤੇ ਜਾਰੀ ਹੈ।

ਮੌਜੂਦਾ ਪ੍ਰਬੰਧ ਪੂੰਜੀ ਦੇ ਸੁਰੱਖਿਆ ਲਈ ਹਰ ਹਾਲ ਤਤਪਰ ਹੈ ਪਰ ਲੋਕਾਈ ਜਾਂ ਮਜ਼ਦੂਰ ਹਿੱਤਾਂ ਪ੍ਰਤੀ ਆਪਣੀ ਜ਼ਿੰਮੇਵਾਰੀ ਤਿਆਗਦਾ ਜਾ ਰਿਹਾ ਹੈ। ਸਗੋਂ ਇਸ ਲੁੱਟ ਅਤੇ ਨਿਰਦਈ ਤੰਤਰ ਨੂੰ ਕਾਨੂੰਨੀ ਰੂਪ ਵੀ ਮੁਹੱਈਆ ਕਰਵਾ ਰਿਹਾ ਹੈ। ਜਦੋਂ ਫੈਕਟਰੀਆਂ ਨੂੰ ਹੀ ਕਾਨੂੰਨੀ ਘੇਰੇ 'ਚੋਂ ਬਾਹਰ ਕਰ ਦਿੱਤਾ ਜਾਵੇ, ਠੇਕਾ ਮਜ਼ਦੂਰੀ ਨੂੰ ਖੁੱਲ੍ਹ ਦੇ ਦਿੱਤੀ ਜਾਵੇ। ਯੂਨੀਅਨਾਂ ਬਣਾਉਣ ਅਤੇ ਮਾਨਤਾ ਦੇਣ ਦੇ ਅਮਲ ਨੂੰ ਪੇਚੀਦਾ ਅਤੇ ਸਖ਼ਤ ਕਰ ਦਿੱਤਾ ਜਾਵੇ, ਕੰਮ ਦੇ ਘੰਟੇ ਵਧਾਉਣ ਅਤੇ ਘੱਟ ਉਜਰਤ ਦੇਣ ਦੀ ਪੂੰਜੀਪਤੀਆਂ ਨੂੰ ਖੁੱਲ੍ਹ ਦੇ ਦਿੱਤੀ ਜਾਵੇ ਅਤੇ ਮਜ਼ਦੂਰਾਂ ਨੂੰ ਪੂੰਜੀਪਤੀਆਂ ਦੇ ਰਹਿਮੋ ਕਰਮ ਉਤੇ ਛੱਡ ਦਿੱਤਾ ਜਾਵੇ ਉਹ ਉਹਦਾ ਖੂਨ 12 ਘੰਟੇ ਨਿਚੋੜੇ ਜਾਂ 14 ਘੰਟੇ 'ਚ ਅਤੇ ਉਹਨੂੰ ਇਸ ਦੌਰਾਨ ਕਿਸੇ ਵੀ ਕਿਸਮ ਦੀ ਕੋਈ ਸਹੂਲਤ ਵੀ ਮੁਹੱਈਆ ਕਰਾਉਣ ਦੀ ਜ਼ਿੰਮੇਵਾਰੀ ਤੋਂ ਵੀ ਮੁਕਤ ਹੋਵੇ ਅਤੇ ਫਿਰ ਜਦੋਂ ਕਿਰਤੀ ਦੇ ਸਰੀਰ ਦਾ ਆਖਰੀ ਕਤਰਾ ਵੀ ਪੂੰਜੀਪਤੀ ਚੂਸ ਲੈਣ ਤੇ ਕੂੜੇ ਤੇ ਸੁੱਟ ਦੇਣ। ਇਹ ਪ੍ਰਬੰਧ ਨਿਰਦਈ ਪ੍ਰਬੰਧ ਵੱਲ ਨਹੀਂ ਵਧ ਰਿਹਾ ਤਾਂ ਹੋਰ ਕੀ ਹੈ। ਕੇਂਦਰੀ ਹਕੂਮਤ ਤਾਂ ਪੂੰਜੀਪਤੀਆਂ ਦੀਆਂ ਇਨ੍ਹਾਂ ਸਿਫਾਰਸ਼ਾਂ ਉਤੇ ਵੀ ਵਿਚਾਰ ਕਰ ਰਹੀ ਹੈ ਜਿਸ ਨਾਲ ਉਹ ਬੋਨਸ ਦੇਣ, ਭਵਿੱਖ ਨਿਧੀ ਰਾਸ਼ੀ 'ਚ ਹਿੱਸਾ ਪਾਉਣ, ਡਾਕਟਰੀ ਸਹੂਲਤਾਂ (ਈ. ਐਸ. ਆਈ.) ਜਾਂ ਅਜਿਹੀਆਂ ਹੀ ਹੋਰ ਸਹੂਲਤਾਂ ਜਿਨ੍ਹਾਂ ਤੋਂ ਇਹ ਜਮਾਤ ਮੁਕਤ ਹੋਣਾ ਲੋਚਦੀ ਹੈ। ਇਹ ਜੋ ਉਪਰੋਕਤ ਸਹੂਲਤਾਂ ਸਨ ਸੈਂਕੜੇ ਸਾਲਾਂ ਦੀ ਮਜ਼ਦੂਰਾਂ ਦੀ ਇਕ ਲੰਬੀ ਲੜਾਈ ਪਿਛੋਂ ਹਾਸਲ ਹੋਈਆਂ ਸਨ। ਅਜੋਕਾ ਪੂੰਜੀਵਾਦ ਇਨ੍ਹਾਂ ਸਭ ਨੂੰ ਖੋਹ ਰਿਹਾ ਹੈ। ਰਾਜ ਤੇ ਹਕੂਮਤ ਪੂੰਜੀਪਤੀਆਂ ਦੀ ਸੁਰੱਖਿਆ ਲਈ 'ਉਚਿਤ ਕਦਮ ਚੁੱਕਣ' ਜਾ ਰਹੀ ਹੈ। ਉਪਰੋਕਤ ਪ੍ਰਾਪਤੀਆਂ ਸਿਰਫ਼ ਭਾਰਤੀ ਮਜ਼ਦੂਰ ਜਮਾਤ ਦੇ ਹੀ ਨਹੀਂ ਕੌਮਾਂਤਰੀ ਮਜ਼ਦੂਰ ਭਾਈਚਾਰੇ ਦੀ ਸਾਂਝੀ ਲੜਾਈ ਦਾ ਹਿੱਸਾ ਸਨ ਅਤੇ ਕੌਮਾਂਤਰੀ ਕਿਰਤ ਸੰਸਥਾ ਜਿਸ ਦੇ ਐਲਾਨਾਮਿਆਂ ਉਤੇ ਭਾਰਤੀ ਹਕੂਮਤ ਵੀ ਦਸਤਖਤ ਕਰਦੀ ਹੈ, ਵਲੋਂ ਸਿਫਾਰਸ਼ਾਂ ਦਾ ਸਿੱਟਾ ਸਨ। ਪੂੰਜੀਪਤੀ ਜਮਾਤ ਅਤੇ ਉਹਦੀ ਰਾਜਕੀ ਹਕੂਮਤ ਵੱਲ ਇਧਰ ਵਧਣਾ ਇਕ ਖਤਰਨਾਕ ਸੋਚ ਦਾ ਪ੍ਰਗਟਾਅ ਹੈ। ਆਦਮਖਾਏ ਇਸ ਪੂੰਜੀ ਦੇ ਪ੍ਰਬੰਧ ਦਾ ਇਕੋ ਇਕ ਧਰਮ ਹੈ ਮੁਨਾਫ਼ਾ। ਮੁਨਾਫ਼ੇ ਨੂੰ ਕਿਸੇ ਪਾਸਿਓਂ ਵੀ ਆਂਚ ਨਾ ਆਵੇ ਇਸ ਲਈ ਉਹ ਰਾਜ ਦੀ ਵਰਤੋਂ ਕਰਦਾ ਰਹਿੰਦਾ ਹੈ। ਮੋਦੀ ਨੂੰ ਰਾਜਕੀ ਕੁਰਸੀ 'ਤੇ ਬਿਠਾਉਣ ਲਈ ਕਰੋੜਾਂ ਰੁਪਏ ਲਾਉਣ ਵਾਲੇ ਕਾਰਪੋਰੇਟੀ ਘਰਾਣੇ ਆਪਣੇ ਮੋਹਰੇ ਤੋਂ ਕੀ ਕੁਝ ਹੋਰ ਕਰਵਾਉਣਗੇ ਇਹ ਸਮਾਂ ਹੀ ਦੱਸੇਗਾ।

ਚੋਣਾਂ ਸਮੇਂ ਟੀ.ਵੀ. ਉਤੇ ਚਲ ਰਹੀ ਬਹਿਸ 'ਚ ਇਕ ਰਾਸੀ ਪੰਡਿਤ ਨੇ ਕਿਹਾ ਸੀ ਕਿ ਪ੍ਰਧਾਨ ਮੰਤਰੀ 'ਭਾਰਤ ਦੇ ਸਮੁੱਚੇ ਰਾਜਨੀਤਕ ਬ੍ਰਹਿਮੰਡ ਦੀ ਪੁਨਰ ਰਚਨਾ ਚਾਹੁੰਦੇ ਹਨ। ਇਹੋ ਪੁਨਰ ਰਚਨਾ ਪੂੰਜੀਪਤੀ ਜਮਾਤ ਦੀ ਲੋੜ ਹੈ। ਉਹ ਰਾਜ ਦੀ ਦਖ਼ਲ ਅੰਦਾਜ਼ੀ ਤੋਂ ਮੁਕਤ ਹੋਣਾ ਚਾਹੁੰਦੀ ਹੈ। ਉਹ ਕਾਨੂੰਨੀ ਪ੍ਰਕਿਰਿਆ ਤੋਂ ਮੁਕਤ ਹੋਣਾ ਚਾਹੁੰਦੀ ਹੈ ਉਹ ਰਾਜ ਤੋਂ ਇਹ ਮੰਗ ਕਰਦੀ ਹੈ ਕਿ ਪੂੰਜੀ ਦੇ ਵਿਸਥਾਰ ਅਤੇ ਵਿਕਾਸ ਲਈ ਅਜਿਹਾ ਮਾਹੌਲ ਹੋਵੇ ਕਿ ਉਹਦੀ ਪੂੰਜੀ ਨੂੰ ਕੋਈ ਆਂਚ ਨਾ ਆਵੇ ਇਸ ਲਈ ਕਿਰਤ ਕਾਨੂੰਨਾਂ 'ਚ ਮਜ਼ਦੂਰਾਂ ਉਤੇ ਪਾਬੰਦੀਆਂ ਅਤੇ ਪੂੰਜੀਪਤੀਆਂ ਨੂੰ ਖੁੱਲ੍ਹੀਆਂ ਛੁੱਟੀਆਂ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ। ਰਾਜ ਨੇ ਵੀ ਲੋਕਾਈ ਅਤੇ ਮਜ਼ਦੂਰਾਂ ਨੂੰ ਪੂੰਜੀ ਦੇ ਰਹਿਮੋ ਕਰਮ ਉਤੇ ਛੱਡ ਦਿੱਤਾ ਹੈ। ਘੱਟ ਰਹੇ ਰੋਜ਼ਗਾਰ ਦੇ ਮੌਕੇ, ਸਰੀਰਕ ਕਿਰਤ ਵੇਚਣ ਵਾਲਿਆਂ 'ਚ ਪਸਰੀ ਤਾਨਾਸ਼ਾਹ ਪੂੰਜੀਵਾਦੀ ਬੇਚੈਨੀ, ਪੂੰਜੀ ਦੇ ਨਿਰਦਈ ਆਦਮ ਖੋਰੇ, ਤਾਨਾਸ਼ਾਹ ਪੂੰਜੀਵਾਦੀ ਪ੍ਰਬੰਧ ਖਿਲਾਫ਼ ਇਕ ਨਫ਼ਰਤ ਤਾਂ ਪਾਲ ਰਹੀ ਹੈ ਪਰ ਇਸ ਨਫ਼ਰਤ ਨੂੰ ਸਹੀ ਸਾਰਥਿਕ ਦਿਸ਼ਾ 'ਚ ਲਿਜਾਣ ਅਤੇ ਪ੍ਰੇਣ ਵਾਲੀ ਕੋਈ ਵੀ ਤਾਕਤ ਨਹੀਂ। ਇਹ ਪੂੰਜੀਪਤੀ ਜਮਾਤ ਵੀ ਚੰਗੀ ਤਰ੍ਹਾਂ ਜਾਣਦੀ ਹੈ। ਮਜ਼ਦੂਰ ਜਮਾਤ ਲਈ ਖਤਰਨਾਕ ਅਤੇ ਨਿਰਦਈ ਵਾਤਾਵਰਣ ਉਸਾਰਿਆ ਜਾ ਰਿਹਾ ਹੈ ਪਰ ਇਹ ਆਉਣ ਵਾਲੇ ਤੂਫ਼ਾਨਾਂ ਦਾ ਸੂਚਕ ਵੀ ਹੈ।

093544-30211

# ਜੋਤਵਿੰਦਰ ਸੋਢੀ ਰੀਜਨਲ ਕਾਉਂਸਲਰ ਵਾਰਡ 7 ਤੇ 8 ਦੀ ਕੰਪੇਨ ਸਿਖਰਾਂ ਤੇ !



ਜੋਤਵਿੰਦਰ ਸੋਢੀ ਉਮੀਦਵਾਰ ਵਾਰਡ ਨੰਬਰ 7 ਤੇ 8 ਦੇ ਪਲੇਟ ਫਾਰਮ ਦੇ ਕੰਮਜ਼ਿਉਮਰ ਰਾਈਟਜ਼ ਪ੍ਰੋਟੈਕਸ਼ਨ ਦੀ ਛੇੜੀ ਮੁਹਿੰਮ ਨੂੰ ਸਾਰੀਆਂ ਕਮਿਊਨਿਟੀਆਂ ਵਲੋਂ ਭਰਵਾਂ ਹੁੰਗਾਰਾ ਮਿਲ ਰਿਹਾ ਹੈ ਅਤੇ ਉਨ੍ਹਾਂ ਦੇ ਕਦਮ ਦਿਨ-ਬ-ਦਿਨ ਜਿੱਤ ਵੱਲ ਵੱਧ ਰਹੇ ਹਨ। ਸੀਨੀਅਰ ਕਲੱਬਾਂ, ਲਾਇਨਜ਼ ਕਲੱਬ, ਬੱਚਿਆਂ ਵਲੋਂ ਅਤੇ ਬਹੁਤ ਸਾਰੀਆਂ ਜੱਥੇਬੰਦੀਆਂ ਉਨ੍ਹਾਂ ਦੀ ਕੰਪੇਨ ਵਿੱਚ ਹਿੱਸਾ ਲੈ ਕੇ ਉਨ੍ਹਾਂ ਨੂੰ ਜਿਤਾਉਣ ਲਈ ਦਿਨ ਰਾਤ ਇਕ ਕਰ ਰਹੀਆਂ ਹਨ। ਬੀਤੇ ਦਿਨੀਂ ਮਨਿੰਦਰ ਸਿੰਘ ਸੇਠੀ ਨੇ ਬਾਰ ਬੀ ਕਿਉ ਤੇ 7-8 ਵਾਰਡ ਦੇ ਸੈਂਕੜੇ ਵੋਟਰਾਂ ਨੂੰ ਬੁਲਾ ਕੇ ਇਸ ਕੰਪੇਨ ਨੂੰ ਹੋਰ ਹੁਲਾਰਾ ਦਿੱਤਾ। ਸ੍ਰ. ਬਲਜੀਤ ਸਿੰਘ ਬਾਵਾ ਬਰੈਂਪਟਨ ਦੇ ਨਾਮੀ ਆਗੂ ਵੀ ਆਪਣੀ ਸਾਰੀ ਟੀਮ ਨਾਲ ਇਸ ਕੰਪੇਨ ਵਿਚ ਸ੍ਰੀ ਜੋਤਵਿੰਦਰ ਸੋਢੀ ਦੀ ਜਿੱਤ ਯਕੀਨੀ ਬਣਾਉਣ ਲਈ ਕੁਦ ਪਏ ਹਨ। ਹੋਮ ਓਨਰ ਵੈਲਫੇਅਰ ਐਸੋਸੀਏਸ਼ਨ (HOWA) ਦੇ ਸਾਰੇ ਮੈਂਬਰਾਨ ਇਕ ਜੁੱਟ ਹੋ ਕੇ ਇਸ ਕੰਪੇਨ ਨੂੰ ਆਪਣੇ ਹੱਥਾ 'ਚ ਲੈ ਕੇ ਸੋਢੀ ਦੀ ਜਿੱਤ ਨੂੰ ਯਕੀਨੀ ਬਣਾਉਣ ਲਈ ਜੀਅ ਜਾਨ ਨਾਲ ਮਿਹਨਤ ਕਰ ਰਹੇ ਹਨ। ਹੋਰ ਜਿਹੜੇ ਮੋਢੀ ਇਸ ਕੰਪੇਨ ਨਾਲ ਜੁੜੇ ਹਨ ਉਨ੍ਹਾਂ ਵਿੱਚ ਖਾਸ ਤੌਰ ਤੇ ਗਗਨ ਭੱਲਾ, ਜਗਦੀਪ ਬਰਾੜ, ਰਣਜੀਤ ਧਾਲੀਵਾਲ, ਅਮਰ ਸੇਠੀ, ਜਤਿਨ ਦੀਕਸ਼ਿਤ, ਸਮੀਰ ਖਾਨ, ਪਾਮੇਲਾ, ਗੁਰਮੇਲ ਸਿੰਘ, ਸ਼ਸ਼ਪਾਲ ਸਿੰਘ, ਦੀਪਿੰਦਰ ਸਿੰਘ ਲੂੰਬਾ, ਅਮਰਜੀਤ ਧੁੱਗੀ, ਰਵਿੰਦਰ ਅਟਵਾਲ, ਰਾਜ ਖੁਰਾਣਾ, ਪਰਸੀ ਦਸਤੂਰ, ਸੈਂਡੀ ਮੋਰਿਸ, ਰੇਸ਼ਮ ਸਿੰਘ ਸੈਣੀ, ਇੰਦਰਬੀਰ ਸਿੰਘ ਅਰੋੜਾ, ਨਵਦੀਪ ਟਿਵਾਣਾ, ਸ਼ੰਕਰ ਪਟੇਲ (ਨਵਯੁਗ ਕਲੱਬ), ਸੈਮਿਊਲ ਗਾਂਧੀ, ਮੁਹੰਮਦ ਅਫ਼ਜ਼ਲ, ਆਯੂਬ ਰਿਜ਼ਵੀ, ਸੱਈਦ ਅੱਬਾਸ, ਸੰਜੀਵ ਸ਼ਰਮਾ, ਅਮਰਪਾਲ ਸਿੰਘ, ਲਾਲੀ, ਰਾਜੇਸ਼ ਗੋਇਲ, ਭੁਪਿੰਦਰ ਸਿੰਘ, ਬੌਬੀ ਬੇਦੀ, ਪੁਨੀਤ ਚੋਪੜਾ, ਜਸਵਿੰਦਰ ਧਾਮੀ, ਅਵਨੀਸ਼ ਕੁਮਾਰ, ਮਧੂ, ਅਸਕਰੀ ਹੁਸੈਨ, ਇੰਦਰਜੀਤ ਸਿੰਘ ਭਿੰਡਰ, ਮਨਦੀਪ ਸਿੰਘ ਸੁੱਪਲ, ਮਨੀਸ਼ ਪਟੇਲ, ਮਹਿਤਾ ਜੀ, ਨਿਰਪਾਲ ਸਿੰਘ, ਮਨਜੀਤ ਸਿੰਘ, ਪ੍ਰੱਭ ਧਾਲੀਵਾਲ, ਅਮਰਜੀਤ ਬਵੇਜਾ, ਰਾਜਵਿੰਦਰ ਕੌਰ, ਪ੍ਰਵੀਨ ਕੌਰ ਸੰਘਾ, ਇੰਦਰ ਪਾਲ ਸਿੰਘ (ਟ੍ਰੈਫਿਕ ਟਿਕਟਾਂ ਵਾਲੇ), ਨਰਿੰਦਰ ਵਾਲੀਆ, ਗੁਰਮੀਤ ਧਰੀਮ ਅਤੇ ਹਰਬੰਸ ਸਿੰਘ ਸੋਢੀ ਆਦਿ ਦੇ ਨਾਂ ਵਰਨਣ ਯੋਗ ਹਨ। ਸਵਾਮੀ ਨਾਰਾਇਣ ਮੰਦਰ ਵਾਲੇ ਜਗਨੇਸ਼ ਪਟੇਲ ਜੀ ਅਤੇ ਮੱਕੀ ਮਸਜ਼ਿਦ ਵਲੋਂ ਵੀ ਪੂਰੀ ਹਿਮਾਇਤ ਮਿਲ ਰਹੀ ਹੈ। ਰਾਵਲ ਟੀ. ਵੀ. ਅਤੇ ਫਸਟ ਚੁਆਇਸ ਟੀ. ਵੀ. ਦੇ ਮੋਇਨ ਸਦੀਕੀ ਅਤੇ ਉਨ੍ਹਾਂ ਦੀ ਸਾਰੀ ਟੀਮ ਵਲੋਂ ਪੂਰਨ ਹਮਾਇਤ ਪ੍ਰਾਪਤ ਹੈ। ਜੋਤਵਿੰਦਰ ਸੋਢੀ ਨੇ 7 ਅਤੇ 8 ਵਾਰਡ ਦੇ ਸਾਰੇ ਵਸਨੀਕਾਂ ਨੂੰ ਭਰੋਸਾ ਦਿਵਾਇਆ ਹੈ ਕਿ ਜਿੱਤਣ ਤੋਂ ਬਾਅਦ ਉਹ ਕੀਤੇ ਗਏ ਵਾਅਦੇ ਪੂਰੀ ਤਨਦੇਹੀ ਨਾਲ ਨਿਭਾਉਣਗੇ ਜਿਵੇਂ ਉਹ ਪਹਿਲਾਂ ਹੀ ਲੋਕ ਹੱਕਾਂ ਲਈ ਆਵਾਜ਼ ਉਠਾਉਂਦੇ ਚਲੇ ਆ ਰਹੇ ਹਨ।

ਸਾਰੇ ਸੁਹਿਰਦ ਸੱਜਣਾਂ ਨੂੰ ਬੇਨਤੀ ਹੈ ਕਿ ਮਿਤੀ 22 ਅਕਤੂਬਰ ਨੂੰ ਸ਼ਿੰਗਾਰ ਬੈਂਕਿਉਟ ਹਾਲ ਵਿਖੇ ਸ਼ਾਮ ਦੇ 5 ਵਜੇ ਪਹੁੰਚ ਕੇ ਜੋਤਵਿੰਦਰ ਸੋਢੀ, ਰੀਜ਼ਨਲ ਕੌਂਸਲਰ ਉਮੀਦਵਾਰ, ਵਾਰਡ ਨੰਬਰ 7-8 ਦੇ ਨਾਲ ਵਿਚਾਰ ਵਟਾਂਦਰਾ ਕਰ ਕੇ ਲੋਕ ਮਸਲਿਆ ਦਾ ਸਾਂਝੇ ਤੌਰ 'ਤੇ ਹੱਲ ਕਰਨ ਲਈ ਉਪਰਾਲੇ ਕੀਤੇ ਜਾਣ। ਪਟਿਆਲਾ ਨਿਵਾਸੀਆਂ ਅਤੇ ਕੰਪੇਨ ਕਮੇਟੀ ਵੱਲੋਂ ਆਏ ਮਹਿਮਾਨਾਂ ਲਈ ਚਾਹ ਪਾਣੀ ਦਾ ਇੰਤਜ਼ਾਮ ਕੀਤਾ ਗਿਆ ਹੈ।

ਜੋਤਵਿੰਦਰ ਸੋਢੀ ਰਿਜ਼ਨਲ ਕੌਂਸਲਰ ਹੇਠ ਲਿਖੇ ਮੁੱਦਿਆਂ ਦੇ ਹੱਲ ਕਰਨ ਲਈ ਵਚਨਬੱਧ ਹਨ। = ਬ੍ਰੈਂਵਿੱਚ ਬੇਰੋਜ਼ਗਾਰੀ ਨੂੰ ਦੂਰ ਕਰਨ ਲਈ ਨਵੀਂ ਇੰਡਸਟਰੀ ਸਥਾਪਿਤ ਕਰਨ ਲਈ ਯਤਨਸ਼ੀਲ ਹੋਣਗੇ। = ਟੈਕਸ ਪੈਅਰ ਦੇ ਡਾਲਰਾਂ ਦਾ ਸਹੀ ਇਸਤੇਮਾਲ ਕਰਵਾ ਕੇ ਲੋਕ ਭਲਾਈ ਦੇ ਕੰਮ ਕੀਤੇ ਜਾਣ ਗੇ।

= ਸਭ ਮਸਲੇ ਪਾਰਦਰਸ਼ਿਤਾ ਅਤੇ ਜਵਾਬਦੇਹੀ ਨਾਲ ਹੱਲ ਕੀਤੇ ਜਾਣਗੇ।

= ਹਸਪਤਾਲਾਂ ਵਿੱਚ ਇੰਤਜ਼ਾਰ ਦਾ ਸਮਾਂ ਘਟਾਉਣ ਲਈ ਕੰਮ ਕਰਨਗੇ। = ਕਮਿਉਨਿਟੀ ਦੀਆਂ ਸਹੂਲਤਾਂ ਵਧਾਉਣ ਲਈ ਯਤਨਸ਼ੀਲ ਹੋਣਗੇ। = ਜ਼ਰੂਰਤਮੰਦ ਨਾਗਰਿਕਾਂ ਨੂੰ ਸਸਤੇ ਘਰ ਉਪਲਬਧ ਕਰਾਉਣ ਲਈ ਉਪਰਾਲੇ ਕੀਤੇ ਜਾਣਗੇ।



# ਫਿਰੋਜ਼ਪੁਰ ਸ਼ਹਿਰ ਦੇ ਤੂੜੀ ਬਾਜ਼ਾਰ 'ਚ ਭਗਤ ਸਿੰਘ ਤੇ ਉਸ ਦੇ ਕ੍ਰਾਂਤੀਕਾਰੀ ਸਾਥੀਆਂ ਦਾ ਗੁਪਤ ਟਿਕਾਣਾ







**ਰਾਕੇਸ਼ ਕੁਮਾਰ**

**ਸਰ ਫਰੋਸ਼ੀ ਕੀ ਤਮੰਨਾ**
**ਅਬ ਹਮਾਰੇ ਦਿਲ ਮੇਂ ਹੈ।**
**ਦੇਖਨਾ ਹੈ ਜ਼ੋਰ ਕਿਤਨਾ ਬਾਜੂਏ**
**ਕਾਤਿਲ ਮੇਂ ਹੈ।**

ਭਗਤ ਸਿੰਘ ਤੇ ਉਸ ਦੇ ਸਾਥੀਆਂ ਦਾ ਮਨੋਰਥ ਭਾਰਤ ਨੂੰ ਅੰਗਰੇਜ਼ਾਂ ਦੀ ਗੁਲਾਮੀ ਤੋਂ ਅਜ਼ਾਦ ਕਰਵਾਉਣਾ ਹੀ ਨਹੀਂ ਸੀ ਸਗੋਂ ਉਹਨਾਂ ਦਾ ਅੰਤਿਮ ਮਨੋਰਥ ਇੱਕ ਅਜਿਹੇ ਸਮਾਜ ਦੀ ਸਿਰਜਣਾ ਕਰਨਾ ਸੀ ਜਿਸ ਅੰਦਰ ਮਨੁੱਖ ਹੱਥੋਂ ਮਨੁੱਖ ਦੀ ਲੁੱਟਖਸੁੱਟ ਦਾ ਮੁਕੰਮਲ ਖਾਤਮਾ ਹੋਵੇ।

ਸਪੈਸ਼ਲ ਟ੍ਰਿਬਿਊਨਲ ਅੱਗੇ ਉਹਨਾਂ ਆਪਣੇ ਮਨੋਰਥ ਬਾਰੇ ਕਿਹਾ ਸੀ

"ਸਾਡਾ ਵਿਸ਼ਵਾਸ ਹੈ ਕਿ ਆਜ਼ਾਦੀ ਸਭ ਮਨੁੱਖਾਂ ਦਾ ਅਮਿੱਟ ਹੱਕ ਹੈ ਹਰ ਮਨੁੱਖ ਆਪਣੀ ਮਿਹਨਤ ਦਾ ਫਲ ਮਾਨਣ ਦਾ ਹਰ ਹੱਕ ਹੈ। ਤੇ ਹਰ ਕੌਮ ਆਪਣੇ ਬੁਨਿਆਦੀ ਕੁਦਰਤੀ ਸਾਧਨਾਂ ਦੀ ਪੂਰੀ ਮਾਲਕ ਹੈ। ਜੇ ਕੋਈ ਸਰਕਾਰ ਜਨਤਾ ਨੂੰ ਉਹਨਾਂ ਦੇ ਇਹਨਾਂ ਬੁਨਿਆਦੀ ਹੱਕਾਂ ਤੋਂ ਵਾਂਝਿਆਂ ਰੱਖਦੀ ਹੈ ਤਾਂ ਲੋਕਾਂ ਦਾ ਕੇਵਲ ਹੱਕ ਹੀ ਨਹੀ, ਸਗੋ ਜਰੂਰੀ ਫਰਜ਼ ਹੈ ਕਿ ਅਜਿਹੀ ਸਰਕਾਰ ਨੂੰ ਤਬਾਹ ਕਰ ਦੇਣ। ਕਿਉਂਕਿ ਬਰਤਾਨਵੀ ਸਰਕਾਰ ਇਹਨਾਂ ਅਸੂਲਾਂ ਜਿਨ੍ਹਾਂ ਵਾਸਤੇ ਅਸੀਂ ਲੜ ਰਹੇ ਹਾਂ, ਦੇ ਬਿਲਕੁਲ ਉਲਟ ਹੈ। ਇਸ ਲਈ ਸਾਡਾ ਦ੍ਰਿੜ੍ਹ ਵਿਸ਼ਵਾਸ ਹੈ ਕਿ ਹਰ ਕੋਸ਼ਿਸ਼ ਤੇ ਹਰ ਅਪਣਾਇਆ ਤਰੀਕਾ ਜਿਸ ਰਾਹੀਂ ਇਨਕਲਾਬ ਲਿਆਂਦਾ ਜਾ ਸਕੇ ਤੇ ਇਸ ਸਰਕਾਰ ਦਾ ਮਲੀਆਮੇਟ ਕੀਤਾ ਜਾ ਸਕੇ, ਉਹ ਨੈਤਿਕ ਤੌਰ 'ਤੇ ਜਾਇਜ਼ ਹੈ। ਅਸੀਂ ਵਰਤਮਾਨ ਢਾਂਚੇ ਦੇ ਸਮਾਜਕ, ਆਰਥਕ ਤੇ ਰਾਜਨੀਤਕ ਪੱਖਾਂ ਵਿਚ ਇਨਕਲਾਬੀ ਤਬਦੀਲੀਆਂ ਲਿਆਉਣ ਦੇ ਹੱਕ ਵਿਚ ਹਾਂ। ਚਾਹੁੰਦੇ ਹਾਂ ਕਿ ਵਰਤਮਾਨ ਸਮਾਜ ਨੂੰ ਪੂਰੀ ਤਰ੍ਹਾਂ ਨਵੇਂ ਨਰੋਏ ਸਮਾਜ ਵਿਚ ਬਦਲਿਆ ਜਾਵੇ। ਇਸ ਤਰ੍ਹਾਂ ਮਨੁੱਖ ਦੀ ਲੁੱਟ ਅਸੰਭਵ ਬਣਾ ਕੇ ਸਾਰੇ ਲੋਕਾਂ ਲਈ ਸਭ ਖੇਤਰਾਂ ਵਿਚ ਪੂਰੀ ਆਜ਼ਾਦੀ ਯਕੀਨੀ ਬਣਾਈ ਜਾਵੇ।, ਅਸੀਂ ਮਹਿਸੂਸ ਕਰਦੇ ਹਾਂ ਕਿ ਜਿੰਨਾਂ ਚਿਰ ਸਾਰਾ ਸਮਾਜਕ ਢਾਂਚਾ ਬਦਲਿਆ ਨਹੀਂ ਜਾਂਦਾ ਤੇ ਉਸ ਦੀ ਥਾਂ ਸਮਾਜਵਾਦੀ ਸਮਾਜ ਸਥਾਪਤ ਨਹੀਂ ਹੁੰਦਾ, ਸਾਰੀ ਦੁਨੀਆਂ ਇਕ ਤਬਾਹਕੁਨ ਪਰਲੋ ਦੇ ਖਤਰੇ ਹੇਠ ਰਹੇਗੀ।"

ਨਵੇਂ ਢਾਂਚੇ ਤੇ ਨਵੇਂ ਰਾਜ ਪ੍ਰਬੰਧ ਦੀ ਸਥਾਪਨਾ ਲਈ ਭਗਤ ਸਿੰਘ ਤੇ ਉਹਦੇ ਸਾਥੀਆਂ ਨੇ ਕ੍ਰਾਂਤੀਕਾਰੀ ਪਾਰਟੀ ਬਣਾਈ ਤੇ ਉਸ ਦੀਆਂ ਸਰਗਰਮੀਆਂ ਦੇਸ਼ ਦੇ ਵੱਖ-2 ਹਿੱਸਿਆਂ 'ਚ ਗੁਪਤ ਰੂਪ 'ਚ ਕੀਤੀਆਂ। ਪਾਰਟੀ ਦੇ ਗੁਪਤ ਟਿਕਾਣੇ ਬਣਾਏ। ਫਿਰੋਜ਼ਪੁਰ ਦੇ ਤੂੜੀ ਬਾਜ਼ਾਰ, ਮਹੁੱਲਾ ਸਾਹਗੰਜ ਦੀ ਇੱਕ ਇਮਾਰਤ ਵਿੱਚ ਵੀ ਭਗਤ ਸਿੰਘ ਤੇ ਉਸ ਦੇ ਸਾਥੀਆਂ ਨੇ ਕ੍ਰਾਂਤੀਕਾਰੀ ਪਾਰਟੀ ਦਾ ਗੁਪਤ ਟਿਕਾਣਾ ਬਣਾਇਆ ਸੀ। ਇਹ ਟਿਕਾਣਾ 10 ਅਗਸਤ 1928 ਤੋਂ ਲੈ ਕੇ 4 ਫਰਵਰੀ 1929 ਤੱਕ ਰਿਹਾ। ਇਹ ਪਾਰਟੀ ਦੀਆਂ ਲੋੜਾਂ, ਸਰਗਰਮੀਆਂ ਨੂੰ ਧਿਆਨ 'ਚ ਰੱਖ ਕੇ ਬਣਾਇਆ ਗਿਆ ਸੀ। ਪਾਰਟੀ ਫੈਸਲੇ ਮੁਤਾਬਿਕ ਕ੍ਰਾਂਤੀਕਾਰੀ ਪਾਰਟੀ ਦੇ ਡਾ: ਗਯਾ ਪ੍ਰਸਾਦ ਨੇ ਫਿਰੋਜ਼ਪੁਰ ਵਿੱਚ ਡਾ. ਬੀ. ਐਸ. ਨਿਗਮ ਦੇ ਫਰਜ਼ੀ ਨਾਮ ਨਾਲ ਲੇਖ ਰਾਜ ਤੋਂ ਮਕਾਨ ਤੂੜੀ ਬਾਜ਼ਾਰ ਵਿੱਚ ਕਿਰਾਏ ਤੇ ਲਿਆ। ਉਸ ਨੇ ਹੇਠਾਂ ਦਵਾਖਾਨਾ ਖੋਲ੍ਹਿਆ ਤੇ ਉੱਪਰ ਰਿਹਾਇਸ਼ ਕੀਤੀ। ਬਾਹਰ ਬੋਰਡ ਲਗਾਇਆ "ਨਿਗਮ ਫਾਰਮੇਸੀ ਅਤੇ ਡੱਰਗਇਸ਼ਟ"। ਪਾਰਟੀ ਨੇ ਜੈ ਗੋਪਾਲ ਨੂੰ ਭੇਜਿਆ ਕਿ ਉਹ ਗੁਆਂਢੀ ਦੀਵਾਨ ਚੰਦ ਰਾਹੀਂ ਡਾ. ਨਿਗਮ ਕੋਲ ਸਹਿ ਕੰਪਾਊਡਰ ਦੀ ਨੌਕਰੀ ਲਵੇ। ਦੀਵਾਨ ਚੰਦ ਰਾਹੀਂ ਵਿਚੋਲਗਿਰੀ ਦਾ ਇਹ ਕੰਮ ਲੁਕਾਉਣ ਲਈ ਕਰਵਾਇਆ ਗਿਆ ਸੀ ਤਾਂ ਕਿ ਇਹ ਸ਼ੱਕ ਨਾ ਹੋਵੇ ਕਿ ਦੋਵੇਂ ਇੱਕ ਦੂਜੇ ਨੂੰ ਜਾਣਦੇ ਹਨ ਜਾਂ ਇੱਕ ਸੰਗਠਨ ਨਾਲ ਜੁੜੇ ਹਨ। ਜੈ ਗੋਪਾਲ ਨੇ ਆਪਣਾ ਨਾਂ ਗੋਪਾਲ ਦੱਸਿਆ।

ਭਗਤ ਸਿੰਘ ਦਾ ਵੀ ਇਸ ਟਿਕਾਣੇ ਤੇ ਆਉਣਾ-ਜਾਣਾ ਸੀ। ਮਹਾਂਵੀਰ ਸਿੰਘ ਨੇ ਆਪਣੇ ਇਕਬਾਲੀਆ ਬਿਆਨ ਵਿੱਚ ਕਿਹਾ ਸੀ ਕਿ ਉਹ ਪਹਿਲਾਂ ਪਹਿਲ ਭਗਤ ਸਿੰਘ ਨੂੰ ਫਿਰੋਜ਼ਪੁਰ ਵਿੱਚ ਨਵੰਬਰ 1928 ਵਿੱਚ ਮਿਲਿਆ ਸੀ। ਭਗਤ ਸਿੰਘ ਨੇ ਪਾਰਟੀ ਦੇ ਫੈਸਲੇ ਅਨੁਸਾਰ ਆਪਣੀ ਅਸਲੀ ਪਹਿਚਾਣ ਲੁਕਾਉਣ ਲਈ ਆਪਣੇ ਵਾਲ ਤੇ ਦਾੜ੍ਹੀ ਵੀ ਇੱਥੇ ਹੀ ਕਟਵਾਏ ਸਨ। ਜੈ ਗੋਪਾਲ ਨੇ ਅਦਾਲਤ 'ਚ ਆਪਣੇ ਬਿਆਨ 'ਚ ਕਿਹਾ ਸੀ ਕਿ ਸੁਖਦੇਵ ਦੇ ਆਉਣ ਤੇ ਮੈਂ ਡਾ. ਨਿਗਮ ਅਤੇ ਸੁਖਦੇਵ ਨੇ ਭਗਤ ਸਿੰਘ ਦੇ ਵਾਲ ਤੇ ਦਾੜ੍ਹੀ ਕੱਟੀ ਸੀ ਅਤੇ ਭਗਤ ਸਿੰਘ ਨੇ ਵਿਲਾਇਤੀ ਫੈਸ਼ਨ ਦੇ ਵਾਲ ਰੱਖ ਲਏ ਸਨ। ਫੇਰ ਉਹ ਯੂ. ਪੀ. ਵਾਲਾ ਪਹਿਰਾਵਾ ਧੋਤੀ ਤੇ ਕਮੀਜ਼ ਪਾ ਕੇ ਦਿੱਲੀ ਗਿਆ ਸੀ। ਜੈ ਗੋਪਾਲ ਨੇ ਗਵਾਹੀ 'ਚ ਕਿਹਾ ਸੀ ਕਿ ਭਗਤ ਸਿੰਘ ਸਾਡੇ ਕੋਲ ਫਿਰੋਜ਼ਪੁਰ ਆਇਆ। ਉਸ ਕੋਲ ਸਵੈ ਚਾਲਕ ਪਿਸਤੌਲ ਸੀ। ਰਸਾਲੇ 'ਚ ਗੋਲੀਆ ਭਰੀਆਂ ਸਨ ਤੇ ਇੱਕ ਕਿਤਾਬ "ਰੋਡ ਟੂ ਫਰੀਡਮ" ਸੀ।

ਸ਼ਿਵ ਵਰਮਾ ਇੱਥੇ ਸਤੰਬਰ 1928 ਦੇ ਅੰਤ 'ਚ ਕੁੱਝ ਚਿਰ ਰੁਕਿਆ ਸੀ। ਉਸ ਨੇ ਆਪਣਾ ਨਾਮ ਰਾਮ ਨਰਾਇਣ ਕਪੂਰ ਰੱਖਿਆ ਹੋਇਆ ਸੀ। ਉਸ ਨੂੰ ਇੱਥੇ ਵੱਡੇ ਭਾਈ ਸਾਹਿਬ ਦੇ ਨਾਮ ਨਾਲ ਬੁਲਾਉਂਦੇ ਸਨ। ਜਦੋਂ ਉਹ ਇੱਥੇ ਰਹੇ, ਉਹਨਾਂ ਕੋਲ ਕਈ ਕਿਤਾਬਾਂ ਸਨ। ਉਹਨਾਂ ਨੇ ਇੱਥੇ ਚਾਂਦ ਪ੍ਰਤਿਕਾ ਦੇ ਫਾਂਸੀ ਨਾਂ ਦੇ ਅੰਕ ਲਈ ਸ਼ਹੀਦ ਹੋ ਚੁੱਕੇ ਕ੍ਰਾਂਤੀਕਾਰੀਆਂ ਦੀਆਂ ਜੀਵਨੀਆਂ ਲਿਖੀਆਂ ਜਿਹੜੀਆ ਬਾਅਦ 'ਚ ਫਾਂਸੀ ਅੰਕ ਵਿੱਚ ਛਪੀਆਂ ਸਨ।

ਕ੍ਰਾਂਤੀਕਾਰੀ ਸੁਖਦੇਵ ਦਾ ਵੀ ਇੱਥੇ ਆਉਣਾ-ਜਾਣਾ ਸੀ। ਇਸ ਨੂੰ ਵਿਲੇਜਰ ਕਹਿੰਦੇ ਸਨ ਇਹ ਪਾਰਟੀ ਦੀ ਪੰਜਾਬ ਸ਼ਾਖਾ ਦਾ ਆਗੂ ਸੀ। ਇਸ ਦੀ ਪੁਸ਼ਟੀ ਜੈ ਗੋਪਾਲ ਨੇ ਆਪਣੇ ਬਿਆਨ 'ਚ ਕੀਤੀ ਸੀ। ਗੁਆਂਢੀ ਗੱਜੂਰਾਮ ਨੇ ਸੁਖਦੇਵ ਦੀ ਪਹਿਚਾਣ ਕੀਤੀ ਸੀ।

ਇੱਕ ਹੋਰ ਕ੍ਰਾਂਤੀਕਾਰੀ ਮਹਾਂ ਵੀਰ ਸਿੰਘ ਜਿਸ ਨੇ ਆਪਣਾ ਫਰਜ਼ੀ ਨਾਮ ਪ੍ਰਤਾਪ ਸਿੰਘ ਰੱਖਿਆ ਹੋਇਆ ਸੀ। ਪੇਚਿਸ ਦੀ ਬੀਮਾਰੀ ਦਾ ਇਲਾਜ ਕਰਵਾਉਣ ਲਈ ਇਸ ਗੁਪਤ ਟਿਕਾਣੇ ਤੇ ਕੁੱਝ ਹਫਤੇ ਰੁਕਿਆ।

ਕ੍ਰਾਂਤੀਕਾਰੀ ਵਿਜੈ ਕੁਮਾਰ ਸਿਨਹਾ, ਇਸ ਨੂੰ ਬੱਚੂ ਨਾਮ ਨਾਲ ਬੁਲਾਇਆ ਜਾਂਦਾ ਸੀ, ਦਾ ਵੀ ਇਸ ਟਿਕਾਣੇ ਤੇ ਆਉਣਾ ਜਾਣਾ ਸੀ। ਇਸ ਦੀ ਪਹਿਚਾਣ ਅਦਾਲਤ ਵਿੱਚ ਤੁਲਸੀ ਰਾਮ ਨੇ ਕੀਤੀ ਸੀ ਜਿਹੜਾ ਅਤਿਰਿਕਤ ਜ਼ਿਲ੍ਹਾ ਮੈਜਿਸਟਰੇਟ ਫਿਰੋਜ਼ਪੁਰ ਦਾ ਰੀਡਰ ਸੀ। ਡਾ. ਗਯਾ ਪ੍ਰਸਾਦ ਨੇ ਵੀ ਅਦਾਲਤ 'ਚ ਆਪਣੇ ਬਿਆਨ 'ਚ ਕਿਹਾ ਸੀ ਕਿ ਵਿਜੈ ਕੁਮਾਰ ਸਿਨਹਾ ਮੇਰੇ ਕੋਲ ਫਿਰੋਜ਼ਪੁਰ ਆਉਂਦਾ ਸੀ।

ਜੈ ਗੋਪਾਲ ਨੇ ਅਦਾਲਤ ਵਿੱਚ ਆਪਣੇ ਬਿਆਨ 'ਚ ਦੱਸਿਆ ਸੀ ਕਿ ਭਗਤ ਸਿੰਘ ਅਤੇ ਚੰਦਰ ਸ਼ੇਖਰ ਆਜ਼ਾਦ ਉਰਫ ਪੰਡਿਤ ਜੀ ਦੋਵੇ ਸਾਡੇ ਕੋਲ ਇੱਕਠੇ ਆਏ ਸਨ। ਚੰਦਰ ਸੇਆਜ਼ਾਦ ਪਾਰਟੀ ਦੇ ਮਿਲਟਰੀ ਵਿਭਾਗ ਦਾ ਮੁਖੀਆ ਸੀ। ਉਹਨਾਂ ਕੋਲ ਕਾਲੇ ਰੰਗ ਦਾ ਛੋਟਾ ਸੂਟਕੇਸ ਸੀ ਅਤੇ ਚਾਂਦ ਰਸਾਲੇ ਦੇ ਫਾਂਸੀ ਅੰਕ ਦਾ ਬੰਡਲ ਸੀ। ਪੰਡਿਤ ਜੀ ਅਤੇ ਭਗਤ ਸਿੰਘ ਸਾਡੇ ਕੋਲ ਰੁਕੇ, ਦੋਵਾਂ ਨੇ ਆਪਣੇ ਸੂਟਕੇਸ 'ਚ ਦੋ ਪਿਸਤੌਲ ਕੱਢ ਕੇ ਆਪਣੇ-2 ਸਿਰਹਾਣੇ ਹੇਠਾਂ ਰੱਖ ਲਏ ਸਨ।

ਜੈ ਗੋਪਾਲ ਉਰਫ ਗੋਪਾਲ ਜਿਹੜਾ ਡਾ. ਨਿਗਮ ਦੇ ਨੌਕਰ ਬਣ ਕੇ ਰਿਹਾ ਸੀ ਤੇ ਫੜ੍ਹੇ ਜਾਣ ਤੋਂ ਬਾਅਦ ਉਹ ਸਰਕਾਰੀ ਵਾਅਦਾ ਮੁਆਫ ਗਵਾਹ ਬਣ ਗਿਆ ਸੀ। ਉਸਨੇ ਅਦਾਲਤ 'ਚ ਆਪਣੇ ਬਿਆਨ 'ਚ ਕਿਹਾ ਕਿ ਕ੍ਰਾਂਤੀਕਾਰੀ ਵੱਲੋ ਫਿਰੋਜ਼ਪੁਰ 'ਚ ਅੱਡੇ ਬਣਾਉਣ ਦੇ ਤਿੰਨ ਕਾਰਨ ਸਨ।

ਪਾਰਟੀ ਦੇ ਮੈਂਬਰ ਜੋ ਪੰਜਾਬ ਤੋਂ ਪੂਰਵ ਜਾਂ ਪੂਰਵ ਤੋਂ ਪੰਜਾਬ ਯਾਤਰਾ ਕਰ ਰਹੇ ਹੁੰਦੇ ਸਨ, ਉਹਨਾਂ ਦੇ ਲਈ ਜਗ੍ਹਾ ਮੁਹੱਈਆ ਕਰਨਾ ਜਿੱਥੇ ਉਹ ਕੱਪੜੇ ਵਗੈਰਾ ਬਦਲ ਕੇ ਨਿਸਚਿਤ ਜਗ੍ਹਾ ਤੇ ਪਹੁੰਚ ਸਕਣ।

ਬੰਬ ਆਦਿ ਬਣਾਉਣ ਦਾ ਸਮਾਨ ਡਾ. ਨਿਗਮ ਵੱਲੋਂ ਲਿਆ ਜਾਵੇ।

ਡਾਕਟਰੀ ਪੇਸ਼ਾ ਵਧੀਆ ਚੱਲਣ 'ਤੇ ਪਾਰਟੀ ਦੀ ਆਰਥਿਕ ਮਦਦ ਕੀਤੀ ਜਾਵੇ। ਪਰ ਕ੍ਰਾਂਤੀਕਾਰੀ ਸੁਖਦੇਵ ਨੇ ਜੈ ਗੋਪਾਲ ਦੇ ਤੀਜੇ ਕਾਰਨ ਤੇ ਟਿੱਪਣੀ ਕਰਕੇ ਇਸ ਨੂੰ ਗਲਤ ਕਿਹਾ ਸੀ।

ਗਵਾਹੀਆਂ 'ਚ ਇਸ ਗੱਲ ਦੀ ਪੁਸ਼ਟੀ ਵੀ ਹੋਈ ਸੀ ਕਿ ਡਾ. ਨਿਗਮ ਬੰਬ ਬਣਾਉਣ ਦਾ ਸਮਾਨ ਜਿਵੇਂ ਨਾਈਟਰਿਕ ਤੇਜ਼ਾਬ, ਸਲਫਿਊਰਿਕ ਤੇਜ਼ਾਬ, ਪੋਟਾਸੀਅਮ ਕਲੋਰਾਈਡ ਆਦਿ ਇੱਕਠਾ ਕਰਦਾ ਸੀ ਤੇ ਕ੍ਰਾਂਤੀਕਾਰੀਆਂ ਨੂੰ ਦਿੰਦਾ ਸੀ। ਜੈ ਗੋਪਾਲ ਨੇ ਅਦਾਲਤ 'ਚ ਕਿਹਾ ਸੀ ਕਿ ਡਾ. ਨਿਗਮ ਨੇ ਮੈਨੂੰ ਬੰਬ ਬਣਾਉਣ ਦਾ ਸਮਾਨ ਲਿਆ ਕੇ ਦਿੱਤਾ ਸੀ। ਮੈਂ ਉਹ ਸੁਖਦੇਵ ਨੂੰ ਦੇ ਦਿੱਤਾ ਸੀ।

ਉਹਨਾਂ ਦਿਨਾਂ 'ਚ ਹੀ ਲਾਹੌਰ ਵਿੱਚ 30 ਅਕਤੂਬਰ 1928 ਨੂੰ ਸ਼ਾਈਮਨ ਕਮਿਸ਼ਨ ਦਾ ਵਿਰੋਧ ਕਰਦਿਆਂ ਪੁਲਿਸ ਵੱਲੋਂ ਵਰਸਾਈਆਂ ਲਾਠੀਆਂ ਦੇ ਕਾਰਨ ਜ਼ਖ਼ਮੀ ਹੋਏ ਲਾਲਾ ਲਾਜਪਤ ਰਾਏ ਦੀ 17 ਨਵੰਬਰ 1928 ਨੂੰ ਮੌਤ ਹੋ ਗਈ ਸੀ। ਭਗਤ ਸਿੰਘ ਤੇ ਉਸ ਦੇ ਸਾਥੀਆਂ ਵੱਲੋਂ ਪਾਰਟੀ ਦੀ ਮੀਟਿੰਗ 'ਚ ਫੈਸਲਾ ਲਿਆ ਕਿ ਕੌਮ ਦੀ ਹੋਈ ਬੇਇੱਜ਼ਤੀ ਦਾ ਬਦਲਾ ਲਿਆ ਜਾਵੇ ਅਤੇ ਅਜਿਹੀ ਘਿਨਾਉਣੀ ਹਰਕਤ ਕਰਨ ਵਾਲਿਆਂ ਨੂੰ ਸਬਕ ਸਿਖਾਇਆ ਜਾਵੇ। ਉਹਨਾਂ ਨੇ ਅੰਗਰੇਜ਼ ਅਫਸਰ ਸਕਾਟ ਨੂੰ ਮਾਰਨ ਦਾ ਫੈਸਲਾ ਕੀਤਾ। ਇਸ ਸਾਰੀ ਕਾਰਵਾਈ ਦੀ ਜ਼ੁੰਮੇਵਾਰੀ ਆਜ਼ਾਦ ਨੇ ਲਈ ਸੀ। 17 ਦਸੰਬਰ 1928 ਨੂੰ ਐਕਸ਼ਨ ਦੌਰਾਨ ਭੁਲੇਖੇ ਨਾਲ ਮਿਸਟਰ ਸਾਂਡਰਸ ਮਾਰਿਆ ਗਿਆ ਸੀ। ਜੈ ਗੋਪਾਲ ਨੂੰ ਜ਼ੁੰਮੇਵਾਰੀ ਸੌਂਪੀ ਗਈ ਸੀ ਤੇ ਉਹ ਸਕਾਟ ਦੇ ਦਫਤਰ ਪਹੁੰਚਣ ਦੇ ਵਕਤ 'ਤੇ ਨਜ਼ਰ ਰੱਖੇ। ਇਸ ਐਕਸ਼ਨ 'ਚ ਚੰਦਰ ਸੇਆਜ਼ਾਦ, ਰਾਜਗੁਰੂ ਤੇ ਭਗਤ ਸਿੰਘ ਨੇ ਹਿੱਸਾ ਲਿਆ ਸੀ।

ਡਾ. ਦੀਵਨ ਸਿੰਘ ਨੇ ਅਦਾਲਤ 'ਚ ਆਪਣੇ ਬਿਆਨ 'ਚ ਕਿਹਾ ਸੀ ਕਿ ਉਸ ਨੇ 4 ਫਰਵਰੀ 1929 ਨੂੰ ਡਾ. ਨਿਗਮ ਦੀ ਦੁਕਾਨ ਦਾ ਮੇਜ਼ ਕੁਰਸੀ ਅਤੇ ਦਵਾਈਆਂ ਆਦਿ 25 ਰੁਪਏ ਵਿੱਚ ਡਾ. ਨਿਗਮ ਤੋਂ ਖਰੀਦੇ ਸਨ।

ਲੋਕਾਂ ਮੁਤਾਬਕ ਫਿਰੋਜ਼ਪੁਰ ਨਿਵਾਸੀ ਸਵਰਗੀ ਰਾਮ ਗੋਪਾਲ ਦੱਸਦੇ ਹੁੰਦੇ ਸਨ ਕਿ ਉਹ ਜਦੋਂ 7-8 ਸਾਲ ਦੇ ਉਮਰ ਦੇ ਸਨ। ਉਹਨਾਂ ਦੇ ਬਜ਼ੁਰਗ ਉਹਨਾਂ ਦੇ ਕਿਤਾਬਾਂ ਵਾਲੇ ਬੈਗ ਵਿੱਚ ਕਿਤਾਬਾਂ ਦੇ ਨਾਲ ਰੋਟੀ ਬੰਨ੍ਹ ਦਿੰਦੇ ਸਨ ਜਿਹੜੀ ਉਹ ਭਗਤ ਸਿੰਘ ਤੇ ਉਸਦੇ ਸਾਥੀਆਂ ਨੂੰ ਤੂੜੀ ਬਾਜ਼ਾਰ ਦੇ ਕੇ ਆਉਂਦੇ ਸਨ। ਉਹਨਾਂ ਮੁਤਾਬਿਕ ਭਗਤ ਸਿੰਘ ਜਾਂ ਤਾਂ ਕੁੱਝ ਪੜ੍ਹ ਲਿਖ ਰਿਹਾ ਹੁੰਦਾ ਸੀ ਜਾਂ ਕਸਰਤ ਕਰ ਰਿਹਾ ਹੁੰਦਾ ਸੀ।



ਜਿਸ ਇਮਾਰਤ 'ਚ ਕ੍ਰਾਂਤੀਕਾਰੀਆਂ ਦਾ ਗੁਪਤ ਟਿਕਾਣਾ ਹੁੰਦਾ ਸੀ ਉੱਥੇ ਅੱਜ ਦਵਾਖਾਨੇ ਵਾਲੀ ਥਾਂ ਤੇ ਇੱਕ ਕਰਿਆਨੇ ਦੀ ਦੁਕਾਨ ਖੁੱਲ੍ਹੀ ਹੋਈ ਹੈ। ਉੱਪਰ ਵਾਲਾ ਚੁਬਾਰਾ ਜਿੱਥੇ ਡਾ. ਗਯਾ ਪ੍ਰਸਾਦ ਰਿਹਾ ਕਰਦਾ ਸੀ, ਉੱਥੇ ਇੱਕ ਪਰਿਵਾਰ ਕਿਰਾਏ ਤੇ ਰਹਿ ਰਿਹਾ ਹੈ। ਇਹ ਇਮਾਰਤ ਇਸ ਵੇਲੇ ਸ੍ਰੀ ਕ੍ਰਿਸ਼ਨਾ ਮੰਦਰ ਟਰੱਸਟ ਦੇ ਅਧੀਨ ਹੈ। ਉਹ ਹੀ ਕਿਰਾਇਆ ਲੈਂਦੇ ਹਨ। ਇਮਾਰਤ ਦੀ ਦਿੱਖ ਅੱਜ ਵੀ ਬਾਹਰੋਂ ਬਹੁਤ ਪੁਰਾਣੀ ਹੈ। ਸਾਲਾ ਤੋਂ ਰੰਗ ਰੋਗਨ ਨਹੀਂ ਹੋਇਆ।

ਡਿਪਟੀ ਕਮਿਸ਼ਨਰ ਫਿਰੋਜ਼ਪੁਰ ਦੇ ਸੱਦੇ ਤੇ ਕਰੀਬ ਅੱਠ ਸਾਲ ਪਹਿਲਾ ਡਾਇਰੈਕਟਰ ਨੈਸ਼ਨਲ ਮਿਊਜ਼ੀਅਮ ਅਤੇ ਆਰਕਿਓਲੋਜੀ ਸਰਵੇ ਆਫ ਇੰਡੀਆ ਦੇ ਅਧਿਕਾਰੀਆਂ ਦੀ ਟੀਮ ਨੇ ਇਥੇ ਤੂੜੀ ਬਾਜ਼ਾਰ ਦਾ ਦੌਰਾ ਕੀਤਾ ਸੀ। ਉਸ ਵੇਲੇ ਵੀ ਲੋਕਾਂ ਨੇ ਬੇਨਤੀ ਕੀਤੀ ਕਿ ਇਸ ਚੁਬਾਰੇ ਦੀ ਨੈਸ਼ਨਲ ਹੈਰੀਟੇਜ਼ ਵਜੋਂ ਸੰਭਾਲ ਕੀਤੀ ਜਾਵੇ ਪਰ ਅਜੇ ਤੱਕ ਕੁੱਝ ਨਹੀਂ ਹੋਇਆ।

ਸ੍ਰੀ ਨੰਦ ਕਿਸੋ ਨੇ ਦੱਸਿਆ ਕਿ ਉਹਨਾਂ ਦੇ ਦਾਦਾ ਜੀ ਲਾਹੌਰੀ ਰਾਮ ਸ਼ਾਸਤਰੀ ਵੀ ਇਸ ਚਬਰਾਰੇ 'ਚ ਰਹਿੰਦੇ ਰਹੇ ਹਨ। ਹੁਣ ਇਹ ਚੁਬਾਰਾ ਮੇਰੇ ਅਧੀਨ ਹੈ। ਹੁਣ ਇੱਥੇ ਮੇਰੇ ਦੋਸਤ ਦਾ ਪਰਿਵਾਰ ਕਿਰਾਏ ਤੇ ਰਹਿ ਰਿਹਾ ਹੈ। ਮੈਂ ਇਸ ਦਾ ਕਿਰਾਇਆ ਕ੍ਰਿਸ਼ਨਾ ਮੰਦਰ ਟਰੱਸਟ ਨੂੰ ਦਿੰਦਾ ਹਾਂ ਪਰ ਜੇ ਸਰਕਾਰ ਭਗਤ ਸਿੰਘ ਤੇ ਉਸਦੇ ਸਾਥੀਆਂ ਦੀ ਫਿਰੋਜ਼ਪੁਰ ਨਾਲ ਜੁੜੀ ਯਾਦਗਾਰ ਦੇ ਪ੍ਰਤੀਕ ਇਸ ਮਕਾਨ ਨੂੰ ਸਮਾਰਕ ਬਣਾਉਣਾ ਚਾਹਵੇ ਤਾਂ ਉਹ ਖੁਸ਼ੀ-ਖੁਸ਼ੀ ਪੰਜਾਬ ਸਰਕਾਰ ਦੇ ਆਦੇਸ਼ ਨੂੰ ਪ੍ਰਵਾਨ ਕਰਨਗੇ।

ਫਿਰੋਜ਼ਪੁਰ ਦੇ ਲੋਕਾਂ ਦਾ ਕਹਿਣਾ ਹੈ ਕਿ ਸਰਕਾਰ ਨੂੰ ਇਸ ਇਮਾਰਤ ਨੂੰ ਸ਼ਹੀਦਾਂ ਦੀ ਯਾਦਗਾਰ 'ਚ ਬਦਲਣਾ ਚਾਹੀਦਾ ਹੈ ਤਾਂ ਜੋ ਦੇਸ਼ ਦੀ ਆਜ਼ਾਦੀ ਲਈ ਜਿੰਦੜੀਆਂ ਕੁਰਬਾਨ ਕਰਨ ਵਾਲੇ ਸ਼ਹੀਦ ਲੋਕਾਂ ਦੇ ਮਨਾਂ 'ਚ ਜਿੰਦਾ ਰਹਿਣ।

ਅੰਗਰੇਜ਼ ਸਰਕਾਰ ਵੱਲੋਂ ਕ੍ਰਾਂਤੀਕਾਰੀਆਂ ਦੇ ਗ੍ਰਿਫਤਾਰ ਹੋਣ ਤੋਂ ਬਾਅਦ ਮੁਕੱਦਮੇ ਦੌਰਾਨ ਫਿਰੋਜ਼ਪੁਰ 'ਚ ਕ੍ਰਾਂਤੀਕਾਰੀਆਂ ਦੇ ਗੁਪਤ ਟਿਕਾਣੇ ਤੇ ਰਹਿੰਦੇ ਜਾਂ ਆਉਂਦੇ ਕ੍ਰਾਂਤੀਕਾਰੀਆਂ ਦੀ ਸ਼ਨਾਖਤ ਲਈ ਅਦਾਲਤ 'ਚ ਫਿਰੋਜ਼ਪੁਰ ਸ਼ਹਿਰ ਦੇ ਭੁਗਤਾਏ ਗਏ ਗਵਾਹਾਂ ਦੀ ਸੂਚੀ।

ਗੱਜੂ ਰਾਮ (ਗਵਾਹ ਨੰਬਰ 295) ਪੁੱਤਰ ਖੇਲੂ ਰਾਮ, ਨਾਈ। ਇਹ ਗੁਆਂਢੀ ਸੀ। ਚੁਬਾਰੇ ਦੇ ਬਿਲਕੁਲ ਸਾਹਮਣੇ ਰਹਿੰਦਾ ਸੀ। ਇਸ ਨੇ ਡਾ. ਨਿਗਮ ਦੇ ਦਾੜ੍ਹੀ ਤੇ ਵਾਲ ਕਈ ਵਾਰ ਕੱਟੇ। ਇਸ ਨੇ ਡਾ. ਨਿਗਮ ਤੋਂ ਆਪਣੀ ਬਿਮਾਰੀ ਦਾ ਇਲਾਜ ਵੀ ਕਰਵਾਇਆ ਸੀ।

ਕਾਲੂ ਰਾਮ (ਗਵਾਹ ਨੰਬਰ 199) ਪੁੱਤਰ ਲਾਲਾ ਸਾਥਾ ਮੱਲ ਦੁਕਾਨਦਾਰ ਦੀਵਾਨ ਚੰਦ (ਗਵਾਹ ਨੰਬਰ 200) ਪੁੱਤਰ ਮੋਤੀ ਰਾਮ, ਜ਼ਿਮੀਦਾਰ, ਗੁਆਂਢੀ ਤੁਲਸੀ ਰਾਮ (ਗਵਾਹ ਨੰਬਰ 292) ਪੁੱਤਰ ਪੰਡਤ ਗੰਡਾ ਰਾਮ, ਰੀਡਰ ਐਡੀਸ਼ਨਲ ਜ਼ਿਲ੍ਹਾ ਮੈਜਿਸਟਰੇਟ ਫਿਰੋਜ਼ਪੁਰ ਲੇਖ ਰਾਜ (ਗਵਾਹ ਨੰਬਰ 293) ਪੁੱਤਰ ਕਿਸ਼ੋਰ ਚੰਦ ਮਕਾਨ ਮਾਲਕ ਜਿੱਥੇ ਗੁਪਤ ਟਿਕਾਣਾ ਸੀ। ਲੇਖ ਰਾਜ ਨੇ ਦੱਸਿਆ ਮੇਰੇ ਕੋਲੋਂ ਇਹ ਭਗਵਾਨ ਸਵਰੂਪ ਦੇ ਨਾਮ 'ਤੇ ਕਿਰਾਏ 'ਤੇ ਲਿਆ ਸੀ।

ਸਾਧੂ ਰਾਮ (ਗਵਾਹ ਨੰਬਰ 294) ਪੁੱਤਰ ਲਛਮਣ ਦਾਸ, ਲੇਖਰਾਜ ਦਾ ਮੁਨੀਮ

ਮੁਹੰਮਦ ਤੁਫੈਲ (ਗਵਾਹ ਨੰਬਰ 296) ਪੁੱਤਰ ਫੈਜ ਬਖ਼ਸ਼ ਪੇਂਟਰ, ਇਸ ਨੇ ਕਲੀਨਿਕ ਦਾ ਬੋਰਡ ਲਿਖਿਆ ਸੀ।

ਚੰਦਾ ਸਿੰਘ (ਗਵਾਹ ਨੰਬਰ 297) ਪੁੱਤਰ ਹਰੀ ਸਿੰਘ ਦਰਜੀ ਇਸ ਨੇ ਡਾ. ਗਯਾ ਪ੍ਰਸਾਦ ਉਰਫ ਡਾ. ਨਿਗਮ ਦੀ ਇੱਕ ਟੋਪੀ ਤੇ ਕੋਟ ਤਿਆਰ ਕੀਤਾ ਸੀ।

ਸ੍ਰੀਮਤੀ ਬੀਬੀ ਰਾਣੀ (ਗਵਾਹ ਨੰਬਰ 301) ਵਿਧਵਾ ਲਾਲੂ

ਡਾ: ਦੀਵਾਨ ਸਿੰਘ (ਗਵਾਹ ਨੰਬਰ 302) ਨੇ ਡਾ. ਨਿਗਮ ਤੋਂ 25 ਰੁਪਏ 'ਚ ਦੁਕਾਨ ਦੀ ਮੇਜ਼-ਕੁਰਸੀ ਤੇ ਦਵਾਈਆਂ ਖਰੀਦੀਆਂ ਸਨ।

ਦੀਨਾਂ ਨਾਥ (ਗਵਾਹ ਨੰਬਰ 304) ਪੁੱਤਰ ਦੀਵਾਨ ਚੰਦ, ਜਿਮੀਂਦਾਰ ਰਾਮ ਸ਼ਰਨ ਦਾਸ (ਗਵਾਹ ਨੰਬਰ 408) ਪੁੱਤਰ ਹਰਿਆ ਮੱਲ, ਵਪਾਰੀ, ਡਾ. ਨਿਗਮ ਨੇ ਕੁੱਝ ਦਿਨ ਇਸ ਦੇ ਹੋਟਲ ਤੋ ਰੋਟੀ ਖਾਧੀ ਸੀ।

ਮਹਾਰਾਜ ਸਵਰੂਪ (ਗਵਾਹ ਨੰਬਰ 407) ਪੁੱਤਰ ਭਗਵਾਨ ਸਹਾਏ, ਅਧਿਆਪਕ, ਕਦੇ-ਕਦੇ ਡਾ. ਨਿਗਮ ਤੋਂ ਇਲਾਜ ਕਰਵਾਉਂਦਾ ਸੀ।

ਮਿਰਨ ਬਖ਼ਸ਼ (ਗਵਾਹ ਨੰਬਰ 300) ਪੁੱਤਰ ਰਾਂਝਾ, ਚਾਰਾ ਵਪਾਰੀ

ਸ਼ਰਨ ਦੱਤ (ਗਵਾਹ ਨੰਬਰ 108) ਪੁੱਤਰ ਝੰਡਾ ਰਾਮ, ਜਿਲ੍ਹੇਦਾਰ

ਜੈ ਗੋਪਾਲ (ਗਵਾਹ ਨੰਬਰ 2) ਪੁੱਤਰ ਦੀਵਾਨ ਚੰਦ, ਕ੍ਰਾਂਤੀਕਾਰੀ ਪਾਰਟੀ ਦਾ ਮੈਂਬਰ ਸੀ ਪਰ ਫੜ੍ਹੇ ਜਾਣ ਤੇ ਸਰਕਾਰੀ ਵਾਅਦਾ ਮੁਆਫ ਗਵਾਹ ਬਣ ਗਿਆ ਸੀ।

ਭਾਗ ਰਾਮ (ਗਵਾਹ ਨੰਬਰ 306) ਪੁੱਤਰ ਮਾਇਆ ਦਾਸ, ਕਲਰਕ ਡਿਪਟੀ ਕਮਿਸ਼ਨਰ ਦਫਤਰ, ਫਿਰੋਜ਼ਪੁਰ

ਸਿਰੀ ਰਾਮ (ਗਵਾਹ ਨੰਬਰ 307) ਪੁੱਤਰ ਗੋਕਲ ਚੰਦ ਕਲਰਕ ਆਰਸੀਨਲ ਦਫਤਰ, ਫਿਰੋਜਪੁਰ

ਹੰਸ ਰਾਜ (ਗਵਾਹ ਨੰਬਰ 318) ਪੁੱਤਰ ਹਰੀ ਰਾਮ, ਮਾਲਕ ਹਿੰਦੂ ਸ਼ਰਮਾ ਹੋਟਲ ਫਿਰੋਜ਼ਪੁਰ ਅਦਾਲਤੀ ਬਿਆਨਾਂ, ਗਵਾਹਾਂ, ਸ਼ਨਾਖਤਾਂ ਆਦਿ ਦੇ ਆਧਾਰ ਤੇ ਇਹਨਾਂ ਕ੍ਰਾਂਤੀਕਾਰੀਆਂ ਦੀ ਪੁਸ਼ਟੀ ਹੋਈ ਜਿਹੜੇ ਤੂੜੀ ਬਾਜ਼ਾਰ ਮੁਹੱਲਾ ਸਾਹਗੰਜ 'ਚ ਭਗਤ ਸਿੰਘ ਤੇ ਉਸਦੇ ਸਾਥੀਆਂ ਵੱਲੋਂ ਬਣਾਏ ਗੁਪਤ ਟਿਕਾਣੇ ਤੇ ਰਹਿੰਦੇ ਸਨ ਜਾਂ ਆਉਣਾ-ਜਾਣਾ ਸੀ।

ਡਾ. ਗਯਾ ਪ੍ਰਸਾਦ ਉਰਫ ਡਾ. ਬੀ. ਐਸ. ਨਿਗਮ

ਸਿਵ ਵਰਮਾ ਉਰਫ ਰਾਮ ਨਰਾਇਣ ਕਪੂਰ ਵੱਡੇ ਭਾਈ ਸਾਹਿਬ

ਵਿਜੈ ਕੁਮਾਰ ਸਿਨਹਾ ਉਰਫ ਬੱਚੂ

ਭਗਤ ਸਿੰਘ

ਮਹਾਂਵੀਰ ਸਿੰਘ ਉਰਫ ਪ੍ਰਤਾਪ ਸਿੰਘ

ਸੁਖਦੇਵ ਉਰਫ ਵਿਲੇਜਰ

ਚੰਦਰ ਸ਼ੇਖਰ ਆਜ਼ਾਦ ਉਰਫ ਪੰਡਤ ਜੀ

ਜੈ ਗੋਪਾਲ ਉਰਫ ਗੋਪਾਲ

ਇੱਕ ਹੋਰ ਕ੍ਰਾਂਤੀਕਾਰੀ ਪ੍ਰੇਮ ਦੱਤ ਗੁਪਤ ਰੂਪ ਵਿੱਚ ਕੁਝ ਦੇਰ ਕੂਚਾ ਪਟਵਾਰੀਆਂ ਫਿਰੋਜ਼ਪੁਰ ਸ਼ਹਿਰ ਰਿਹਾ:-

ਇਹ ਕ੍ਰਾਂਤੀਕਾਰੀ ਪਾਰਟੀ ਦਾ ਮੈਂਬਰ ਸੀ। ਪਾਰਟੀ ਨੇ ਇਸ ਨੂੰ ਪੜ੍ਹਾਈ ਲਿਖਾਈ ਵਿੱਚ ਚੰਗਾ ਹੋਣ ਕਰਕੇ ਮਾਰਚ 1929 ਦੇ ਅੰਤ 'ਚ ਫਿਰੋਜ਼ਪੁਰ 'ਚ ਟਾਈਪਿੰਗ ਸਿਖਣ ਲਈ ਭੇਜਿਆ ਸੀ। ਇਹ ਫਿਰੋਜ਼ਪੁਰ 'ਚ 24-25 ਦਿਨ ਰਾਮ ਲਾਲ ਦੇ ਕੂਚਾ ਪਟਵਾਰੀਆਂ ਦੇ ਮਕਾਨ 'ਚ ਕਿਰਾਏ ਤੇ ਰਿਹਾ। ਇਸ ਨੇ ਟਾਇਪ ਸਾਰਟਹੈਂਡ ਕਾਲਜ ਫਿਰੋਜ਼ਪੁਰ ਸ਼ਹਿਰ 'ਚ ਦਾਖਲਾ ਲਿਆ। 12 ਅਪਰੈਲ ਨੂੰ ਕਿਸ਼ੋਰੀ ਲਾਲ ਕ੍ਰਾਂਤੀਕਾਰੀ ਇਸ ਨੂੰ ਮਿਲਣ ਫਿਰੋਜ਼ਪੁਰ ਸ਼ਹਿਰ ਵੀ ਆਇਆ ਸੀ।

ਇਸ ਦਾ ਕੰਮ ਬੰਬ ਬਣਾਉਣ ਦੇ ਫਾਰਮੂਲੇ ਨੂੰ ਕਾਪੀ 'ਚ ਨਕਲ ਕਰਨ ਅਤੇ ਪਾਰਟੀ ਦੇ ਮੁੱਖ ਮੈਂਬਰ ਦੇ ਗ੍ਰਿਫਤਾਰ ਹੋਣ ਤੋਂ ਬਾਅਦ ਉਸ ਦਾ ਸਮਾਨ ਸੁੱਰਖਿਅਤ ਟਿਕਾਣੇ ਪਹੁੰਚਾਉਣਾ ਸੀ।

20 ਅਪ੍ਰੈਲ ਦੇ ਲਾਗੇ ਪ੍ਰੇਮ ਦੱਤ ਜਦੋਂ ਫਿਰੋਜ਼ਪੁਰ ਸੀ ਉਸ ਨੂੰ ਕਿਸ਼ੋਰੀ ਲਾਲ ਦੇ ਗ੍ਰਿਫਤਾਰ ਹੋਣ ਦੀ ਸੂਚਨਾ ਮਿਲੀ ਤਾਂ ਉਹ ਲਾਹੌਰ ਲਈ ਰਵਾਨਾ ਹੋ ਗਿਆ ਤੇ ਉੱਥੋਂ ਗਵਾਲਮੰਡੀ, ਲਾਹੌਰ ਦੇ ਉਤਮ ਨਿਵਾਸ ਹਾਊਸ (ਪਾਰਟੀ ਦੇ ਟਿਕਾਣੇ) ਤੋਂ ਕਿਤਾਬ ਤੇ ਹੋਰ ਸਾਮਾਨ ਆਦਿ ਲੈ ਕੇ ਆਪਣੇ ਘਰ ਗੁਜਰਾਤ ਚਲਾ ਗਿਆ।

ਪ੍ਰੇਮ ਦੱਤ ਨੇ ਆਪਣੇ ਬਿਆਨਾਂ 'ਚ ਮੰਨਿਆ ਕਿ ਉਹ ਫਿਰੋਜ਼ਪੁਰ ਵਿੱਚ ਟਾਈਪ ਸਿੱਖਣ ਗਿਆ ਸੀ। ਫਿਰੋਜ਼ਪੁਰ ਸ਼ਹਿਰ ਦੇ ਗਵਾਹ ਰਾਮ ਲਾਲ ਮੁਕੰਦ ਲਾਲ, ਵਸਾਊ ਰਾਮ ਅਤੇ ਰੋਸ਼ਨ ਲਾਲ ਨੇ ਸ਼ਨਾਖਤ ਕੀਤੀ ਸੀ ਕਿ ਪ੍ਰੇਮ ਦੱਤ ਫਿਰੋਜ਼ਪੁਰ ਆਇਆ ਸੀ। ਪ੍ਰੇਮ ਦੱਤ ਵੱਲੋਂ ਉਸ ਦੇ ਗੁਆਂਢੀ ਰੋਸ਼ਨ ਲਾਲ ਤੋਂ ਉਧਾਰ ਲਈਆਂ ਦੋ ਕਿਤਾਬਾ ਗੁਜਰਾਤ ਵਿੱਚ ਪ੍ਰੇਮ ਦੱਤ ਤੋਂ ਬਰਾਮਦ ਹੋਈਆਂ।

ਅੰਗਰੇਜ਼ ਸਰਕਾਰ ਵੱਲੋਂ ਪ੍ਰੇਮਦੱਤ ਦੇ ਗ੍ਰਿਫਤਾਰ ਹੋਣ ਤੋਂ ਬਾਅਦ ਮੁਕੱਦਮੇ ਦੌਰਾਨ ਫਿਰੋਜ਼ਪੁਰ 'ਚ ਪ੍ਰੇਮ ਦੱਤ ਦੀ ਮੌਜੂਦਗੀ ਬਾਰੇ ਸ਼ਨਾਖਤ ਲਈ ਅਦਾਲਤ 'ਚ ਫਿਰੋਜ਼ਪੁਰ ਸ਼ਹਿਰ ਦੇ ਭੁਗਤਾਏ ਗਵਾਹਾਂ ਦੀ ਸੂਚੀ

ਰੋਸ਼ਨ ਲਾਲ (ਗਵਾਹ ਨੰਬਰ 305) ਪੁੱਤਰ ਭਗਤ ਨਿਰਮਲ ਦਾਸ, ਰੇਲਵੇ ਦਫਤਰ, ਫਿਰੋਜ਼ਪੁਰ ਵਿੱਚ ਕਲਰਕ ਸੀ ਤੇ ਉਸਦਾ ਗੁਆਂਢੀ ਸੀ। ਰੋਸ਼ਨ ਲਾਲ ਨੇ ਦੋ ਕਿਤਾਬਾਂ ਪ੍ਰੇਮ ਦੱਤ ਨੂੰ ਪੜ੍ਹਨ ਲਈ ਦਿੱਤੀਆਂ ਸਨ।

ਰਾਮ ਲਾਲ (ਗਵਾਹ ਨੰਬਰ 298) ਪੁੱਤਰ ਬਹਾਦਰ ਮੱਲ, ਪ੍ਰੇਮ ਦੱਤ ਨੇ ਇਸ ਦਾ ਮਕਾਨ ਕਿਰਾਏ ਤੇ ਲਿਆ ਸੀ।

ਮੁਕੰਦ ਲਾਲ (ਗਵਾਹ ਨੰਬਰ 299) ਪੁੱਤਰ ਲਾਲ ਗੋਪਾਲ, ਪ੍ਰਿੰਸੀਪਲ ਟਾਈਪ - ਸਾਰਟਹੈਂਡ ਕਾਲਜ, ਫਿਰੋਜ਼ਪੁਰ, ਪ੍ਰੇਮਦੱਤ ਨੇ ਟਾਈਪ ਸਿੱਖਣ ਲਈ ਇਸੇ ਕਾਲਜ 'ਚ ਦਾਖਲਾ ਲਿਆ ਸੀ।

ਵਸਾਊ ਰਾਮ (ਗਵਾਹ ਨੰਬਰ 439) ਹੋਟਲ ਮਾਲਕ, ਪ੍ਰੇਮ ਦੱਤ ਨੇ 14-15 ਦਿਨ ਇਸ ਦੇ ਹੋਟਲ ਤੋ ਖਾਣਾ ਖਾਧਾ ਸੀ।

**97792-32276**

### ਉਮੀਦਵਾਰ ਸ਼ੁਸੀਲ ਟੇਲਰ ਹੰਸਰਾ ਦੇ ਹੱਕ ਵਿੱਚ ਬੈਠਾ

## 'ਈਲੈਕਟ ਹੰਸਰਾ' ਚੋਣ ਪ੍ਰਚਾਰ ਸਿਖਰਾਂ ਵੱਲ ਵੱਧਣ ਲੱਗਾ





ਬਰੈਂਪਟਨ: ਬਰੈਂਪਟਨ ਵਿੱਚ ਹੋ ਰਹੀਆਂ ਮਿਊਂਸਪਲ ਚੋਣਾਂ? ਵਿੱਚ ਸੁਖਮਿੰਦਰ ਸਿੰਘ ਹੰਸਰਾ, ਵਾਰਡ 2 ਅਤੇ 6 ਵਿਚੋਂ ਸਿਟੀ ਕੌਂਸਲਰ ਦੀਆਂ ਚੋਣਾਂ ਵਿੱਚ ਉਮੀਦਵਾਰ ਹੈ, ਦੇ ਚੋਣ ਪ੍ਰਚਾਰ ਨੂੰ ਉਸ ਵੇਲੇ ਜਬਰਦਸਤ ਹੁਲਾਰਾ ਮਿਲਿਆ ਜਦੋਂ ਹੰਸਰਾ ਦੇ ਵਿਰੁੱਧ ਚੋਣ ਲੜ ਰਹੇ ਨੌਜੁਆਨ ਉਮੀਦਵਾਰ ਸੁਸ਼ੀਲ ਟੇਲਰ ਨੇ ਹੰਸਰਾ ਦੇ ਚੋਣ ਦਫਤਰ ਵਿੱਚ ਆ ਕੇ ਐਲਾਨ ਕੀਤਾ ਕਿ ਉਹ ਹੰਸਰਾ ਦੇ ਹੱਕ ਵਿੱਚ ਬੈਠ ਰਿਹਾ ਹੈ। ਸੁਸ਼ੀਲ ਟੇਲਰ ਨੇ ਕਿਹਾ ਕਿ ਜਿਹੜੇ ਮੁੱਦਿਆਂ ਤੇ ਮੈਂ ਚੋਣ ਲੜ ਰਿਹਾ ਸੀ, ਉਹੀ ਮੁੱਦੇ ਹੰਸਰਾ ਜੀ ਨੇ ਚੁੱਕੇ ਹਨ। ਇਸ ਕਰਕੇ ਸਾਡਾ ਦੋਵਾਂ ਦਾ ਚੋਣ ਮੈਦਾਨ ਵਿੱਚ ਰਹਿਣਾ ਉਚਿਤ ਨਹੀਂ ਹੈ। ਟੇਲਰ ਨੇ ਕਿਹਾ ਕਿ ਹੰਸਰਾ ਇਸ ਚੋਣ ਨੂੰ ਜਿੱਤਣ ਲਈ ਮੇਰੇ ਨਾਲੋਂ ਵਧੀਆ ਸਥਿਤੀ ਵਿੱਚ ਹੈ। ਇਸ ਕਰਕੇ ਮੈਂ ਸਿਰਫ?ਹੰਸਰਾ ਦੇ ਹੱਕ ਵਿੱਚ ਬੈਠ ਹੀ ਨਹੀਂ ਰਿਹਾ ਸਗੋਂ ਪੂਰਾ ਜ਼ੋਰ ਲਾ ਕੇ ਇਨ੍ਹਾਂ ਨੂੰ ਜਿਤਾਉਣ ਵਿੱਚ ਭੂਮਿਕਾ ਨਿਭਾਵਾਂਗਾ।

ਸੁਸ਼ੀਲ ਦੇ ਚੋਣ ਮੈਦਾਨ 'ਚੋਂ ਹੰਸਰਾ ਦੇ ਹੱਕ ਵਿੱਚ ਬੈਠਣ ਨਾਲ ਸਾਡੇ ਚੋਣ ਪ੍ਰਚਾਰ ਨੂੰ ਜਬਰਦਸਤ ਹੁਲਾਰਾ ਮਿਲਿਆ ਹੈ। ਇਹ ਗੱਲ ਹੰਸਰਾ ਦੇ ਮੈਨੇਜਰ ਹਰਪ੍ਰੀਤ ਸਿੰਘ ਹੰਸਰਾ ਨੇ ਕਿਹਾ। ਸੁਖਮਿੰਦਰ ਸਿੰਘ? ਹੰਸਰਾ ਨੇ ਸੁਸ਼ੀਲ ਟੇਲਰ ਦਾ ਧੰਨਵਾਦ ਕਰਦਿਆਂ ਇਸ ਨੂੰ ਸ਼ੁਭ ਕਦਮ ਕਰਾਰ ਦਿੱਤਾ।

ਬਰੈਂਪਟਨ ਇੱਕ ਅਤਿ ਸੁੰਦਰ ਸ਼ਹਿਰ ਹੈ ਜਿਸ ਨੂੰ ਵਿਭਿੰਨਤਾ ਦਾ ਗੁਲਦਸਤਾ ਕਿਹਾ ਜਾ ਸਕਦਾ ਹੈ। ਇਸਦੀ ਸਰਕਾਰ ਵਿੱਚ ਆਈ ਨੈਤਿਕ ਗਿਰਾਵਟ ਨੂੰ ਵੇਖਦਿਆਂ ਮੈਨੂੰ ਮਹਿਸੂਸ ਹੋਇਆ ਕਿ ਚੋਣ ਲੜ ਕੇ ਕੌਂਸਲ ਵਿੱਚ ਜਾਣਾ ਹੁਣ ਜਰੂਰੀ ਹੋ ਗਿਆ ਹੈ। ਇਹ ਲਫਜ਼ ਸੁਖਮਿੰਦਰ ਸਿੰਘ ਹੰਸਰਾ ਨੇ ਕਹੇ। ਉਨ੍ਹਾਂ ਕਿਹਾ ਕਿ ਕੈਨੇਡਾ ਵਰਗੇ ਵਿਕਸਤ ਮੁਲਕ ਦੇ 9ਵੇਂ ਵੱਡੇ ਅਤੇ ਸਭ ਤੋਂ ਤੇਜੀ ਨਾਲ ਵਿਸਥਾਰ ਹੋਣ ਵਾਲੇ ਸ਼ਹਿਰ ਦੀ ਕੌਂਸਲ ਵਿੱਚ ਪਿਛਲੇ ਦੋ ਦਹਾਕਿਆਂ ਤੋਂ ਚੁਣੇ ਆ ਰਹੇ ਕੌਂਸਲ ਮੈਂਬਰ ਦਰਅਸਲ ਨਵੇਂ ਖਿਆਲਾਂ ਤੋਂ ਖਾਲੀ ਹੋ ਚੁੱਕੇ ਹਨ। ਉਹ ਖੁਦ ਨੂੰ ਲੋਕਾਂ ਦੇ ਸੇਵਾਦਾਰ ਨਹੀਂ ਸਗੋਂ ਹੁਕਮਰਾਨ ਸਮਝ ਬੈਠੇ ਹਨ।

**ਧੜੱਲੇਦਾਰ ਸ਼ਖ਼ਸ਼ੀਅਤ ਦਾ ਮਾਲਕ**

ਸੁਖਮਿੰਦਰ ਸਿੰਘ ਹੰਸਰਾ, ਇੱਕ ਮਜਬੂਤ ਸ਼ਖਸੀਅਤ ਦਾ ਮਾਲਕ ਹੈ। ਉਹ ਆਪਣੇ ਨਿਸ਼ਾਨਿਆਂ ਤੋਂ ਥਿੜਕਣ ਦਾ ਆਦੀ ਨਹੀਂ ਹੈ। ਉਹ ਹਰ ਰੋਜ਼ ਨਿਸ਼ਾਨੇ ਬਦਲਾ ਵੀ ਨਹੀਂ ਹੈ। ਉਸਦਾ ਨਾਹਰਾ ਕਿ "ਇਹ ਆਵਾਜ਼ ਜਿਸ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕੇਗਾ" ਸੌ ਫੀਸਦੀ ਸੱਚ ਹੈ। ਹੰਸਰਾ ਅਜਿਹੀ ਤਬੀਅਤ ਦਾ ਮਾਲਕ ਹੈ ਕਿ ਉਸਨੇ ਕਮਿਊਨਟੀ ਦੇ ਕੰਮਾਂ ਵਿੱਚ ਕਦੇ ਸੱਦਾ ਪੱਤਰ ਨਹੀਂ ਉਡੀਕਿਆ ਸਗੋਂ ਖੁਦ ਸ਼ਾਮਲ ਹੋ ਕੇ ਲੋਕਾਂ ਦੀ ਆਵਾਜ਼ ਬਣਦਾ ਰਿਹਾ ਹੈ। ਉਸਦੇ ਹਮੇਸ਼ਾਂ ਲੋਕਾਂ ਦੇ ਹੱਕ ਵਿੱਚ ਆਵਾਜ਼ ਬੁਲੰਦ ਕੀਤੀ ਹੈ।

ਤਿੰਨ ਦਹਾਕਿਆਂ ਤੋਂ ਮੀਡੀਏ ਨਾਲ ਜੁੜਿਆ ਸੁਖਮਿੰਦਰ ਸਿੰਘ ਹੰਸਰਾ, ਹੁਣ ਰਾਜਨੀਤਕ ਪਿੜ ਵਿੱਚ ਪੈੜਾਂ ਪਾਉਣ ਨੂੰ ਅੱਗੇ ਆਇਆ ਹੈ। ਇੱਕ ਸੁਆਲ ਦੇ ਜੁਆਬ ਵਿੱਚ ਸੁਖਮਿੰਦਰ ਸਿੰਘ ਹੰਸਰਾ ਨੇ ਕਿਹਾ ਕਿ ਜਿਸ ਦਿਨ ਤੋਂ ਮੈਂ ਪੇਪਰ ਭਰੇ ਹਨ ਅਤੇ ਫੇਸਬੁੱਕ ਤੇ ਇਹ ਜਾਣਕਾਰੀ ਪੋਸਟ ਕੀਤੀ ਹੈ, ਮੈਨੂੰ ਦੋ ਢਾਈ ਹਜ਼ਾਰ ਲੋਕਾਂ ਨੇ ਸ਼ੁਭ ਇਛਾਵਾਂ ਦਿੱਤੀਆਂ ਅਤੇ ਸੁਪੋਰਟ ਕਰਨ ਦਾ ਵਾਅਦਾ ਕੀਤਾ ਹੈ। ਇਹ ਹਕੀਕਤ ਹੈ ਕਿ ਚੋਣ ਲੋਕਾਂ ਦੀ ਸੁਪੋਰਟ ਤੋਂ ਬਿਨ੍ਹਾਂ ਜਿੱਤੀ ਨਹੀਂ ਜਾ ਸਕਦੀ। ਅਤੇ ਲੋਕਾਂ ਦੀ ਹਰ ਪੱਖੋਂ ਗਹਿ ਗੱਡਵੀਂ ਸੁਪੋਰਟ ਮਿਲ ਰਹੀ ਹੈ।

**ਸਾਈਨਾਂ ਦੀ ਹਨੇਰੀ**

"ਈਲੈਕਟ ਹੰਸਰਾ" ਕੈਂਪ ਦੇ ਵਲੰਟੀਅਰਾਂ ਨੇ ਵਾਰਡ 2 ਅਤੇ 6 ਵਿੱਚ ਇਸ ਵੀਕਐਂਡ ਤੇ ਹਨੇਰੀ ਲਿਆ ਦਿੱਤੀ। ਤੇਜ ਹਵਾਵਾਂ ਅਤੇ ਹਲਕੀ ਹਲਕੀ ਵਾਰਿਸ਼ ਦੇ ਬਾਵਜੂਦ ਵਲੰਟੀਅਰਾਂ ਨੇ ਜੰਗੀ ਪੱਧਰ ਤੇ ਡੋਰ ਨੌਕਿੰਗ ਕੀਤੀ ਅਤੇ ਸਾਈਨ ਲਗਾਏ। ਸਾਨੂੰ ਘਰ ਘਰ ਜਾਣ ਤੇ ਅਹਿਸਾਸ ਹੋਇਆ ਕਿ ਪੰਜਾਬੀ ਵੋਟਰ ਹੀ ਨਹੀਂ ਸਗੋਂ 1 ਅਕਤੂਬਰ ਨੂੰ ਰੋਜਰ ਤੇ ਪ੍ਰਸਾਰਤ ਹੋਈ ਡੀਬੇਟ ਸਦਕਾ ਗੈਰ ਪੰਜਾਬੀ ਵੋਟਰ ਵੀ ਹੰਸਰਾ ਨੂੰ ਵੋਟ ਦੇਣ ਲਈ ਤਿਆਰ ਹੋ ਰਹੇ ਹਨ, ਇਹ ਗੱਲ ਡੋਰ ਨੌਕਿੰਗ ਮੌਕੇ ਜਗਦੇਵ ਤੂਰ ਨੇ ਅਦਾਰਾ ਡੇਲੀ ਨੂੰ ਦੱਸੀ।

ਜੱਸੀ ਹੰਸਰਾ, ਜੋ ਸਾਈਨ ਲਾਉਣ ਦਾ ਇੰਚਾਰਜ ਹੈ, ਨੇ ਦੱਸਿਆ ਕਿ ਇਸ ਵੀਕਐਂਡ ਤੇ ਸੈਂਕੜੇ ਸਾਈਨ ਲੱਗ ਚੁੱਕੇ ਹਨ ਅਤੇ ਵੱਡੀ ਤਾਦਾਦ ਵਿੱਚ ਸਾਈਨਾਂ ਲਈ ਬੇਨਤੀਆਂ ਆ ਰਹੀਆਂ ਹਨ। ਹੰਸਰਾ ਨੇ ਕਿਹਾ ਕਿ ਜਿਹੜਾ ਘਰ ਸਾਉਨ ਲਾਉਣ ਦੀ ਇਜਾਜ਼ਤ ਦਿੰਦਾ ਹੈ, ਉਹ ਸਿਰਫ ਵੋਟ ਪਾਉਣ ਦੀ ਹਾਮੀ ਹੀ ਨਹੀਂ ਭਰਦਾ ਸਗੋਂ ਘਰ ਅੱਗੇ ਸਾਈਨ ਲਗਵਾਅ ਕੇ ਉਮੀਦਵਾਰ ਦੀ ਜਾਣਕਾਰੀ ਵੀ ਆਂਢ ਗੁਆਂਢ ਤੱਕ ਪਹੁੰਚਾਉਂਦਾ ਹੈ। ਜੱਸੀ ਨੇ ਕਿਹਾ ਕਿ ਗੈਰ ਪੰਜਾਬੀ ਲੋਕ ਆਪਣੇ ਘਰ ਅੱਗੇ ਇੱਕ ਉਮੀਦਵਾਰ ਦਾ ਸਾਈਨ ਹੀ ਲਗਵਾ ਰਹੇ ਹਨ ਜਦੋਂ ਕਿ ਸਾਡੀ ਪੰਜਾਬੀ ਕਮਿਊਨਟੀ ਮਹਿਮਾਨ ਨਿਵਾਜੀ ਵਿੱਚ ਸ਼ਿਖਰ ਤੇ ਹੈ, ਭਾਵ ਉਹ ਕਿਸੇ ਉਮੀਦਵਾਰ ਨੂੰ ਸਾਈਨ ਲਾਉਣ ਤੇ ਜੁਆਬ ਨਹੀਂ ਦਿੰਦੇ।

ਸੁਖਮਿੰਦਰ ਸਿੰਘ ਹੰਸਰਾ ਨੇ ਦੱਸਿਆ ਕਿ ਉਹ ਇਸ ਵੀਕਐਂਡ ਤੇ ਕਈ ਗਰੁੱਪਾਂ ਨੂੰ ਮਿਲਿਆ ਜਿਥੋਂ ਗਹਿ ਗੱਡਵਾਂ ਹੁੰਗਾਰਾ ਮਿਲ ਰਿਹਾ ਹੈ। ਉਨ੍ਹਾਂ ਕਿਹਾ ਕਿ ਹਰ ਕੈਂਪ ਨੂੰ ਵਲੰਟੀਅਰਾਂ ਦੀ ਘਾਟ ਮਹਿਸੂਸ ਹੋ ਰਹੀ ਹੈ ਕਿਉਂਕਿ ਸਾਰੇ ਵਾਰਡਾਂ ਵਿੱਚ ਹਰ ਕਿਸੇ ਦਾ ਕੋਈ ਨਾ ਕੋਈ ਜਾਣਦਾ ਉਮੀਦਵਾਰ ਮੈਦਾਨ ਵਿੱਚ ਹੈ ਜਿਸ ਨਾਲ ਵਲੰਟੀਅਰ ਵੰਡੇ ਗਏ। ਹੰਸਰਾ ਨੇ ਕਿਹਾ ਕਿ ਸਾਡੀ ਖੁਸ਼ਕਿਸਮਤੀ ਇਹ ਹੈ ਕਿ ਸਾਡੇ ਨਾਲ ਕੁੱਝ ਉਹ ਦੋਸਤ ਮਿੱਤਰ ਜੁੜੇ ਹੋਏ ਹਨ ਜਿਹੜੇ ਆਮ ਤੌਰ ਤੇ ਚੋਣਾਂ ਮੌਕੇ ਵਲੰਟੀਅਰ ਨਹੀਂ ਕਰਦੇ। ਉਹ ਨਿਰੋਲ "ਈਲੈਕਟ ਹੰਸਰਾ" ਕੈਂਪ ਲਈ ਵਲੰਟੀਅਰ ਕਰਦੇ ਹਨ, ਪਰ ਸਾਡੇ ਕੈਂਪ ਨੂੰ ਵੀ ਅਜੇ 50 ਹੋਰ ਵਲੰਟੀਅਰਾਂ ਦੀ ਸਖ਼ਤ ਲੋੜ ਹੈ।

"ਈਲੈਕਟ ਹੰਸਰਾ" ਕੈਂਪੇਨ ਬੜੇ ਯੋਜਨਾ ਵੱਧ ਢੰਗ ਨਾਲ ਅੱਗੇ ਵੱਧ ਰਹੀ ਹੈ। ਇਸ ਵਿੱਚ ਵੱਖ ਵੱਖ ਕਮਿਊਨਟੀਆਂ ਅਤੇ ਵਰਗ ਦੇ ਲੋਕਾਂ ਦੀ ਸ਼ਮੂਲੀਅਤ ਆਪ ਮੁਹਾਰੇ ਹੈ। ਹੰਸਰਾ ਦੇ ਹੱਕ ਵਿੱਚ ਚੋਣ ਪ੍ਰਚਾਰ ਕਰਨ ਨਾਲ ਸਾਨੂੰ ਤਸੱਲੀ ਹੁੰਦੀ ਹੈ ਕਿ ਅਸੀਂ ਬਰੈਂਪਟਨ ਦੇ ਭਵਿੱਖ ਨੂੰ ਸੰਵਾਰਨ ਲਈ ਸਮ੍ਹਾਂ ਲਗਾ ਰਹੇ ਹਾਂ। ਇਹ ਗੱਲ ਪਰਮਜੀਤ ਸਿੰਘ ਨੇ ਅਦਾਰਾ ਡੇਲੀ ਨੂੰ ਕਹੀ। "ਈਲੈਕਟ ਹੰਸਰਾ" ਕੈਂਪੇਨ ਇਹ ਵਾਹਿਦ ਕੈਂਪੇਨ ਹੈ ਜਿਸ ਵਿੱਚ ਬੱਚੇ ਅਤੇ ਬਜ਼ੁਰਗ ਹਰ ਉਮਰ ਵਰਗ ਦੇ ਲੋਕ ਦਰਵਾਜ਼ੇ ਖੜਕਾਅ ਰਹੇ ਹਨ ਅਤੇ ਪ੍ਰਚਾਰ ਕਰ ਰਹੇ ਹਨ।

ਜਾਣਕਾਰੀ 905-455-5111 ਜਾਂ 416-275-2000 ਤੇ ਫੋਨ ਕੀਤਾ ਜਾ ਸਕਦਾ ਹੈ। ਅਗਰ ਕਿਸੇ ਨੇ ਬਰੈਂਪਟਨ ਦੇ ਮੁੱਦਿਆਂ ਬਾਰੇ ਸੁਖਮਿੰਦਰ ਸਿੰਘ ਹੰਸਰਾ ਨਾਲ ਗੱਲ ਕਰਨੀ ਹੈ ਤਾਂ ਫੋਨ ਕਰੋ 905-455-9999

# ਝੂਠੇ ਪੁਲਿਸ ਮੁਕਾਬਲੇ ਵਿਚ ਮਾਰੇ ਗਏ ਦੋ ਨੌਜਵਾਨਾਂ ਤੇ ਪੇਸ਼ ਹੈ ਜਮਹੂਰੀ ਅਧਿਕਾਰ ਸਭਾ ਪੰਜਾਬ

## ਜ਼ਿਲ੍ਹਾ ਲੁਧਿਆਣਾ ਵੱਲੋਂ ਇੱਕ ਜਾਂਚ ਰਿਪੋਰਟ

**ਜਾਂਚ ਕਮੇਟੀ ਮੈਂਬਰ : ਪ੍ਰੋ. ਏ.ਕੇ. ਮਲੇਰੀ, ਜਸਵੰਤ ਜੀਰਖ਼, ਸਤੀਸ਼ ਸਚਦੇਵਾ ਅਤੇ ਡਾ. ਹਰਬੰਸ ਸਿੰਘ ਗਰੇਵਾਲ**

**ਘਟਨਾ ਸਥਾਨ : ਲੁਧਿਆਣਾ ਸ਼ਹਿਰ ਵਿੱਚ ਪੈਂਦੇ ਇਲਾਕਾ ਜਮਾਲਪੁਰ ਦੀ ਆਹਲੂਵਾਲੀਆ ਕਲੋਨੀ ।**

ਘਟਨਾ ਦਾ ਵੇਰਵਾ : ਸਥਾਨਕ ਲੋਕਾਂ ਤੋਂ ਮਿਲੀ ਜਾਣਕਾਰੀ ਮੁਤਾਬਕ 27 ਸਤੰਬਰ 2014 ਨੂੰ ਸਵੇਰੇ 9:00 ਵਜੇ ਦੇ ਕਰੀਬ ਕੁੱਝ ਪੁਲੀਸ ਵਾਲੇ ਆਹਲੂਵਾਲੀਆ ਕਲੋਨੀ ਵਿੱਚ ਪੈਂਦੇ ਇੱਕ ਔਰਤ ਮਨਪ੍ਰੀਤ ਸਿਮਰਨ ਦੇ ਘਰ ਅੱਗੇ ਆਏ ਅਤੇ ਉਨ੍ਹਾਂ ਨੇ ਇਸ ਦੇ ਨਾਲ ਲੱਗਦੇ ਘਰ ਦਾ ਬੂਹਾ ਖੁਲ੍ਹਵਾਇਆ ਅਤੇ ਆਪਣੀ ਪੁਲਿਸ ਦੀ ਆਈ. ਡੀ. ਦਿਖਾ ਕੇ ਉਪਰ ਪੌੜੀਆਂ ਚੜ੍ਹ ਗਏ। ਜਦੋਂ ਜਾਂਚ ਕਮੇਟੀ ਮੈਂਬਰਾਂ ਨੇ ਉਸ ਘਰ ਵਾਲਿਆਂ ਤੋਂ ਜਾਣਕਾਰੀ ਲੈਣ ਦੀ ਕੋਸ਼ਿਸ਼ ਕੀਤੀ ਤਾਂ ਅੰਦਰੋਂ ਇੱਕ ਔਰਤ ਬੋਲੀ ਜਿਸ ਨੇ ਅੰਦਰੋਂ ਹੀ ਦੱਸਿਆ ਕਿ ਮੇਰੀ ਨੂੰਹ ਘਰੇ ਸੀ ਜਿਸ ਨੂੰ ਇੱਕ ਪੁਲਿਸ ਵਾਲੇ ਨੇ ਆਈ. ਡੀ. ਕਾਰਡ ਦਿਖਾਇਆ ਅਤੇ ਉਪਰ ਚਲਾ ਗਿਆ।

ਇਸ ਤੋਂ ਝੱਟ ਹੀ ਬਾਦ ਗੋਲੀਆਂ ਦੀਆਂ ਅਵਾਜ਼ਾਂ ਆਉਣੀਆਂ ਸ਼ੁਰੂ ਹੋ ਗਈਆਂ। ਉਸ ਵਕਤ ਮਨਪ੍ਰੀਤ ਸਿਮਰਨ ਦੇ ਘਰ ਵਿੱਚ ਕੁੱਝ ਨੌਜਵਾਨ ਸਨ। ਮਨਪ੍ਰੀਤ ਸਿਮਰਨ ਆਪਣੇ ਘਰ ਵਿੱਚ ਪੀ.ਜੀ. ਚਲਾ ਰਹੀ ਸੀ ਜਿਸ ਕਰਕੇ ਕੁੱਝ ਲੜਕੇ ਉੱਥੇ ਰਹਿੰਦੇ ਸਨ। ਸਥਾਨਕ ਆਂਢ-ਗੁਆਂਢ ਦੇ ਲੋਕਾਂ ਨੇ ਜਾਂਚ ਕਮੇਟੀ ਨੂੰ ਦੱਸਿਆ ਕਿ ਗੋਲੀਆਂ ਦੀ ਅਵਾਜ਼ ਸੁਣ ਕੇ ਅਸੀਂ ਸਹਿਮ ਗਏ ਪਰੰਤੂ ਕੁੱਝ ਕੁ ਨੇ ਓਹਲਿਆਂ ਤੋਂ ਖੜ੍ਹ ਕੇ ਦੇਖਣ ਦੀ ਕੋਸ਼ਿਸ਼ ਵੀ ਕੀਤੀ ਜਿਸ ਤੇ ਉਨ੍ਹਾਂ ਦੱਸਿਆ ਕਿ ਉਥੇ ਇੱਕ ਸਕਾਰਪੀਓ ਖੁੱਲੀ ਗੱਡੀ ਖੜ੍ਹੀ ਸੀ ਜਿਸ ਤੇ ਖੰਨਾ ਪੁਲਿਸ ਲਿਖਿਆ ਹੋਇਆ ਸੀ। ਲੋਕਾਂ ਇਹ ਵੀ ਦੇਖਿਆ ਕਿ ਇੱਕ ਮੁੰਡਾ ਗਲੀ ਵਿੱਚ ਭੱਜਿਆ ਜਾ ਰਿਹਾ ਸੀ ਜਿਸ ਦੇ ਪਿੱਛੇ ਇੱਕ ਹੋਰ ਆਦਮੀ ਚਿੱਟੇ ਕੱਪੜਿਆਂ ਵਿੱਚ ਹੱਥ ਵਿਚ ਪਿਸਤੌਲ ਫੜੀ ਭੱਜਿਆ ਆ ਰਿਹਾ ਸੀ ਅਤੇ ਪਿਸਤੌਲ ਫੜੀ ਵਾਲੇ ਬੰਦੇ ਨੇ ਮੁੰਡੇ ਨੂੰ ਗਲੀ ਵਿਚ ਫੜ ਲਿਆ ਅਤੇ ਉਸਨੂੰ ਖਿਚ ਕੇ ਮਨਪ੍ਰੀਤ ਸਿਮਰਨ ਦੇ ਘਰ ਵੱਲ ਲੈ ਗਿਆ। ਸਥਾਨਕ ਲੋਕਾਂ ਦੇ ਦੱਸਣ ਮੁਤਾਬਕ ਕੋਈ 10/15 ਗੋਲੀਆਂ ਚੱਲਣ ਦੀਆਂ ਅਵਾਜ਼ਾਂ ਆਈਆਂ। ਇਸ ਤੋਂ ਬਾਅਦ ਉਸੇ ਖੰਨਾ ਪੁਲਿਸ ਦੀ ਗੱਡੀ ਵਿਚ ਕੁੱਝ ਬੰਦੇ ਬੈਠ ਕੇ ਚਲੇ ਗਏ ਜੋ ਕਿ ਸਿਵਲ ਵਰਦੀਆਂ ਵਿੱਚ ਸਨ। ਉਨ੍ਹਾਂ ਦੇ ਜਾਣ ਤੋਂ ਬਾਦ ਲੋਕਾਂ ਦੇਖਿਆ ਕਿ ਮਨਪ੍ਰੀਤ ਸਿਮਰਨ ਵੀ ਕਿਸੇ ਹੋਰ ਬੰਦੇ ਨਾਲ ਸਕੂਟਰ ’ਤੇ ਬੈਠ ਕੇ ਚਲੀ ਗਈ। ਕੁਝ ਸਥਾਨਕ ਲੋਕਾਂ ਹਿੰਮਤ ਕਰਕੇ ਜਮਾਲਪੁਰ ਪੁਲਿਸ ਨੂੰ ਫੋਨ ਕੀਤਾ ਜਿਸ ਤੇ ਲੁਧਿਆਣਾ ਪੁਲਿਸ, ਘਟਨਾ ਤੋਂ ਤਕਰੀਬਨ ਅੱਧਾ ਘੰਟਾ ਬਾਦ ਆਈ। ਪਹਿਲਾਂ ਸਿਰਫ ਇਕ ਏ. ਐਸ. ਆਈ. ਤੇ ਇਕ ਸਿਪਾਹੀ ਹੀ ਆਇਆ ਸੀ।

ਮੁਹੱਲੇ ਦੇ 8/10 ਬੰਦੇ ਜਦੋਂ ਮਨਪ੍ਰੀਤ ਸਿਮਰਨ ਦੇ ਘਰ ਗਏ ਤਾਂ ਉਨ੍ਹਾਂ ਦੇਖਿਆ ਕਿ ਉਥੇ ਦੋ ਨੌਜਵਾਨਾਂ ਦੀਆਂ ਲਾਸ਼ਾ ਪਈਆਂ ਸਨ ਅਤੇ ਜਿਨ੍ਹਾਂ ਦੇ ਜਿਸਮ ’ਤੇ ਗੋਲੀਆਂ ਲੱਗੀਆਂ ਹੋਈਆਂ ਸਨ ਤੇ ਖ਼ੂਨ ਨਿਕਲਿਆ ਹੋਇਆ ਸੀ। ਕੁੱਝ ਲੋਕਾਂ ਦਾ ਆਖਣਾ ਸੀ ਕਿ ਪੁਲਿਸ ਦੇ ਬੰਦੇ ਦੋ ਮੁੰਡਿਆਂ ਨੂੰ ਫੜ ਕੇ ਵੀ ਲੈ ਗਏ ਹਨ। ਜਾਂਚ ਕਮੇਟੀ ਨੇ ਇਹ ਵੀ ਪਾਇਆ ਕਿ ਲੋਕਾਂ ਵਿਚ ਜਿਥੇ ਪੁਲਿਸ ਦੀ ਇਸ ਕੀਤੀ ਗਈ ਕਾਰਵਾਈ ਦੇ ਖਿਲਾਫ ਗੁੱਸਾ ਸੀ ਉਥੇ ਦਹਿਸ਼ਤ ਵੀ ਬਹੁਤ ਸੀ।

ਇਸ ਲਈ ਕੁੱਝ ਲੋਕਾਂ ਨੇ ਆਪਣਾ ਨਾਂ ਨਾ ਲਿਖਣ ਦੀ ਸੂਰਤ ਵਿਚ ਜਾਂਚ ਕਮੇਟੀ ਨੂੰ ਅੱਖੀਂ ਦੇਖਿਆ ਹਾਲ ਦੱਸਿਆ। ਜਾਂਚ ਕਮੇਟੀ ਨੂੰ ਅਖ਼ਬਾਰੀ ਖਬਰਾਂ ਤੋਂ ਪਤਾ ਲੱਗਿਆ ਕਿ ਮਾਰੇ ਗਏ ਦੋਵੇਂ ਨੌਜਵਾਨ ਸਕੇ ਭਰਾ ਸਨ ਜਿਨ੍ਹਾਂ ਦੇ ਨਾਮ ਹਰਿੰਦਰ ਸਿੰਘ ਅਤੇ ਜਤਿੰਦਰ ਸਿੰਘ ਸਨ ਅਤੇ ਉਹ ਸਤਪਾਲ ਸਿੰਘ ਦੇ ਲੜਕੇ ਪਿੰਡ ਬੋਹਾਪੁਰ ਤੋਂ ਸਨ। ਜਿਸ ਤੇ ਜਾਂਚ ਕਮੇਟੀ ਮੈਂਬਰ ਪਿੰਡ ਬੋਹਾਪੁਰ ਪਹੁੰਚੀ। ਬੋਹਾਪੁਰ ਜੋ ਕੁਹਾੜੇ ਤੋਂ ਮਾਛੀਵਾੜਾ ਰੋਡ ਤੇ ਪੈਂਦਾ ਹੈ, ਵਿਖੇ ਜਾ ਕੇ ਜਾਂਚ ਕਮੇਟੀ ਮੈਂਬਰਾਂ ਦੇਖਿਆ ਕਿ ਸਤਪਾਲ ਸਿੰਘ ਦਾ ਘਰ ਖੇਤਾਂ ਵਿੱਚ ਹੈ ਅਤੇ ਇੱਕ ਗਰੀਬ ਹੈ, ਜੋ ਕਿ ਰਾਮਦਾਸੀਆ (ਹਰੀਜ਼ਨ) ਪਰਿਵਾਰ ਨਾਲ ਸਬੰਧ ਰੱਖਦਾ ਹੈ। ਸਤਪਾਲ ਸਿੰਘ ਦੇ ਘਰ ਬੜਾ ਗਮਗੀਨ ਮਹੌਲ ਸੀ ਅਤੇ ਕੁੱਝ ਬੰਦੇ ਹੋਰ ਵੀ ਘਰ ਅਫ਼ਸੋਸ ਕਰਦੇ ਬੈਠੇ ਹੋਏ ਸਨ। ਜਾਂਚ-ਕਮੇਟੀ ਨੇ ਆਪਣੀ ਜਾਣਕਾਰੀ ਦੇਣ ਤੋਂ ਬਾਅਦ ਸਤਪਾਲ ਸਿੰਘ ਨੇ ਹਿੰਮਤ ਜਟਾਉਂਦਿਆਂ ਜਾਂਚ ਕਮੇਟੀ ਨੂੰ ਹਾਲਾਤ ਦਾ ਵੇਰਵਾ ਦਿੰਦਿਆਂ ਦੱਸਿਆ ਕਿ “ਅਸਲ ਗੱਲ ਤਾਂ ਇਹ ਹੈ ਜੀ ਕਿ ਮੇਰੇ ਦੋਵੇਂ ਲੜਕੇ ਬੜੇ ਹੋਣਹਾਰ ਸਨ, ਪੜ੍ਹਾਈ ਤੇ ਖੇਡਾਂ ਵਿਚ ਵੀ ਮੁਹਾਰਤ ਰੱਖਦੇ ਸਨ। ਪਿਛਲੀਆਂ ਲੰਘੀਆਂ ਪਾਰਲੀਮੈਂਟਰੀ ਚੋਣਾਂ ਵਿਚ ਉਨ੍ਹਾਂ ਨੇ ਆਮ ਆਦਮੀ ਪਾਰਟੀ ਵਿਚ ਸਰਗਰਮੀ ਨਾਲ ਕੰਮ ਕਰਨਾ ਸ਼ੁਰੂ ਕੀਤਾ ਸੀ। ਉਹ ਆਮ ਆਦਮੀ ਪਾਰਟੀ ਦੇ ਪੋਲਿੰਗ ਏਜੰਟ ਵੀ ਬਣੇ ਸਨ। ਸਾਡੇ ਗੁਆਂਢ ਪਿੰਡ ਤੱਖਰਾਂ ਦਾ ਸਾਬਕਾ ਸਰਪੰਚ ਗੁਰਜੀਤ ਸਿੰਘ ਜਿਸ ਦੇ ਘਰਵਾਲੀ ਰਾਜਵਿੰਦਰ ਕੌਰ ਮੌਜੂਦਾ ਸਰਪੰਚ ਹੈ, ਇਕ ਅਕਾਲੀ ਲੀਡਰ ਹੈ ਅਤੇ ਉਸਦਾ ਪੁਲਿਸ ਨਾਲ ਗੂੜ੍ਹਾ ਮੇਲ ਜੋਲ ਹੈ। ਸਿਆਸੀ ਖੈਹ-ਬਾਜ਼ੀ ਵਿਚ ਉਹ ਮੇਰੇ ਮੁੰਡਿਆਂ ’ਤੇ ਖਾਰ ਖਾਂਦਾ ਸੀ ਇਸੇ ਜਿੱਦ ’ਚੋਂ ਉਸਨੇ ਮੇਰੇ ਮੁੰਡਿਆਂ ਨੂੰ ਬਦਨਾਮ ਕਰਨ ਲਈ ਅਤੇ ਫਸਾਉਣ ਲਈ ਉਨ੍ਹਾਂ ਤੇ ਕੁੜੀਆਂ ਛੇੜਨ ਦਾ ਕੇਸ ਵੀ ਮਾਛੀਵਾੜੇ ਥਾਣੇ ਪਵਾਇਆ ਹੋਇਆ ਹੈ।” ਇਸੇ ਤਰ੍ਹਾਂ ਇਕ ਹੋਰ ਕੇਸ ਦਾ ਜ਼ਿਕਰ ਕਰਦਿਆਂ ਸਤਪਾਲ ਸਿੰਘ ਨੇ ਦੱਸਿਆ ਕਿ “ਗੁਰਜੀਤ ਸਿੰਘ ਸਰਪੰਚ ਦੇ ਪਿੰਡ ਤੱਖਰਾਂ ਵਿਖੇ ਸਿੰਝ ਦਾ ਮੇਲਾ ਲੱਗਿਆ ਸੀ, ਉਥੇ ਗੁਰਜੀਤ ਸਿੰਘ ਦੇ ਘਰਾਂ ’ਚੋਂ ਲੱਗਦੇ ਭਤੀਜੇ ਦੀ ਕਿਸੇ ਹੋਰ ਮੁੰਡਿਆਂ ਨਾਲ ਲੜਾਈ ਹੋ ਗਈ ਉਸ ਲੜਾਈ ਵਿੱਚ ਵੀ ਗੁਰਜੀਤ ਸਿੰਘ ਨੇ ਮੇਰੇ ਦੋਵੇਂ ਲੜਕਿਆਂ ਦਾ ਨਾਮ ਝੂਠਾ ਹੀ ਲਿਖਵਾ ਦਿੱਤਾ ਅਤੇ ਠਾਣੇ ਪਰਚਾ ਕੱਟਵਾ ਦਿੱਤਾ। ਜਦੋਂ ਕਿ ਮੇਰਾ ਇਕ ਲੜਕਾ ਜਤਿੰਦਰ ਸਿੰਘ ਤਾਂ ਉਸ ਦਿਨ ਆਪਣੀ ਮਾਸੀ ਕੋਲ ਪਿੰਡ ਬੁਲਾਲੇ ਗਿਆ ਹੋਇਆ ਸੀ।” ਇਸ ਕਰਕੇ ਮਾਛੀਵਾੜਾ ਪੁਲਿਸ ਸਾਡੇ ਘਰ ਗੇੜੇ ਮਾਰਨ ਲੱਗੀ ਅਤੇ ਧਮਕੀਆਂ ਦਿੰਦੇ ਰਹੇ ਕਿ ਆਪਣੇ ਮੁੰਡਿਆਂ ਨੂੰ ਪੇਸ਼ ਕਰੋ। ਮੇਰੀ ਘਰਵਾਲੀ ਨੂੰ ਕੋਈ ਤਿੰਨ ਦਿਨ ਨਜਾਇਜ਼ ਹੀ ਠਾਣੇ ਬਿਠਾ ਰੱਖਿਆ। ਮੇਰੇ ਲੜਕੇ ਵੀ ਪੁਲਿਸ ਦੇ ਡਰ ਤੋਂ ਘਰੋਂ ਪਰੇ ਕਦੇ ਕਿਤੇ, ਕਦੇ ਕਿਤੇ ਲੁਕਦੇ ਫਿਰਦੇ ਸਨ। ਪੁਲਿਸ ਦੀ ਪ੍ਰੇਸ਼ਾਨੀ ਤੋਂ ਖਹਿੜਾ





ਮ੍ਰਿਤਕ ਨੌਜਵਾਨਾਂ ਦੀਆਂ ਫਾਈਲ ਫੋਟੋਆਂ।



ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਮ੍ਰਿਤਕ ਨੌਜਵਾਨਾਂ ਦੇ ਮਾਪੇ।

ਛਡਾਉਣ ਦੇ ਮਾਰਿਆਂ ਮੈਂ ਆਪਣੇ ਲੜਕਿਆਂ ਨੂੰ ਬੇ-ਦਖਲ ਕਰ ਦਿੱਤਾ। ਅਸੀਂ ਆਪਣੇ ਬੱਚਿਆਂ ਦੀ ਜ਼ਮਾਨਤ ਕਰਾਉਣ ਲਈ ਯਤਨ ਕੀਤੇ ਅਤੇ ਜ਼ਮਾਨਤ ਦੀ ਤਾਰੀਖ ’ਤੇ ਵੀ ਪੁਲਿਸ ਮੇਰੇ ਮੁੰਡਿਆਂ ਨੂੰ ਫੜਨ ਲਈ ਪਹੁੰਚੀ। ਇੱਥੇ ਹੀ ਐਸ. ਐਚ. ਓ. ਮਾਛੀਵਾੜਾ ਨੇ ਮੈਨੂੰ ਆਖਿਆ ਕਿ ਆਪਣੇ ਮੁੰਡਿਆਂ ਨੂੰ ਪੇਸ਼ ਕਰਦੇ ਨਹੀਂ ਤਾਂ ਉਨ੍ਹਾਂ ਨੂੰ ਕੋਈ ਗੋਲੀ ਮਾਰ ਦੇਵੇਗਾ।” ਘਟਨਾ ਵਾਪਰਨ ਤੱਕ ਸਾਨੂੰ ਨਹੀਂ ਸੀ ਪਤਾ ਕਿ ਮੇਰੇ ਲੜਕੇ ਜਮਾਲਪੁਰ ਵਿਖੇ ਆਹਲੂਵਾਲੀਆ ਕਲੋਨੀ ਵਿੱਚ ਰਹਿੰਦੇ ਹਨ। ਮਿਤੀ 27.09.2014 ਨੂੰ ਤਕਰੀਬਨ 10:00 ਵਜੇ ਸਵੇਰੇ ਸਾਡੇ ਪਿੰਡ ਬੋਹਾਪੁਰ ਦਾ ਸਰਪੰਚ ਮੇਰੇ ਘਰ ਆਇਆ ਜਿਸ ਨੇ ਦੱਸਿਆ ਕਿ ਐਸ.ਪੀ. ਦਾ ਫੋਨ ਆਇਆ ਹੈ ਜੋ ਕਹਿੰਦਾ ਹੈ ਕਿ ਕੋਈ ਜਮਾਲਪੁਰ ਇਨਕਾਊਂਟਰ ਹੋਇਆ ਹੈ। ਉਸ ਤੋਂ ਬਾਅਦ ਕੋਈ 12:0o ਵਜੇ ਦੇ ਕਰੀਬ ਪੱਤਰਕਾਰ ਆਏ ਜਿਨ੍ਹਾਂ ਨੇ ਵੀ ਕਿਹਾ ਕਿ ਜਮਾਲਪੁਰ ਵਿਖੇ ਇਕ ਇਨਕਾਊਂਟਰ ਹੋਇਆ ਹੈ ਤੇ ਦੋ ਮੁੰਡੇ ਮਾਰੇ ਗਏ ਹਨ ਜਾਕੇ ਸ਼ਨਾਖਤ ਕਰ ਲਉ। ਇਸ ਤੇ ਅਸੀਂ ਸਮਝ ਗਏ ਕਿ ਇਹ ਤਾਂ ਸਾਡੇ ਲੜਕਿਆਂ ਨਾਲ ਹੀ ਕੋਈ ਭਾਣਾ ਵਰਤ ਗਿਆ ਹੈ। ਜਦੋਂ ਅਸੀਂ ਘਟਨਾ ਸਥਾਨ ’ਤੇ ਪਹੁੰਚੇ ਤਾਂ ਸਾਡੀਆਂ ਥਾਹਾਂ ਨਿਕਲ ਗਈਆਂ ਆਪਣੇ ਦੋਵਾਂ ਬੇਟਿਆਂ ਦੀਆਂ ਲਾਸ਼ਾ ਦੇਖ ਕੇ! ਉਥੇ ਖੜ੍ਹੇ ਪੁਲਿਸ ਅਫ਼ਸਰਾਂ ਨੂੰ ਅਸੀਂ ਕਿਹਾ ਕਿ ਮੁਕਾਬਲੇ ਦੀ ਗੱਲ ਕੋਰਾ ਝੂਠ ਹੈ ਨਾ ਤਾਂ ਕਮਰੇ ਵਿਚ ਕੋਈ ਸਮਾਨ ਆਦਿ ਖਿਲਰਿਆ, ਡਿੱਗਿਆ ਹੋਇਆ ਹੈ ਅਤੇ ਨਾ ਹੀ ਕਿਸੇ ਪਾਸੇ ਕੰਧਾਂ ਆਦਿ ’ਤੇ ਕੋਈ ਗੋਲੀਆਂ ਦੇ ਨਿਸ਼ਾਨ ਹਨ। ਮੈਂ ਦੇਖਿਆ ਤੇ ਪੁਲਿਸ ਨੂੰ ਕਿਹਾ ਕਿ ਦੇਖੋ ਮੇਰੇ ਬੇਟਿਆਂ ਦੇ ਬਿਲਕੁਲ ਨੇੜੇ ਤੋਂ ਗੋਲੀਆਂ ਮਾਰੀਆਂ ਹੋਈਆਂ ਹਨ। ਇਕ ਬੇਟੇ ਦੇ ਛਾਤੀ ਵਿੱਚ ਅਤੇ ਦੂਜੇ ਦੇ ਸਿਰ ਵਿਚ ਮਾਰੀਆਂ ਹੋਈਆਂ ਸਨ। ਸਥਾਨਕ ਲੋਕਾਂ ਨੇ ਵੀ ਜਾਂਚ ਕਮੇਟੀ ਨੂੰ ਦੱਸਿਆ ਸੀ ਕਿ ਜਿਸ ਵਕਤ ਅਸੀਂ ਲਾਸ਼ਾਂ ਦੇਖੀਆਂ ਤਾਂ ਸਾਨੂੰ ਇਹ ਨਹੀਂ ਲੱਗਿਆ ਇਥੇ ਕੋਈ ਮੁਕਾਬਲੇ ਵਾਲੀ ਗੱਲ ਹੋਈ ਹੈ। ਸਤਪਾਲ ਸਿੰਘ ਨੇ ਜਾਂਚ ਕਮੇਟੀ ਨੂੰ ਦੱਸਿਆ ਕਿ ਜਦੋਂ ਅਸੀਂ ਪੋਸਟਮਾਰਟਮ ਤੇ ਸਿਵਲ ਹਸਪਤਾਲ ਪਹੁੰਚੇ ਤਾਂ ਸਾਨੂੰ ਦੱਸਿਆ ਗਿਆ ਕਿ ਸਾਬਕਾ ਸਰਪੰਚ ਤੱਖਰਾਂ ਗੁਰਜੀਤ ਸਿੰਘ ਦੀ ਗ੍ਰਿਫਤਾਰੀ ਕਰ ਲਈ ਹੈ ਅਤੇ ਪੁਲਿਸ ਮੁਲਾਜ਼ਮ ਵੀ ਗ੍ਰਿਫਤਾਰ ਕਰ ਲਏ ਹਨ। ਸਤਪਾਲ ਸਿੰਘ ਨੇ ਕਿਹਾ ਕਿ ਇਹ ਵੀ ਪਤਾ ਲੱਗਿਆ ਹੈ ਕਿ ਐਸ. ਐਚ. ਓ. ਮਾਛੀਵਾੜਾ ਥਾਣੇ ਤੋਂ ਸਵੇਰੇ ਰਵਾਨਗੀ ਪਾ ਕੇ ਘਟਨਾ ਸਥਾਨ ਵੱਲ ਆਇਆ ਹੈ। ਜਾਂਚ ਕਮੇਟੀ ਮੈਂਬਰ ਮਾਛੀਵਾੜੇ ਥਾਣੇ ਵਿਖੇ ਗਏ ਜਿੱਥੇ ਮੋਹਨ ਲਾਲ ਮੁਨਸ਼ੀ ਨੇ ਦੱਸਿਆ ਕਿ ਪਹਿਲੇ ਐਚ. ਐਚ. ਓ. ਮਨਿੰਦਰ ਸਿੰਘ ਤਾਂ ਲਾਈਨ ਹਾਜ਼ਰ ਕਰ ਦਿੱਤੇ ਹਨ ਹੁਣ ਚਾਰਜ ਐਸ. ਐਚ. ਓ. ਜਗਦੀਸ਼ ਸਿੰਘ ਕੋਲ ਹੈ। ਜਗਦੀਸ਼ ਸਿੰਘ ਐਸ.ਐਚ.ਓ. ਨੇ ਪੁੱਛਣ ’ਤੇ ਦੱਸਿਆ ਇਹ ਠੀਕ ਹੈ ਕਿ ਐਸ. ਐਚ. ਓ. ਮਨਿੰਦਰ ਸਿੰਘ ਦੀ ਰਵਾਨਗੀ ਘਟਨਾ ਸਥਾਨ ਵੱਲ ਦੀ ਪਈ ਹੋਈ ਹੈ ਪਰ ਉਹ ਉੱਥੇ ਗਏ ਨਹੀਂ। ਪੁੱਛਣ ’ਤੇ ਕਿ ਕੀ ਮਾਛੀਵਾੜਾ ਪੁਲਿਸ ਨੇ ਸਬੰਧਤ ਇਲਾਕੇ ਥਾਣਾ ਜਮਾਲਪੁਰ ਨੂੰ ਕੋਈ ਇਤਲਾਹ ਦਿੱਤੀ ਸੀ ? ਤਾਂ ਐਸ. ਐਚ. ਓ. ਮਨਿੰਦਰ ਸਿੰਘ ਨੇ ਆਖਿਆ ਕਿ “ਇਹੀ ਤਾਂ ਗਲਤੀਆਂ ਹੋਈਆਂ ਹਨ ਜੋ ਭੁਗਤਣੀਆਂ ਪੈਂਦੀਆਂ ਹਨ।” ਪਤਾ ਲੱਗਿਆ ਕਿ ਲੜਕਿਆਂ ਜਤਿੰਦਰ ਸਿੰਘ ਤੇ ਹਰਿੰਦਰ ਸਿੰਘ ਦੇ ਖਿਲਾਫ ਇਸ ਥਾਣੇ ਵਿੱਚ ਦੋ ਐਫ. ਆਈ. ਆਰ. ਦਰਜ ਹਨ। ਐਫ.ਆਈ.ਆਰ. ਨੰਬਰ 131 ਵਿੱਚ ਧਾਰਾ 354, 294-34 ਆਈ. ਪੀ. ਸੀ. ਹੈ ਜੋ ਕਿ ਇੱਕ ਲੜਕੀ ਵੱਲੋਂ ਦਰਜ ਹੈ ਜਿਸ ਵਿੱਚ ਉਸ ਵੱਲੋਂ ਦੋਸ਼ ਲਾਇਆ ਗਿਆ ਹੈ ਕਿ ਇਨ੍ਹਾਂ ਲੜਕਿਆਂ ਨੇ ਉਸਨੂੰ ਅਤੇ ਉਸਦੀ ਸਹੇਲੀ ਨੂੰ ਮਾਛੀਵਾੜਾ ਬੱਸ ਸਟੈਂਡ ਤੇ ਛੇੜਿਆ। ਰੌਲਾ ਪਾਉਣ ਤੇ ਉਹ ਮੋਟਰਸਾਈਕਲਾਂ ’ਤੇ ਫਰਾਰ ਹੋ ਗਏ ਆਦਿ। ਦੂਸਰੀ ਐਫ.ਆਈ.ਆਰ. ਨੰਬਰ 162 ਧਾਰਾ 307, 323, 224, 148, 149 ਅਤੇ 325, 326 ਵਾਧਾ ਜੁਰਮ ਲਾਈਆਂ ਹੋਈਆਂ ਹਨ। ਇਹ ਐਫ. ਆਈ. ਆਰ. ਇਕ ਲੜਕੇ ਹਰਮਨਪਿੰਦਰ ਸਿੰਘ ਵੱਲੋਂ ਦਰਜ ਹੈ ਅਤੇ ਐਫ. ਆਈ. ਆਰ. ਵਿੱਚ ਹੋਰ ਲੜਕਿਆਂ ਸਮੇਤ ਇਨ੍ਹਾਂ ਦੋਵੇਂ ਭਰਾਵਾਂ ਜਤਿੰਦਰ ਸਿੰਘ ਅਤੇ ਹਰਿੰਦਰ ਸਿੰਘ ਵੱਲੋਂ ਤੇਜ਼ ਹਥਿਆਰਾਂ ਨਾਲ ਸੱਟਾਂ ਮਾਰਨ ਦੀ ਗੱਲ ਹੈ ਅਤੇ ਹਰਮਨਪਿੰਦਰ ਸਿੰਘ ਜੋ ਕਿ ਸੀ. ਐਮ. ਸੀ. ਹਸਪਤਾਲ ਲੁਧਿਆਣਾ ਵਿਖੇ ਦਾਖਲ ਸੀ, ਨੇ ਉਕਤ ਬਿਆਨ ਲਿਖਾਇਆ ਹੋਇਆ ਹੈ। ਮੁਨਸ਼ੀ ਨੇ ਦੱਸਿਆ ਕਿ ਇਸੇ ਕਰਕੇ ਇਹ ਲੜਕੇ ਪੁਲਿਸ ਨੂੰ ਲੋੜੀਂਦੇ ਸਨ ਅਤੇ ਪੁਲਿਸ ਇਹਨਾਂ ਦੀ ਤਲਾਸ਼ ਕਰ ਰਹੀ ਸੀ।

ਇਸ ਤੋਂ ਬਾਅਦ ਜਾਂਚ ਕਮੇਟੀ ਮੈਂਬਰ ਥਾਣਾ ਜਮਾਲਪੁਰ ਪਹੁੰਚੇ ਜਿੱਥੇ ਮੁਨਸ਼ੀ ਸਤਪਾਲ ਨੇ ਦੱਸਿਆ ਕਿ ਐਸ. ਐਚ. ਓ. ਸਾਹਿਬ ਹਾਜ਼ਰ ਨਹੀਂ ਹਨ। ਪੁੱਛਣ ’ਤੇ ਦੱਸਿਆ ਕਿ ਮਾਛੀਵਾੜਾ ਪੁਲਿਸ ਵੱਲੋਂ ਇਸ ਥਾਣੇ ਵਿੱਚ ਇਤਲਾਹ ਹੋਈ ਹੈ ਜਾਂ ਨਹੀਂ “ਇਹ ਤਾਂ ਉੱਚ ਅਫ਼ਸਰ ਹੀ ਦੱਸ ਸਕਦੇ ਹਨ, ਉਹ ਹਾਜ਼ਰ ਨਹੀਂ ਹਨ।” ਹੋਈਆਂ ਗ੍ਰਿਫਤਾਰੀਆਂ ਬਾਰੇ ਉਸਨੇ ਕਿਹਾ ਕਿ ਐਫ. ਆਈ. ਆਰ. ਮੁਤਾਬਕ ਗ੍ਰਿਫਤਾਰੀਆਂ ਕੀਤੀਆਂ ਗਈਆਂ ਹਨ। ਐਫ. ਆਈ. ਆਰ. ਮੰਗਣ ’ਤੇ ਕਿਹਾ ਕਿ ਇਹ ਕੇਵਲ ਮੁਦਈ ਨੂੰ ਹੀ ਦਿੱਤੀ ਜਾਂਦੀ ਹੈ। ਪੋਸਟਮਾਰਟਮ ਦੀ ਰੀਪੋਰਟ ਮੁਤਾਬਿਕ ਤੇ ਡਾਕਟਰਾਂ ਦੇ ਬਿਆਨਾਂ ਮੁਤਾਬਕ ਕੁੱਲ ਪੰਜ ਗੋਲੀਆਂ ਮਾਰੀਆਂ ਗਈਆਂ ਹਨ ਅਤੇ ਉਹ ਨੇੜੇ ਤੋਂ ਮਾਰੀਆਂ ਗਈਆਂ ਹਨ। ਹਰਿੰਦਰ ਸਿੰਘ ਦੇ ਸੱਜੀ ਪੁੜਪੁੜੀ ਵਿਚ ਮਾਰੀ ਗਈ ਜਿਹੜੀ ਕਿ ਖੱਬੀ ਪੁੜਪੁੜੀ ਵਿੱਚੋਂ ਬਾਹਰ ਨਿਕਲ ਗਈ। ਇੱਕ ਬਾਂਹ ਵਿੱਚ ਲੱਗੀ ਤੇ ਤੀਜੀ ਛਾਤੀ ਦੇ ਸੱਜੇ ਪਾਸੇ ਮਾਰੀ ਜੋ ਜਿਗਰ ਵਿੱਚ ਫਸ ਗਈ। ਜਤਿੰਦਰ ਸਿੰਘ ਦੇ ਸਿਰ ਵਿੱਚ ਗੋਲੀ ਮਾਰੀ ਗਈ ਜੋ ਗਲੇ ਵਿਚ ਉਤਰ ਗਈ ਇਕ ਗੋਲੀ ਸੱਜੇ ਹੱਥ ਦੀ ਇੰਡੈਕਸ ਫਿੰਗਰ ਦੀ ਹੱਡੀ ਤੋੜ ਕੇ ਬਾਹਰ ਨਿਕਲ ਗਈ। ਇਸ ਕੇਸ ਵਿਚ ਹੁਣ ਤੱਕ ਐਸ. ਐਚ. ਓ. ਮਾਛੀਵਾੜਾ ਮਨਿੰਦਰ ਸਿੰਘ ਦਾ ਰੀਡਰ ਯਾਦਵਿੰਦਰ ਸਿੰਘ, ਹੋਮਗਾਰਡ ਅਜੀਤ ਸਿੰਘ, ਬਲਦੇਵ ਸਿੰਘ ਅਤੇ ਇੱਕ ਅਕਾਲੀ ਲੀਡਰ (ਸਾਬਕਾ ਸਰਪੰਚ ਗੁਰਜੀਤ ਸਿੰਘ) ਗ੍ਰਿਫਤਾਰ ਕੀਤੇ ਗਏ ਹਨ। ਜ਼ਿਕਰਯੋਗ ਇਹ ਵੀ ਹੈ ਕਿ ਡੀ. ਆਈ. ਜੀ. ਨੇ ਅਖ਼ਬਾਰਾਂ ਵਿੱਚ ਇਸ ਗੱਲ ਦਾ ਖੁਲਾਸਾ ਕੀਤਾ ਹੈ ਕਿ ਰੀਡਰ ਯਾਦਵਿੰਦਰ ਸਿੰਘ ਨੂੰ ਇਕ ਵਰਨਾ ਕਾਰ ਸਾਬਕਾ ਸਰਪੰਚ ਗੁਰਜੀਤ ਸਿੰਘ ਨੇ ਦਿੱਤੀ ਹੈ ਜਿਸ

ਬਾਰੇ ਇਨਕੁਆਰੀ ਕਰਨ ਦੀ ਗੱਲ ਵੀ ਕੀਤੀ ਹੈ। ਸਤਪਾਲ ਸਿੰਘ ਨੇ ਵੀ ਜਾਂਚ ਕਮੇਟੀ ਨੂੰ ਦੱਸਿਆ ਸੀ ਕਿ ਯਾਦਵਿੰਦਰ ਸਿੰਘ ਰੀਡਰ ਦੇ ਗੁਰਜੀਤ ਸਿੰਘ ਨਾਲ ਬੜੇ ਗੂੜ੍ਹੇ ਅਤੇ ਵਪਾਰਕ ਸਬੰਧ ਹਨ।

**ਸਭਾ ਦੀ ਸਮਝ ਤੇ ਸਿੱਟੇ** : ਇਸ ਵਾਪਰੀ ਦੁਖਦਾਈ ਅਤੇ ਘਿਨਾਉਣੀ ਘਟਨਾ ਵਿੱਚ ਪੁਲਿਸ ਦੀ ਕਾਰਗੁਜ਼ਾਰੀ 'ਤੇ ਕਿੰਤੂ ਭਰੇ ਸਵਾਲ ਖੜ੍ਹੇ ਹੁੰਦੇ ਹਨ। ਪੁਲਿਸ ਨੇ ਆਪਣੀ ਤਾਕਤ ਨੂੰ ਆਪ-ਮੁਹਾਰਾ ਵਰਤ ਕੇ ਪੰਜਾਬ ਵਿਚ ਅੱਤਵਾਦ ਦੇ ਸਮੇਂ ਹੋਏ ਝੂਠੇ ਪੁਲਿਸ ਮੁਕਾਬਲਿਆਂ ਦੀ ਯਾਦ ਤਾਜ਼ਾ ਕਰਵਾ ਦਿੱਤੀ ਹੈ। ਮਾਨਯੋਗ ਸੁਪਰੀਮ ਕੋਰਟ ਨੇ ਆਪਣੀ ਇਕ ਤਾਜ਼ਾ ਜਜਮੈਂਟ ਜੋ ਮਿਤੀ 03.09.2014 ਦੀ ਹੈ ਵਿਚ ਫਰਜ਼ੀ ਪੁਲਿਸ ਮੁਕਾਬਲੇ ਬਾਰੇ ਕੁੱਝ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਹਨ ਜਿਨ੍ਹਾਂ ਦੀਆਂ ਮਾਛੀਵਾੜਾ ਪੁਲਿਸ ਨੇ ਧੱਜੀਆਂ ਉਡਾਈਆਂ ਹਨ। ਦਿਸ਼ਾ-ਨਿਰਦੇਸ਼ ਹੈ ਕਿ ਪੁਲਿਸ ਦਾ ਰੇਡ ਸਮੇਂ ਵਰਦੀ ਵਿੱਚ ਹੋਣਾ ਜ਼ਰੂਰੀ ਹੈ ਪਰ ਇੱਥੇ ਪੁਲਿਸ ਦੇ ਬਿਨਾਂ ਵਰਦੀ ਤੋਂ ਹੋਣ ਦੀ ਪੁਸ਼ਟੀ ਹੋਈ ਹੈ। ਦਿਸ਼ਾ-ਨਿਰਦੇਸ਼ ਹੈ ਕਿ ਜਦੋਂ ਇੱਕ ਥਾਣੇ ਦੀ ਪੁਲਿਸ ਨੇ ਕਿਸੇ ਦੂਜੇ ਥਾਣੇ ਵਿੱਚ ਪੈਂਦੇ ਇਲਾਕੇ ਵਿੱਚ ਰੇਡ ਕਰਨੀ ਹੋਵੇ ਤਾਂ ਉਸਦੀ ਸੂਚਨਾ ਸਬੰਧਤ ਥਾਣੇ ਵਿੱਚ ਦਰਜ ਕਰਾਉਣੀ ਜ਼ਰੂਰੀ ਹੈ ਪਰੰਤੂ ਇਸ ਕੇਸ ਵਿੱਚ ਮਾਛੀਵਾੜਾ ਪੁਲੀਸ ਨੇ ਅਜਿਹਾ ਨਹੀਂ ਕੀਤਾ। ਇਸਦੇ ਬਾਵਜੂਦ ਕਿ ਪੁਲੀਸ ਹਮੇਸ਼ਾ ਹੀ ਬਹੁਤਾ ਕਰਕੇ ਕਨੂੰਨਾਂ ਨੂੰ ਛਿੱਕੇ ਟੰਗ ਕੇ ਮਨਮਾਨੀਆਂ ਕਰਕੇ ਲੋਕਾਂ ਵਿਚ ਦਹਿਸ਼ਤ ਦਾ ਮਾਹੌਲ ਪੈਦਾ ਕਰਦੀ ਹੈ ਪਰ ਸਰਕਾਰ ਵੱਲੋਂ ਸਗੋਂ ਹੋਰ ਨਵੇਂ-ਨਵੇਂ ਕਾਨੂੰਨਾਂ ਰਾਹੀਂ ਪੁਲਿਸ ਦੇ ਹੱਥ ਹੋਰ ਮਜ਼ਬੂਤ ਕਰਕੇ ਲੋਕਾਂ ਦੇ ਜਮਹੂਰੀ ਹੱਕਾਂ ਨੂੰ ਕੁਚਲਿਆ ਜਾ ਰਿਹਾ ਹੈ। "ਸਰਕਾਰੀ ਤੇ ਨਿੱਜੀ ਜਾਇਦਾਦ ਨੁਕਸਾਨ ਰੋਕੂ ਕਨੂੰਨ 2014" ਨੂੰ ਹੀ ਲਉ, ਇਸ ਕਾਨੂੰਨ ਦੀ ਧਾਰਾ 9 (1) ਪੁਲੀਸ ਨੂੰ ਪੂਰਾ ਦਖਲ ਦੇਣ ਦਾ ਹੱਕ ਦਿੰਦੀ ਹੈ। ਇੱਕ ਹੌਲਦਾਰ, ਖੁਦ ਪਹਿਚਾਣੇ ਵਿਅਕਤੀ ਨੂੰ ਗ੍ਰਿਫਤਾਰ ਕਰ ਸਕਦਾ ਹੈ। ਕਿਸੇ ਵੀ ਘਟਨਾ ਦੀ ਵੀਡੀਓਗ੍ਰਾਫੀ ਅਦਾਲਤ ਵਿੱਚ ਸਬੂਤ ਵਜੋਂ ਪੇਸ਼ ਕੀਤੀ ਜਾ ਸਕਦੀ ਹੈ ਅਤੇ ਕਿਸੇ ਹੋਰ ਗਵਾਹ ਦੀ ਲੋੜ ਨਹੀਂ। ਜਦੋਂ ਜਾਂਚ ਕਮੇਟੀ ਮੈਂਬਰ ਬੋਹਾਪੁਰ ਵਿਖੇ ਸਨ ਤਾਂ ਇਕ ਅਫਸੋਸ 'ਤੇ ਬੈਠਾ ਵਿਅਕਤੀ ਬੜੀ ਉੱਚੀ ਬੋਲ ਕੇ ਆਖ ਰਿਹਾ ਸੀ ਕਿ "ਸਾਨੂੰ ਗਰੀਬਾਂ ਨੂੰ ਤਾਂ ਕੋਈ ਹੱਕ ਹੀ ਨਹੀਂ ਕਿ ਅਸੀਂ ਕੁੱਝ ਬੋਲ ਸਕੀਏ, ਆਪਣੇ ਹੱਕਾਂ ਦੀ ਗੱਲ ਕਰ ਸਕੀਏ ਪੁਲੀਸ ਤਾਂ ਗੁਰਜੀਤ ਸਿੰਘ ਸਰਪੰਚ ਵਰਗਿਆਂ ਦੀ ਹੈ" ਆਦਿ। ਇਸ ਤੋਂ ਹੀ ਇਹ ਗੱਲ ਸਾਂਝੀ ਕਰਨੀ ਬਨਦੀ ਹੈ ਕਿ ਇਸ ਕਾਨੂੰਨ ਦੀ ਧਾਰਾ 2 (ਅ) ਉਨ੍ਹਾਂ ਕਿਸੇ ਨੂੰ ਵੀ ਦੋਸ਼ੀ ਮੰਨਦੀ ਹੈ ਜਿਹੜੇ ਹੜਤਾਲਾਂ, ਧਰਨੇ, ਮਾਰਚ ਮੁਜ਼ਾਹਰੇ, ਜਲਸੇ, ਜਲੂਸ ਅਤੇ ਸੜਕੀ ਤੇ ਰੇਲ ਆਵਾਜਾਈ ਰੋਕ ਕੇ ਨੁਕਸਾਨ ਕਰਦੇ ਹਨ ਜਾਂ ਘਾਟਾ ਪਾਉਂਦੇ ਹਨ, ਭਾਵੇਂ ਉਹ ਉਸ ਸਥਾਨ 'ਤੇ ਹਾਜ਼ਰ ਵੀ ਨਾ ਹੋਣ। ਹੁਣ ਇਸ ਕੇਸ ਵਿੱਚ ਹੀ ਇਲਾਕੇ ਦੇ ਲੋਕਾਂ ਨੇ ਪ੍ਰਵਾਰ ਨਾਲ ਹਮਦਰਦੀ ਜਤਾਉਂਦਿਆਂ ਅਤੇ ਪੁਲਿਸ ਵੱਲੋਂ ਹੋਏ ਧੱਕੇ ਦੇ ਖਿਲਾਫ ਮ੍ਰਿਤਕਾਂ ਦੀਆਂ ਲਾਸ਼ਾਂ ਸੜਕ ਤੇ ਰੱਖੀਆਂ ਤਾਂ ਸਰਕਾਰ ਹਰਕਤ ਵਿੱਚ ਆਈ ਪਰ ਹੁਣ ਉਪਰੋਕਤ ਕਨੂੰਨ ਅਜਿਹਾ ਕਰਨ ਦੀ ਇਜਾਜ਼ਤ ਨਹੀਂ ਦਿੰਦਾ ਤਾਂ ਹੱਕ ਮੰਗਦੇ ਲੋਕ ਕੇਵਲ ਪੁਲਿਸ ਦੇ ਰਹਿਮੋਕਰਮ 'ਤੇ ਨਿਰਭਰ ਹੋਕੇ ਰਹਿ ਜਾਣਗੇ ਤੇ ਪੁਲਿਸ ਦੀਆਂ ਕੁਤਾਹੀਆਂ ਸਭ ਦੇ ਸਾਹਮਣੇ ਹੀ ਹਨ। ਸਭਾ ਸਮਝਦੀ ਹੈ ਕਿ ਅਜਿਹੇ ਪੁਲਿਸ ਦੇ ਅਨਿਆਂ ਨੂੰ ਲੋਕ ਹੀ ਜਾਗਰੂਕ 'ਤੇ ਇਕੱਠੇ ਹੋ ਕੇ ਰੋਕ ਸਕਦੇ ਹਨ ਅਤੇ ਲੋਕ ਮਾਰੂ ਕਨੂੰਨਾਂ ਨੂੰ ਰੱਦ ਕਰਵਾ ਸਕਦੇ ਹਨ।

ਸਭਾ ਸਮਝਦੀ ਹੈ ਕਿ ਅਕਸਰ ਹੀ ਗੰਦੀ ਸਿਆਸਤ ਦਾ ਪੁਲਿਸ-ਸਿਆਸੀ ਗਠਜੋੜ ਉਭਰਕੇ ਸਾਹਮਣੇ ਆ ਜਾਂਦਾ ਹੈ। ਇਥੇ ਵੀ ਗੁਰਜੀਤ ਸਿੰਘ ਦਾ ਪੁਲਿਸ ਨਾਲ ਗਠਜੋੜ ਸਾਹਮਣੇ ਆਇਆ ਹੈ ਜਿਸ ਸਦਕਾ ਹੀ ਇਹ ਘਿਨੌਣੇ ਜੁਰਮ ਨੂੰ ਕਾਨੂੰਨ ਛਿੱਕੇ ਟੰਗਕੇ ਇਜਾਮ ਦਿੱਤਾ ਗਿਆ ਹੈ।

ਮੰਗਾਂ : –

1. ਸਭਾ ਮੰਗ ਕਰਦੀ ਹੈ ਕਿ ਇਸ ਕੇਸ ਦੀ ਗੰਭੀਰਤਾ ਨੂੰ ਧਿਆਨ ਵਿੱਚ ਰੱਖਦੇ ਹੋਏ ਮਾਨਯੋਗ ਹਾਈ ਕੋਰਟ ਦੇ ਸਿਟਿੰਗ ਜੱਜ ਤੋਂ ਨਿਰਪੱਖ ਜਾਂਚ ਕਰਵਾਈ ਜਾਵੇ।
2. ਮਾਨਯੋਗ ਸੁਪਰੀਮ ਕੋਰਟ ਦੇ ਦਿਸ਼ਾ ਨਿਰਦੇਸ਼ਾਂ ਦੀ ਉਲੰਘਣਾ ਕਰਨ ਤੇ ਬਣਦੇ ਕੇਸ ਵੀ ਦਰਜ ਕੀਤੇ ਜਾਣ ਅਤੇ ਦਿਸ਼ਾ ਨਿਰਦੇਸ਼ਾਂ ਦੀ ਪਾਲਣਾ ਕਰਨਾ ਯਕੀਨੀ ਬਣਾਇਆ ਜਾਵੇ।
3. ਸਭਾ ਮੰਗ ਕਰਦੀ ਹੈ ਕਿ ਸਤਪਾਲ ਦੇ ਗਰੀਬ ਪ੍ਰਵਾਰ ਨਾਲ ਬੜਾ ਅਨਿਆਂ ਹੋਇਆ ਹੈ, ਪਰਿਵਾਰ ਨੂੰ ਵੱਧ ਤੋਂ ਵੱਧ ਮੁਆਵਜਾ ਦਿੱਤਾ ਜਾਵੇ ।
4. ਸਭਾ ਮੰਗ ਕਰਦੀ ਹੈ ਕਿ ਸਤਪਾਲ ਸਿੰਘ ਦੇ ਪਰਿਵਾਰ ਦੀ ਸੁਰੱਖਿਆ ਯਕੀਨੀ ਬਣਾਈ ਜਾਵੇ ।

**ਪ੍ਰੋ. ਏ.ਕੇ. ਮਲੇਰੀ ਜਮਹੂਰੀ ਅਧਿਕਾਰ ਸਭਾ ਪੰਜਾਬ**
**ਸੂਬਾ ਸਕੱਤਰ ਜ਼ਿਲ੍ਹਾ ਲੁਧਿਆਣਾ ।**
**ਮੋਬਾ: 98557-00310**

# ਟਿੱਬਿਆਂ 'ਚੋਂ ਲੰਘਦੀ ਝਨਾਂ!



**ਵਰਿੰਦਰ ਵਾਲੀਆ**



ਕਸ਼ਮੀਰ ਵਾਦੀ ਵਿੱਚ ਭਾਰੀ ਤਬਾਹੀ ਮਚਾਉਣ ਤੋਂ ਬਾਅਦ ਹੜ੍ਹ ਨੇ ਜਦੋਂ ਲਹਿੰਦੇ ਪੰਜਾਬ (ਪਾਕਿਸਤਾਨ) ਦੇ 'ਪੱਤਣ ਝਨਾਂ' ਨੂੰ ਰੋੜ੍ਹ ਦਿੱਤਾ ਤਾਂ ਚੜ੍ਹਦੇ ਪੰਜਾਬ ਦੇ ਵਾਸੀਆਂ ਨੂੰ ਸੋਹਣੀ-ਮਹੀਂਵਾਲ ਦੀ ਪ੍ਰੀਤ ਕਹਾਣੀ ਰਹਿ-ਰਹਿ ਕੇ ਯਾਦ ਆ ਰਹੀ ਸੀ। ਸੰਤਾਲੀ ਦੀ ਵੰਡ ਵੇਲੇ ਭਾਵੇਂ ਪੰਜਾਬ ਦੀ ਧਰਤੀ ਅਤੇ ਇਸ ਦੇ ਦਰਿਆ ਵੰਡੇ ਗਏ ਸਨ ਪਰ ਇਸ ਦੇ ਸਾਂਝੇ ਸੱਭਿਆਚਾਰ 'ਤੇ ਕੋਈ ਹਰਫ਼ ਨਹੀਂ ਸੀ ਆਇਆ। ਦਰਿਆਦਿਲ ਪੰਜਾਬੀਆਂ ਦੇ ਦਿਲਾਂ ਵਿੱਚ ਵਹਿੰਦਾ ਮੁਹੱਬਤ ਦਾ ਦਰਿਆ ਕਦੇ ਨਹੀਂ ਵੰਡਿਆ ਗਿਆ। ਪੰਜ-ਆਬ ਦੀ ਸਾਂਝੀ ਵਿਰਾਸਤ, ਪਾਣੀਆਂ ਦੇ ਵੰਡੇ ਜਾਣ ਦੇ ਬਾਵਜੂਦ ਨਹੀਂ ਸੀ ਵੰਡੀ ਗਈ। ਸਮੇਂ ਦੀ ਬੇਕਿਰਕ ਡਾਂਗ ਕੋਲੋਂ ਪਾਣੀ ਦੋ ਨਹੀਂ ਸਨ ਹੋਏ। 'ਲੰਘ ਆ ਜਾ ਪੱਤਣ ਝਨਾਂ ਦਾ ਓ ਯਾਰ...' ਲੋਕ ਗੀਤ, ਮਸ਼ਰਕੀ ਤੇ ਮਗ਼ਰਬੀ, ਦੋਵਾਂ ਪੰਜਾਬਾਂ ਵਿੱਚ ਅੱਜ ਵੀ ਇੱਕੋ ਸ਼ਿੱਦਤ ਨਾਲ ਸੁਣਿਆ ਤੇ ਗਾਇਆ ਜਾਂਦਾ ਹੈ। ਇਸ਼ਕ ਮਜਾਜ਼ੀ ਤੋਂ ਇਸ਼ਕ ਹਕੀਕੀ ਦਾ ਮੁਕਾਮ ਹਾਸਲ ਕਰਨ ਵਾਲੇ ਸੋਹਣੀ-ਮਹੀਂਵਾਲ ਅਤੇ ਹੋਰ ਰੂਹਾਨੀ ਆਸ਼ਕਾਂ ਦਾ ਜ਼ਿਕਰ ਭਾਈ ਗੁਰਦਾਸ ਨੇ ਆਪਣੀ ਇੱਕ ਵਾਰ ਵਿੱਚ ਵੀ ਕੀਤਾ ਹੈ:

**ਲੇਲੈ ਮਜਨੂੰ ਆਸਕੀ ਚਹੁ ਚਕੀ ਜਾਤੀ।**
**ਸੋਰਠਿ ਬੀਜਾ ਗਾਵੀਐ ਜਸੁ ਸੁਘੜਾ ਵਾਤੀ।**
**ਸਸੀ ਪੁੰਨੂੰ ਦੋਸਤੀ ਹੁਇ ਜਾਤਿ ਅਜਾਤੀ।**
**ਮੇਹੀਵਾਲ ਨੋ ਸੋਹਣੀ ਨੈ ਤਰਦੀ ਰਾਤੀ।**
**ਰਾਂਝਾ ਹੀਰ ਵਖਾਣੀਐ ਓਹੁ ਪਿਰਮ ਪਰਾਤੀ।**
**ਪੀਰ ਮੁਰੀਦਾ ਪਿਰਹੜੀ ਗਾਵਨਿ ਪਰਭਾਤੀ॥**

ਸਪਸ਼ਟ ਹੈ ਕਿ ਸੋਹਣੀ-ਮਹੀਂਵਾਲ ਦੀ ਕਥਾ ਸਦੀਆਂ ਪੁਰਾਣੀ ਹੈ। ਪੰਜਾਬੀ ਦੇ ਕਈ ਕਿੱਸਾਕਾਰਾਂ ਨੇ 'ਸੋਹਣੀ ਮਹੀਂਵਾਲ' ਦੀ ਪ੍ਰੀਤ ਕਥਾ 'ਤੇ ਕਲਮ ਅਜ਼ਮਾਈ ਹੈ। ਸੱਯਦ ਫ਼ਜ਼ਲ ਸ਼ਾਹ ਨੇ 151 ਬੰਦਾਂ ਵਿੱਚ ਇਹ ਕਥਾ ਕਲਮਬੰਦ ਕਰ ਕੇ ਸਭ ਤੋਂ ਵੱਧ ਮਕਬੂਲੀਅਤ ਹਾਸਲ ਕੀਤੀ ਹੈ। ਫ਼ਜ਼ਲ ਸ਼ਾਹ ਦੀ 'ਸੋਹਣੀ ਮਹੀਂਵਾਲ' ਦਾ ਸਮਾਂ 1847 ਮੰਨਿਆ ਜਾਂਦਾ ਹੈ। ਇਹ ਉਹ ਸਮਾਂ ਸੀ ਜਦੋਂ ਮਹਾਰਾਜਾ ਰਣਜੀਤ ਸਿੰਘ ਦੇ ਅੱਖਾਂ ਮੀਟਣ ਤੋਂ ਬਾਅਦ ਸਿੱਖ ਰਾਜ ਢਹਿੰਦੀਆਂ ਕਲਾਂ ਵਿੱਚ ਜਾ ਰਿਹਾ ਸੀ। ਸੱਯਦ ਫ਼ਜ਼ਲ ਸ਼ਾਹ ਦੇ ਕਿੱਸੇ ਤੋਂ ਸੌ ਸਾਲ ਬਾਅਦ ਅੰਗਰੇਜ਼ਾਂ ਨੇ ਹਿੰਦੁਸਤਾਨ ਦੀ ਅਣਕਿਆਸੀ ਵੰਡ ਕਰ ਦਿੱਤੀ ਜਿਸ ਦਾ ਸਭ ਤੋਂ ਵੱਡਾ ਨੁਕਸਾਨ ਪੰਜਾਬੀਆਂ ਨੂੰ ਹੋਇਆ ਸੀ। ਫ਼ਸਾਦਾਂ ਵਿੱਚ ਲੱਖਾਂ ਪੰਜਾਬੀਆਂ ਦੀ ਜਾਨ ਅਜਾਈਂ ਚਲੀ ਗਈ। ਸਮਾਂ ਬੀਤਣ ਨਾਲ ਸੱਲ ਭਰਨੇ ਸ਼ੁਰੂ ਹੋਏ। ਪ੍ਰੀਤ ਕਥਾਵਾਂ ਦੋਵਾਂ ਵਿਛੜੇ ਪੰਜਾਬਾਂ ਦਾ ਸਾਂਝਾ ਪੁਲ ਸਨ। ਸਾਂਝਾ ਸੱਭਿਆਚਾਰ ਮੁੜ ਇੱਕ-ਦੂਜੇ ਨੂੰ ਹਾਕਾਂ ਮਾਰਨ ਲੱਗਾ। ਨਹੁੰ ਤੇ ਮਾਸ ਵਾਲਾ ਰਿਸ਼ਤਾ ਬਰਕਰਾਰ ਸੀ। ਗਾਇਕੀ ਦੇ ਅਖਾੜਿਆਂ ਵਿੱਚ ਢੱਡ-ਸਾਰੰਗੀ, ਤੂੰਬਾ ਤੇ ਅਲਗੋਜ਼ਾ ਸਰਹੱਦ ਦੇ ਆਰ-ਪਾਰ ਦਿਲਾਂ ਨੂੰ ਇੱਕ ਵਾਰ ਫਿਰ ਧੂਹ ਪਾਉਣ ਲੱਗ ਪਏ।

ਪੰਜਾਬ ਦੇ ਲੋਕ ਕੁਰਬਾਨੀ ਨੂੰ ਸਭ ਤੋਂ ਉੱਤਮ ਮੰਨਦੇ ਹਨ। ਲੈਲਾ-ਮਜਨੂੰ, ਸੱਸੀ-ਪੁੰਨੂੰ, ਹੀਰ-ਰਾਂਝਾ ਅਤੇ ਸੋਹਣੀ-ਮਹੀਂਵਾਲ ਦੀ ਸੱਚੀ-ਸੁੱਚੀ ਕੁਰਬਾਨੀ ਨੂੰ ਉਹ ਹਮੇਸ਼ਾਂ ਨਤਮਸਤਕ ਹੁੰਦੇ ਆਏ ਹਨ। ਸਾਹਿਬਾਂ ਨੂੰ ਉਹ ਬੇਵਫ਼ਾਵਾਂ ਦੀ ਕਤਾਰ ਵਿੱਚ ਰੱਖਦੇ ਹਨ।

ਦੇਸ਼ ਦੀ ਵੰਡ ਤੋਂ ਪੰਜ-ਛੇ ਦਹਾਕੇ ਬਾਅਦ ਬਠਿੰਡੇ ਦੇ ਦਾਨਿਸ਼ਵਰ ਤੇ ਬਹੁਪੱਖੀ ਸ਼ਖ਼ਸੀਅਤ ਪ੍ਰੋਫ਼ੈਸਰ ਕਰਮ ਸਿੰਘ ਨੇ ਵੱਡ-ਅਕਾਰੀ 'ਸੋਹਣੀ ਮਹੀਂਵਾਲ' ਦਾ ਕਿੱਸਾ ਲਿਖ ਕੇ ਸਾਬਤ ਕਰ ਦਿੱਤਾ ਹੈ ਕਿ ਪ੍ਰੀਤ ਕਹਾਣੀਆਂ ਅਜੇ ਵੀ ਸਾਡੇ ਖ਼ਮੀਰ ਵਿੱਚ ਰਚੀਆਂ ਹੋਈਆਂ ਹਨ। ਰਾਮਪੁਰੇ ਲਾਗੇ ਪਿੰਡ ਭੂੰਦੜ ਵਿੱਚ ਜੰਮੇ-ਪਲੇ ਕਰਮ ਸਿੰਘ ਨੂੰ ਬਚਪਨ ਵਿੱਚ ਹੀ ਸਾਹਿਤ ਦੀ ਚੇਟਕ ਲੱਗ ਗਈ ਸੀ। ਉਸ ਦੇ ਖੇਤਾਂ ਵਿੱਚ ਟਿੱਬੇ ਸਨ ਤੇ ਉਹ 'ਗੋਰਾ ਰੰਗ ਟਿੱਬਿਆਂ ਦਾ ਰੇਤਾ, ਹਵਾ ਆਈ ਉੱਡ ਜਾਊਗਾ' ਗੀਤ ਗਾਉਂਦਾ-ਗਾਉਂਦਾ ਵਜਦ ਵਿੱਚ ਆ ਜਾਂਦਾ ਸੀ। ਭਲਵਾਨੀ ਕਰਦਾ-ਕਰਦਾ ਉਹ ਵਾਰਿਸ ਸ਼ਾਹ ਦੀ ਹੀਰ ਗਾਉਣ ਲੱਗ ਪੈਂਦਾ। ਸਰਹੱਦੋਂ ਪਾਰ ਵਾਰਿਸ ਸ਼ਾਹ ਦੀ ਕਬਰ ਨੂੰ ਉਹ ਦੂਰੋਂ ਹੀ ਸਜਦਾ ਕਰਨ ਲੱਗ ਪਿਆ। ਵਾਰਿਸ ਸ਼ਾਹ ਦੀ ਹੀਰ ਉਸ ਦੇ ਖ਼ੂਨ ਵਿੱਚ ਰਚ ਗਈ। ਉਹ ਰਮਤੇ ਜੋਗੀਆਂ ਨੂੰ ਗਲਵਕੜੀ ਵਿੱਚ ਲੈ ਕੇ ਸਕੂਨ ਹਾਸਲ ਕਰਿਆ ਕਰਦਾ ਸੀ। ਰਾਜਸਥਾਨ ਦੇ ਨਾਲ ਲੱਗਦੇ ਬਠਿੰਡੇ ਜ਼ਿਲ੍ਹੇ ਵਿੱਚ ਉਨ੍ਹੀਂ ਦਿਨੀਂ ਥਾਂ-ਥਾਂ ਕੱਕੀ ਰੇਤ ਦੇ ਟਿੱਬੇ ਹੋਇਆ ਕਰਦੇ ਸਨ। ਪਾਣੀ ਦੀ ਤੋਟ ਵਾਲੇ ਇਲਾਕੇ ਵਿੱਚ ਛੋਲੇ, ਮੂੰਗਫਲੀ ਅਤੇ ਕਪਾਹ ਆਦਿ ਦੀ ਖੇਤੀ ਹੋਇਆ ਕਰਦੀ ਸੀ। ਸਾਹਿਤ ਨਾਲ ਮੱਸ ਰੱਖਣ ਵਾਲੇ, ਪ੍ਰੋ. ਕਰਮ ਸਿੰਘ ਨੂੰ ਟਿੱਬਿਆਂ 'ਚ ਉੱਗਿਆ ਸੂਹਾ ਗੁਲਾਬ ਦਾ ਲਕਬ ਦਿਆ ਕਰਦੇ ਸਨ। ਬਠਿੰਡੇ ਤੋਂ ਝਨਾਂ ਸੈਂਕੜੇ ਮੀਲ ਦੂਰ ਹੈ ਉਹ ਵੀ ਸਰਹੱਦੋਂ ਪਾਰ! ਪਰ ਕਰਮ ਸਿੰਘ ਦੇ ਦਿਲ ਵਿੱਚ ਇਸ ਦੀਆਂ ਲਹਿਰਾਂ ਅਠਖੇਲੀਆਂ ਕਰਦੀਆਂ ਰਹਿੰਦੀਆਂ। ਇਸ ਸ਼ਿੱਦਤ 'ਚੋਂ ਨਿਕਲਿਆ ਉਸ ਦਾ ਮਹਾਂਕਾਵਿ 'ਸੋਹਣੀ' ਸਾਢੇ ਚਾਰ ਸੌ ਸਫ਼ਿਆਂ ਵਿੱਚ ਫੈਲ ਗਿਆ। ਬਾਕਲਮ ਪ੍ਰੋ. ਕਰਮ ਸਿੰਘ,ਮਹਾਂਕਵੀ ਵਾਰਿਸ ਸ਼ਾਹ ਜੀ ਪ੍ਰਤੀ ਮੇਰੀ ਸ਼ਰਧਾ ਇੱਕ ਮੁਰੀਦ ਤੇ ਮੁਰਸ਼ਿਦ ਵਾਲੀ ਹੈ। 'ਹੀਰ' ਦੇ ਰੂਪ ਵਿੱਚ ਵਾਰਿਸ ਸ਼ਾਹ ਜੀ ਮੇਰੇ ਰੋਮ ਰੋਮ ਵਿੱਚ ਵਸ ਗਏ। ਜੇ 'ਹੀਰ' ਮੇਰੇ ਅੰਦਰ ਸਮਾ ਗਈ, ਉਸ ਨੇ ਕਿਸੇ ਨਾ ਕਿਸੇ ਰੂਪ ਵਿੱਚ ਪੁਨਰ ਜਨਮ ਲੈਣਾ ਹੀ ਸੀ। ਮੈਂ ਲੰਬੇ ਸਮੇਂ ਤਕ ਦਰਦ ਹੰਢਾਉਂਦਾ ਰਿਹਾ। ਅਖੀਰ ਇਸ ਨੇ 'ਸੋਹਣੀ' ਦੇ ਰੂਪ ਵਿੱਚ ਜਨਮ ਲੈ ਹੀ ਲਿਆ। 'ਸੋਹਣੀ' ਅਤੇ 'ਹੀਰ' ਦੇ ਬਹੁਤ ਸਾਰੇ ਲੱਛਣ ਰਲਦੇ ਮਿਲਦੇ ਹਨ। ਸੋਹਣੀ ਮੇਰੇ ਆਪੇ ਦਾ ਪ੍ਰਗਟਾਵਾ ਹੈ।

ਦਰਅਸਲ ਇਹ ਪ੍ਰੀਤ ਕਥਾ ਪੱਛਮੀ ਪੰਜਾਬ (ਪਾਕਿਸਤਾਨ) ਦੇ ਸ਼ਹਿਰ ਗੁਜਰਾਤ ਨਾਲ ਸਬੰਧਤ ਹੈ। ਇਹ ਨਗਰ ਝਨਾਂ ਦੇ ਕੰਢੇ ਵਸਿਆ ਹੋਇਆ ਹੈ। ਝਨਾਂ ਦੇ ਪਾਣੀ ਦਾ ਜ਼ਿਕਰ ਕਰਦਿਆਂ ਪੰਜਾਬੀ ਸ਼ਾਇਰਾਂ ਨੇ ਇਸ ਨੂੰ ਆਸ਼ਕਾਂ ਦਾ ਦਰਿਆ ਕਿਹਾ ਹੈ। ਝਨਾਂ (ਚਨਾਬ), ਪੰਜ ਦਰਿਆਵਾਂ 'ਚੋਂ ਇੱਕ ਹੈ ਜਿਸ 'ਤੇ ਪੰਜ-ਆਬ ਦਾ ਨਾਮਕਰਨ ਹੋਇਆ ਹੈ। ਚਨਾਬ (ਚੰਦ੍ਰਭਾਗਾ) ਹਿਮਾਲਿਆ ਦੇ ਚੰਦ੍ਰਭਾਗ ਤੋਂ ਨਿਕਲੀ ਇੱਕ ਵਿਸ਼ਾਲ ਨਦੀ ਹੈ। ਲਾਹੁਲ ਕੋਲੋਂ ਚਨਾਬ (ਝਨਾਂ) ਦੇ ਦੋ ਪ੍ਰਵਾਹ ਨਿਕਲਦੇ ਹਨ। ਇਹ ਨਦੀ ਕਸ਼ਮੀਰ ਦੇ ਇਲਾਕੇ ਅਖਨੂਰ, ਕਿਸ਼ਤਵਾਰ ਅਤੇ ਚੰਬਾ ਖੇਤਰਾਂ 'ਚੋਂ ਵਹਿੰਦੀ ਹੋਈ ਸਿਆਲਕੋਟ-ਵਜ਼ੀਰਾਬਾਦ ਤੇ ਝੰਗ ਜ਼ਿਲ੍ਹੇ ਦੇ ਜੇਹਲਮ ਮਿਲਨ ਤੋਂ ਬਾਅਦ ਸਿੱਧ ਕੋਲ ਰਾਵੀ ਨਾਲ ਮਿਲ ਕੇ ਮਿਠਨਕੋਟ ਦੇ ਮੁਕਾਮ 'ਤੇ ਸਿੰਧੂ ਨਦੀ ਨਾਲ ਜਾ ਮਿਲਦੀ ਹੈ। ਇਸ ਸੰਗਮ ਤੋਂ ਇਸ ਖੇਤਰ ਦਾ ਨਾਂ 'ਪੰਜਨਦ' ਪਿਆ ਸੀ। ਵੰਡ ਦੇ ਬਾਵਜੂਦ ਪ੍ਰੋ. ਕਰਮ ਸਿੰਘ ਨੂੰ ਆਪਣੇ ਦਿਲ ਵਿੱਚ ਪੰਜਨਦ ਦਾ ਮਿੱਠਾ-ਮਿੱਠਾ ਨਾਦ ਸੁਣਾਈ ਦਿੰਦਾ ਸੀ। 'ਸੋਹਣੀ' ਵਿੱਚ ਪ੍ਰੋ. ਕਰਮ ਸਿੰਘ ਨੇ ਆਮ ਕਵੀਆਂ ਵਾਂਗ ਖ਼ੂਬ ਖੁੱਲ੍ਹਾਂ ਲਈਆਂ ਹਨ। ਕਵੀ ਨੇ ਆਪਣੀ ਨਿਵੇਕਲੀ ਸ਼ੈਲੀ ਵਿੱਚ ਇਸ ਪ੍ਰੀਤ ਕਥਾ ਨੂੰ ਬੇਹੱਦ ਨਾਟਕੀ ਮੋੜ ਦਿੱਤੇ ਹਨ। ਖ਼ਿਆਲ ਉਡਾਰੀਆਂ ਵਿੱਚ ਉਹ ਝਨਾਂ ਨੂੰ ਮਾਲਵੇ ਦੀ ਜੂਹ ਵਿੱਚ ਲੈ ਆਉਂਦਾ ਹੈ। ਦਿਸਹੱਦੇ ਬਠਿੰਡੇ ਦੀ ਜਮ੍ਹਾਂਬੰਦੀ ਵਿੱਚ ਵਿਖਾਈ ਦਿੰਦੇ ਹਨ।

ਫ਼ਜ਼ਲ ਸ਼ਾਹ ਦਾ ਕਿੱਸਾ ਗੁਜਰਾਤ (ਹੁਣ ਪਾਕਿਸਤਾਨ) ਵਿੱਚ ਝਨਾਂ ਨਦੀ ਦੇ ਕਿਨਾਰੇ ਇੱਕ ਤੁੱਲਾ ਨਾਮੀ ਘੁਮਿਆਰ ਦੀ 'ਚੌਧਵੀਂ ਦੇ ਚਾਂਦ' ਵਰਗੀ ਧੀ ਅਤੇ ਬਲਖ਼ ਬੁਖਾਰੇ ਸ਼ਹਿਰ ਦੇ ਇਜ਼ਤ ਬੇਗ ਮਿਰਜ਼ਾ ਦੁਆਲੇ ਘੁੰਮਦੀ ਹੈ। ਦਿੱਲੀ ਵਿੱਚ ਉਸ ਸਮੇਂ ਮੁਗਲ ਬਾਦਸ਼ਾਹ ਸ਼ਾਹ ਜਹਾਨ ਦੀ ਹਕੂਮਤ ਸੀ। ਲਾਹੌਰ 'ਚੋਂ ਖ਼ਰੀਦੋ-ਫਰੋਖ਼ਤ ਕਰਨ ਤੋਂ ਬਾਅਦ ਆਪਣੇ ਸਮੇਂ ਦਾ ਮਸ਼ਹੂਰ ਸੌਦਾਗਰ ਇਜ਼ਤ ਬੇਗ ਮਿਰਜ਼ਾ ਕਾਫ਼ਲੇ ਸਮੇਤ ਝਨਾਂ ਦਰਿਆ ਦੇ ਕੰਢੇ 'ਤੇ ਕਿਆਮ ਕਰਦਾ ਹੈ। ਇਜ਼ਤ ਬੇਗ ਮਿਰਜ਼ੇ ਨੂੰ ਕਿਸੇ ਨੇ ਤੁੱਲੇ ਘੁਮਿਆਰ ਦੀ ਕਾਰੀਗਰੀ ਦੀ ਤਾਰੀਫ਼ ਕੀਤੀ ਤਾਂ ਉਸ ਨੇ ਭਾਂਡੇ ਖ਼ਰੀਦਣ ਲਈ ਆਪਣਾ ਗੁਲਾਮ ਉਸ ਕੋਲ ਭੇਜਿਆ। ਵਾਪਸ ਆ ਕੇ ਗੁਲਾਮ ਨੇ 'ਸੋਹਣੀ' ਦੇ ਹੁਸਨ ਦੀ ਤਾਰੀਫ਼ ਕੀਤੀ ਤਾਂ ਇਜ਼ਤ ਬੇਗ ਦਾ ਪੱਕਾ ਸਿਰਨਾਵਾਂ ਝਨਾਂ ਦਾ ਕੰਢਾ ਬਣ ਗਿਆ। ਆਖ਼ਰ ਉਸ ਨੂੰ ਤੁੱਲੇ ਘੁਮਿਆਰ ਦੀਆਂ ਮੱਝਾਂ ਵੀ ਚਰਾਉਣੀਆਂ ਪੈਂਦੀਆਂ ਹਨ। 'ਸੋਹਣੀ' ਘੜੇ 'ਤੇ ਝਨਾਂ ਪਾਰ ਕਰ ਕੇ ਰੋਜ਼ ਮਹੀਂਵਾਲ ਨੂੰ ਮਿਲਣ ਆਉਂਦੀ ਸੀ। ਇੱਕ ਦਿਨ ਉਸ ਦੀ ਨਨਾਣ ਨੇ ਪੱਕੇ ਦੀ ਥਾਂ ਕੱਚਾ ਘੜਾ ਰੱਖ ਦਿੱਤਾ। ਸੋਹਣੀ ਮੰਝਧਾਰ ਵਿੱਚ ਗੋਤੇ ਖਾ ਕੇ ਅੱਲ੍ਹਾ ਨੂੰ ਪਿਆਰੀ ਹੋ ਜਾਂਦੀ ਹੈ। ਮਹੀਂਵਾਲ ਵੀ ਝਨਾਂ ਦੀਆਂ ਬਿਫ਼ਰੀਆਂ ਛੱਲਾਂ ਵਿੱਚ ਛਾਲ ਮਾਰ ਕੇ ਜਾਨ ਦੇ ਦਿੰਦਾ ਹੈ। ਫ਼ਜ਼ਲ ਸ਼ਾਹ ਨੇ ਸੋਹਣੀ ਦੀ ਰੂਹ ਦਾ ਮਹੀਂਵਾਲ ਨੂੰ ਸੁਨੇਹਾ ਦੇਣਾ ਤੇ ਫ਼ਰਿਸ਼ਤਿਆਂ ਦੁਆਰਾ ਸੋਹਣੀ-ਮਹੀਂਵਾਲ ਦੀ ਮੌਤ ਦਾ ਸੋਗ ਮਨਾਉਣ ਵਰਗੇ ਬਿਰਤਾਂਤ ਦੇ ਕੇ ਕਾਵਿਕ-ਖੁੱਲ੍ਹਾਂ ਲਈਆਂ ਹਨ। ਇਸੇ ਤਰ੍ਹਾਂ ਪ੍ਰੋ. ਕਰਮ ਸਿੰਘ ਦੀਆਂ ਖ਼ਿਆਲ ਉਡਾਰੀਆਂ ਨੇ ਸੋਹਣੀ ਨੂੰ ਕਾਲਜ ਪੜ੍ਹ ਰਹੀ ਚੁਲਬੁਲੀ ਕੁੜੀ ਦੱਸਿਆ ਹੈ ਜੋ ਇਜ਼ਤ ਬੇਗ ਕੋਲੋਂ ਟਿਊਸ਼ਨ ਪੜ੍ਹਦੀ ਹੈ। ਮਹੀਂਵਾਲ ਬਲਖ਼ ਬੁਖਾਰੇ ਦਾ ਸੌਦਾਗਰ ਹੀ ਨਹੀਂ ਸਗੋਂ ਅਰਬੀ, ਫ਼ਾਰਸੀ ਦਾ ਵਿਦਵਾਨ ਅਤੇ ਜੂਡੋ-ਕਰਾਟੇ ਦਾ ਕੋਚ ਹੈ। ਇਸ ਤਰ੍ਹਾਂ ਪ੍ਰੋ. ਕਰਮ ਸਿੰਘ ਦੀ 'ਸੋਹਣੀ' ਦੇ ਕਿੱਸੇ ਦਾ ਚਿਤਰਪਟ ਗੁਜਰਾਤ, ਬਠਿੰਡੇ, ਬਲਖ਼ ਬੁਖਾਰੇ, ਅਮਲੋਹ ਅਤੇ ਝਨਾਂ ਦੇ ਆਲੇ-ਦੁਆਲੇ ਫੈਲਿਆ ਹੋਇਆ ਹੈ। ਸਪਸ਼ਟ ਹੈ ਕਿ ਵਾਰਿਸ ਸ਼ਾਹ ਦੀ ਭਾਗਭਰੀ ਵਾਂਗ 'ਸੋਹਣੀ' ਵੀ ਪ੍ਰੋ. ਕਰਮ ਸਿੰਘ ਦਾ 'ਸੈਲਫ਼-ਪੋਰਟਰੇਟ' ਹੈ।

'ਸੋਹਣੀ' ਦਾ ਕਰਤਾ ਪ੍ਰੋ. ਕਰਮ ਸਿੰਘ ਆਪਣੇ ਕਿੱਸੇ ਵਿੱਚ ਵੰਡੇ ਹੋਏ ਪੰਜਾਬ ਨੂੰ ਮੁੜ ਇਕੱਠੇ ਹੋਣ ਦੀ ਲੋਚਾ ਕਰਦਾ ਹੈ-ਬਰਲਿਨ ਜਰਮਨੀ ਜਿਸ ਤਰ੍ਹਾਂ ਇੱਕ ਹੋਏ/ਤਿਵੇਂ ਇੱਕ ਹੋ ਜਾਣੈ ਪੰਜਾਬ ਨੇ ਵੇ। ਉਹ ਸਾਰੀ ਉਮਰ ਵਾਹਗੇ-ਅਟਾਰੀ ਵਾਲੀ ਲਕੀਰ ਨੂੰ ਮੇਟਣ ਦੀ ਅਰਦਾਸ ਕਰਦੇ ਰਹੇ ਤਾਂ ਜੋ 'ਹੀਰ' ਦੇ ਮਕਬਰੇ ਤੇ 'ਪੱਤਣ ਝਨਾਂ' 'ਤੇ ਸਿਜਦਾ ਕਰਨ ਲਈ ਕੋਈ ਰੁਕਾਵਟ ਨਾ ਰਹੇ। ਪ੍ਰੋ. ਕਰਮ ਸਿੰਘ ਅੱਜ ਜ਼ਿੰਦਾ ਹੁੰਦੇ ਤਾਂ ਉਨ੍ਹਾਂ ਨੂੰ ਹੜ੍ਹ ਵਿੱਚ ਰੁੜ੍ਹੇ ਝਨਾਂ ਦੇ ਪੱਤਣ ਦਾ ਬੇਹੱਦ ਅਫ਼ਸੋਸ ਹੋਣਾ ਸੀ। ਇਹ ਉਹ ਪੱਤਣ ਹੈ ਜਿੱਥੇ ਸੋਹਣੀ-ਮਹੀਂਵਾਲ ਨੇ ਆਪਣੇ ਇਸ਼ਕ ਨੂੰ ਦਾਗ਼ ਲੱਗਣ ਤੋਂ ਬਚਾਉਣ ਲਈ ਆਪਣੀ ਜਾਨ ਨਿਛਾਵਰ ਕਰ ਦਿੱਤੀ ਸੀ।

ਸੂਫ਼ੀਮਤ ਵਿੱਚ ਇਸ਼ਕ ਮਜਾਜ਼ੀ ਨੂੰ ਇਸ਼ਕ ਹਕੀਕੀ ਨਾਲ ਜੋੜਨ ਵਾਲਾ ਦੱਸਿਆ ਗਿਆ ਹੈ।

## .ਗ਼ਜ਼ਲ

ਮੈਨੂੰ ਤਾਂ ਮੇਰੇ ਦੋਸਤਾ, ਮੇਰੇ ਗ਼ਮ ਨੇ ਮਾਰਿਆ
ਹੈ ਝੂਠੀ ਤੇਰੀ ਦੋਸਤੀ ਦੇ, ਦਮ ਨੇ ਮਾਰਿਆ
ਮੈਨੂੰ ਤੇ ਜੇਠ-ਹਾੜ ਤੇ, ਕੋਈ ਨਹੀਂ ਗਿਲ੍ਹਾ..
ਮੇਰੇ ਚਮਨ ਨੂੰ ਚੇਤ ਦੀ, ਸ਼ਬਨਮ ਨੇ ਮਾਰਿਆ
ਮੱਸਿਆ ਦੀ ਕਾਲੀ ਰਾਤ ਦਾ, ਕੋਈ ਨਹੀਂ ਕਸੂਰ..
ਸਾਗਰ ਨੂੰ ਉਸ ਦੀ ਆਪਣੀ, ਪੂਨਮ ਨੇ ਮਾਰਿਆ
ਇਹ ਕੌਣ ਹੈ ਜੋ ਮੌਤ ਨੂੰ, ਬਦਨਾਮ ਕਰ ਰਿਹਾ..
ਇਨਸਾਨ ਨੂੰ ਇਨਸਾਨ ਦੇ, ਜਨਮ ਨੇ ਮਾਰਿਆ
ਚੜ੍ਹਿਆ ਸੀ ਜਿਹੜਾ ਸੂਰਜ, ਡੁੱਬਣਾਂ ਸੀ ਉਸ ਜ਼ਰੂਰ..
ਕੋਈ ਝੂਠ ਕਹਿ ਰਿਹਾ ਹੈ, ਕਿ ਪੱਛਮ ਨੇ ਮਾਰਿਆ
ਮੰਨਿਆਂ ਕਿ ਮੋਇਆਂ-ਮਿੱਤਰਾਂ ਦਾ, ਗ਼ਮ ਵੀ ਹੈ ਮਾਰਦਾ..
ਬਹੁਤਾ ਪਰ ਇਸ ਦਿਖਾਵੇ ਦੇ, ਮਾਤਮ ਨੇ ਮਾਰਿਆ
ਕਾਤਿਲ ਕੋਈ ਦੁਸ਼ਮਣ ਨਹੀਂ, ਮੈਂ ਠੀਕ ਆਖਦਾਂ..
"ਸ਼ਿਵ" ਨੂੰ ਤਾਂ "ਸ਼ਿਵ" ਦੇ ਆਪਣੇ ਮਹਿਰਮ ਨੇ ਮਾਰਿਆ

-ਸ਼ਿਵ ਕੁਮਾਰ ਬਟਾਲਵੀ

## ਪਤੀ ਦਾ ਖ਼ਤ

ਤੂੰ ਏਂ ਉਸ ਸ਼ਾਇਰ ਦੀ ਪਤਨੀ! ਤੂੰ ਏ ਉਸ ਬਾਗੀ ਦੀ ਨਾਰ!
ਜਿਸ ਦੇ ਕਦਮ ਕਦਮ 'ਤੇ ਬੈਠੇ, ਜਬਰ ਜ਼ੁਲਮ ਦੇ ਪਹਿਰੇਦਾਰ।
ਜਬਰ ਤਸ਼ੱਦਦ ਕੋਲੋਂ ਡਰ ਕੇ, ਗਰਦਨ ਮੇਰੀ ਝੁੱਕ ਨਹੀਂ ਸਕਦੀ।
ਲੋਕ ਪੀੜਾਂ ਸੱਚ ਦੇ ਅਫਸਾਨੇ, ਕਲਮ ਵਿਚ ਲਿਖਣੋਂ ਰੁਕ ਨਹੀਂ ਸਕਦੀ।
ਮੈਂ ਆਸ਼ਕ ਹਾਂ ਸੂਹੀ ਰੁੱਤ ਦਾ, ਮੇਰੇ ਮਨ ਵਿਚ ਲੋਕ ਪਿਆਰ।
ਜਿਸ ਦੇ ਕਦਮ ਕਦਮ....

ਸੁਲਘਦੇ ਅਹਿਸਾਸ ਨੇ ਮੱਚਦੇ, ਜਦ ਵੀ ਰੋਹ ਦੇ ਭਾਂਬੜ ਬਣ ਕੇ।
ਭੁੱਖੇ ਪੇਟ ਸੰਗੀਨਾਂ ਮੂਹਰੇ, ਡੱਟ ਜਾਂਦੇ ਨੇ ਮੁੱਕੇ ਤਣ ਕੇ।
ਨ੍ਹੇਰੇ ਦੀ ਕੁੱਖ ਵਿਚ ਹੀ ਪਲ੍ਹਦੇ, ਸੂਹੀਆਂ ਕਿਰਨਾਂ ਦੇ ਜੋ ਯਾਰ।
ਜਿਸ ਦੇ ਕਦਮ ਕਦਮ.....

ਸਿਰ ਕਤਲ ਤਾਂ ਕਰ ਸਕਦੇ ਨੇ, ਮਰਨੇ ਨਾ ਗੀਤਾਂ ਦੇ ਬੋਲ।
ਕਣ ਕਣ ਦੇ ਮੁਖੜੇ ਤੇ ਗਏ ਜੋ, ਸਰਘੀ ਦੀ ਲਾਲੀ ਨੇ ਡੋਲ।
ਸੱਚ ਦੇ ਬੋਲ ਸਦਾ ਹੀ ਜਿਉਂਦੇ, ਕੋਈ ਨਾ ਸਕਿਆ ਅੱਜ ਤੱਕ ਮਾਰ।
ਜਿਸ ਦੇ ਕਦਮ ਕਦਮ....

ਕਦੇ ਕੋਈ ਮਾਛੀਵਾੜੇ, ਜਪਦਾ ਮਿੱਤਰ ਪਿਆਰੇ ਨੂੰ,
ਕਦੇ ਕੋਈ 'ਨਾਜ਼ਿਮ' ਤੁਰਕੀ ਦਾ, ਭਰਦਾ ਹੁੰਗਾਰੇ ਨੂੰ।
ਰੁਕਦਾ ਨਾ ਇਤਿਹਾਸ ਦਾ ਪਹੀਆ, ਕਰਦਾ ਜਾਏ ਮਾਰੋ ਮਾਰ।
ਜਿਸ ਦੇ ਕਦਮ ਕਦਮ...

ਮੈਂ ਉਨ੍ਹਾਂ ਦਾ ਸਾਥੀ ਹਾਂ ਜੋ, ਹੱਕਾਂ ਲਈ ਕਰਦੇ ਸੰਗਰਾਮ।
ਮੇਰੀ ਮੌਤ ਤੋਂ ਮਗਰੋਂ ਸੱਜਣੀ, ਭੁੱਲਣਾ ਨਾ ਸਾਡਾ ਪੈਗਾਮ।
ਉਨ੍ਹਾਂ ਰਾਹਾਂ ਨੂੰ ਨਾ ਭੁੱਲਣਾ, ਜਿਨ੍ਹੀਂ ਰਾਹੀਂ ਗਏ ਜੁਝਾਰ।
ਜਿਸ ਦੇ ਕਦਮ ਕਦਮ 'ਤੇ ਬੈਠੇ, ਜਬਰ ਜ਼ੁਲਮ ਦੇ ਪਹਿਰੇਦਾਰ।

- ਜੈਮਲ ਸਿੰਘ ਪੱਡਾ

## .ਗ਼ਜ਼ਲ

ਰਾਤ ਭਰ ਜੇ ਦਿਲਜਲਾ ਕੇ ਪਹੁ ਫੁਟਾਲੇ ਦੇਣਗੇ
ਲੋਕ ਉਹਨਾਂ ਦੇ ਸਿਰਾਂ ਨੂੰ ਹੀ ਦੁਮਾਲੇ ਦੇਣਗੇ।

ਇਸ ਤਰ੍ਹਾਂ ਵਰਤਾਉਣਗੇ ਹੁਣ ਨੀਰ ਥਲ ਦੇ ਮਾਛਕੀ,
ਹੋਠ ਸੁੱਕੇ ਰੱਖ ਕੇ ਤਲ਼ੀਆਂ ਨੂੰ ਛਾਲੇ ਦੇਣਗੇ।

ਆਸ ਤਾਂ ਸੀ ਨਿਹਮਤਾਂ ਦੇ ਲਾਉਣਗੇ ਅੰਬਾਰ ਉਹ,
ਕੀ ਪਤਾ ਸੀ ਰਹਿਨੁਮਾ ਕੇਵਲ ਘੁਟਾਲੇ ਦੇਣਗੇ।

ਸੇਧ ਮਾਪੇ ਦੇਣਗੇ ਕਿੰਝ ਭਟਕਦੀ ਔਲਾਦ ਨੂੰ,
ਕੌਣ ਮਾਡਲ ਰਹਿ ਗਿਆ ਕਿਸ ਦੇ ਹਵਾਲੇ ਦੇਣਗੇ।

ਪਾ ਸਕੇ ਨਾ ਕਫ਼ਨ ਮਾਂ ਤੇ ਸਨ ਰੁਝੇਵੇਂ ਹੋਰ ਵੀ,
ਭੋਗ ਵੇਲੇ ਉਹ ਗਰੰਥਾਂ 'ਤੇ ਦੁਸ਼ਾਲੇ ਦੇਣਗੇ।

ਝੁੱਗੀਆਂ ਵਿਚ ਰੌਸ਼ਨੀ ਕੀ ਕਰਨਗੇ ਇਹ ਰਹਿਨੁਮਾ,
ਰੌਸ਼ਨੀ ਜਦ ਮਹਿਲ ਦੇ ਹੀ ਕਰ ਹਵਾਲੇ ਦੇਣਗੇ।

ਕਰਨਗੇ ਫ਼ੁਰਮਾਨ ਸ਼ਾਹੀ ਕਹਿਰ ਇਹ ਵੀ ਪਿੰਡ 'ਤੇ
ਚੂਚੀਆਂ ਵਿਚ ਹੱਥ 'ਤੇ ਹੋਠਾਂ ਨੂੰ ਤਾਲ਼ੇ ਦੇਣਗੇ।

- ਹਰਮਿੰਦਰ ਸਿੰਘ ਕੋਹਾਰਵਾਲ

## ਵਿਸ਼ਵਾਸ

ਜਿਵੇਂ ਮਿੱਟੀ 'ਚ ਸਭ ਕੁਝ ਹੈ
ਕਣਕ, ਮਿੱਠਾ, ਲੋਹਾ ਤੇ ਬਾਰੂਦ।
ਇਵੇਂ ਜਨਤਾ 'ਚ ਸਭ ਕੁਝ ਹੈ
ਲਹਿਰਾਂ, ਹੜ੍ਹਾਂ, ਤੂਫ਼ਾਨ
ਅਣਖੀ, ਇੱਜ਼ਤ ਤੇ ਇਨਕਲਾਬ।
ਕਲ 'ਈਸਾ' ਜਿਹੇ ਚਿਹਰੇ ਵਾਲਾ ਕਾਮਰੇਡ
ਲਹਿਰਾਂ, ਤੂਫ਼ਾਨਾਂ ਦੇ ਨਾਅਰੇ ਉਚੇ ਕਰਦਾ
ਜ਼ੰਜੀਰਾਂ ਨੇ ਬੰਨ੍ਹ ਲਿਆ
ਦੇਗਾਂ, ਤਵੀਆਂ ਤੇ ਆਰਿਆਂ ਦਾ ਇਤਿਹਾਸ
ਦੁਹਰਾਇਆ ਗਿਆ
ਅੰਗ ਸੰਗ ਟੁੱਟਣ ਤੋਂ ਬਾਅਦ ਵੀ
ਉਸ ਦਾ ਲੈਨਿਨ ਜਿਹਾ ਦਿਲ ਨਹੀਂ ਟੁੱਟਿਆ।
ਬਦਲੇ ਲਈ ਗਰਮ ਖ਼ੂਨ ਉਬਲਿਆ
ਅਣਗਿਣਤ ਅੰਬੀਆਂ ਜਿੰਨੇ ਜਿੰਨੇ ਰੌਂਦ ਲਈ
ਅੰਬਾਂ ਦੇ ਰਸਤਿਆਂ ਥੀਂ
ਸਿਰਾਂ ਤੋਂ ਬੇਪ੍ਰਵਾਹ
ਯੋਧਿਆਂ ਦਾ ਮਾਰਚ ਹੋਇਆ।
ਉਨ੍ਹਾਂ ਪੇਟਾਂ ਵਿਚ ਬਾਰੂਦ ਖੋਭ ਦਿੱਤਾ ਗਿਆ
ਜਿਹੜੇ ਸਦਾ ਖ਼ੂਨ ਪੀਂਦੇ
ਉਨ੍ਹਾਂ ਹੱਥਾਂ ਥੀਂ ਗਰਮ ਰੌਂਦ
ਕੱਢ ਦਿੱਤੇ ਗਏ
ਜਿਨ੍ਹਾਂ ਨੇ ਉਹ ਈਸਾ ਜਿਹਾ ਕਾਮਰੇਡ
ਸੂਲੀਆਂ ਤੇ ਪੁੱਠਾ ਟੰਗਿਆ
ਨਾਅਰੇ ਜਿਹੜੇ ਉੱਠਦੇ ਨੇ
ਕੇਰਲਾ, ਬੰਗਾਲ ਤੇ ਆਸਾਮ, ਨਾਗਾਲੈਂਡ 'ਚੋਂ
ਉੱਠੇ ਚਮਕੌਰ 'ਚੋਂ
ਤਾਂ ਕਿ ਸਮਝਸਕੇ ਹਰ ਕੋਈ
ਕਿ ਸਭ ਕੁਝ ਹੈ ਜਨਤਾ ਵਿਚ
ਲਹਿਰਾਂ, ਹੜ੍ਹਾਂ, ਤੂਫ਼ਾਨ
ਅਣਖ, ਇੱਜ਼ਤ ਤੇ ਇਨਕਲਾਬ।

-ਲਾਲ ਸਿੰਘ ਦਿਲ

## ਪਿੰਡ

ਉਹ ਜਦੋਂ ਪਿੰਡ ਤੋਂ ਸ਼ਹਿਰ ਵਿਆਹੀ ਗਈ
ਤਾਂ ਉਸਨੇ ਵੇਖਿਆ
ਸ਼ਹਿਰਾਂ ਵਿਚ ਬੜਾ ਹੀ ਕੁਝ
ਪਿੰਡ ਤੋਂ ਅਲੱਗ ਹੁੰਦਾ ਹੈ
ਕਾਲੇ ਨਾਗਾਂ ਜਿਹੀਆਂ ਸੜਕਾਂ
ਆਧੁਨਿਕ ਤੇ ਫੈਸ਼ਨਦਾਰ ਲੋਕ
ਭਾਂਤ-ਭਾਂਤ ਦੇ ਖਾਣੇ
ਅੰਗਰੇਜ਼ੀ ਤੇ ਹਿੰਦੀ ਬੋਲਦੀਆਂ
ਮਾਲੂਕ ਜਿਹੀਆਂ ਕੁੜੀਆਂ
ਸਜੇ-ਸੰਵਰੇ ਬੱਚੇ

ਕੁਝ ਅਰਸੇ ਬਾਅਦ
ਉਹ ਸ਼ਹਿਰੀ ਰੰਗ 'ਚ ਰੰਗਿਆ
ਚਿਹਰਾ-ਮੁਹਰਾ ਤੇ ਹਾਵ-ਭਾਵ ਲੈ ਕੇ ਪਿੰਡ ਜਾਂਦੀ ਹੈ
ਦੇਖਦੀ ਹੈ-
ਪਿੰਡ ਦੇ ਪਹੇ 'ਤੇ ਖੇਡਦੇ ਜੁਆਕ
ਭੂਆ-ਭੂਆ ਕਰਦੇ ਲੱਤਾਂ ਨੂੰ ਚੰਬੜਦੇ ਨੇ
ਕੁੜਤੇ-ਚਾਦਰੇ ਵਾਲਾ ਚਾਚਾ
ਮੋਹ ਨਾਲ ਸਿਰ 'ਤੇ ਪਿਆਰ ਦਿੰਦਾ ਹੈ
ਸੂਜੀ ਦੇ ਕੜਾਹ ਦੀ ਖ਼ੁਸ਼ਬੂ 'ਚ ਰਲਗੱਡ
ਮਾਂ ਦੀ ਮਮਤਾ
ਉਸ ਦੀ ਰੂਹ ਤੱਕ ਨੂੰ ਰਜਾਅ ਦਿੰਦੀ ਹੈ
ਹਾਣ ਦੀ ਗੁਆਂਢਣ 'ਰੱਜੋ' ਜਦ ਪਿਆਰ ਨਾਲ
ਗਾਲ੍ਹ ਕੱਢ ਗਲ਼ ਲਾਉਂਦੀ ਹੈ

ਤਾਂ ਉਹ ਸੋਚਦੀ ਹੈ-
ਠੀਕ ਹੀ ਤਾਂ ਕਹਿੰਦੇ ਨੇ
ਪਿੰਡਾਂ ਵਿਚ ਬੜਾ ਹੀ ਕੁਝ
ਸ਼ਹਿਰਾਂ ਤੋਂ ਅਲੱਗ ਹੁੰਦਾ ਹੈ।

-ਸਰਬਜੀਤ ਕੌਰ ਜੱਸ
95014-85511

## ਮਾਂ ਬੋਲੀ

ਮਾਂ ਬੋਲੀ ਕੁੱਖ ਵਾਂਙੂੰ ਮੈਨੂੰ ਸਾਂਭੀ ਰੱਖਦੀ।
ਮਾਂ ਬੋਲੀ ਮੇਰੀ ਮਾਂ ਦੀ ਕੱਛ ਹੈ
ਆਪਣੇ ਹੋਣ ਤੋਂ ਡਰਦਾ ਡਰਦਾ
ਜਿਸ ਵਿਚ ਰੋਜ਼ ਦਿਹਾੜੇ ਵੜਦਾ
ਫਿਰ ਮੈਨੂੰ ਨਾ ਰਹਿੰਦੀ ਚਿੰਤਾ
ਆਉਂਦੇ ਕੱਲ੍ਹ ਤੇ ਬੀਤੇ ਕੱਲ੍ਹ ਦੀ।

ਮਾਂ ਬੋਲੀ
ਮੈਂ ਮਾਂ ਦੇ ਦੁੱਧੀਂ ਚੁੰਘੀ
ਬਾਬਲ ਮੇਰੇ ਕੰਬਣ-ਕੰਬਣ ਕਰਦੇ ਨਿੱਕੜੇ ਹੱਥ ਨੂੰ
ਆਪਣੇ ਹੱਥ ਵਿਚ ਲੈ ਕੇ ਲਿਖਣਾ ਦੱਸਿਆ
ਕਾਗ਼ਜ਼ ਦੇ ਨਾਲ਼ ਤਾਹੋਯਾਤੀ ਦੋਸਤੀ ਪਾਈ।

ਮਾਂ ਬੋਲੀ 'ਚੋਂ ਬੂਰਾਂ-ਲੱਦੇ ਅੰਬਾਂ ਦੀ ਛਾਂ ਮਹਿਕੇ
ਮੋਰਾਂ ਵਾਂਙੂੰ ਪੈਲਾਂ ਪਾਉਂਦਾ ਕਾਲ਼ਾ ਬੱਦਲ
ਵੱਸਣ ਵੱਸਣ ਨੂੰ ਪਿਆ ਸਹਿਕੇ।

ਮਾਂ ਬੋਲੀ ਵਿਚ ਮੇਰੀ ਮੀਤਾ ਦਾ ਪਿੰਡਾ ਲੂੰਸਣ
ਲੂੰਸਣ ਦਗਦਾ
ਉਹਦੇ ਨਾੜੀਂ ਵਗਦੇ ਲਹੂ ਦੀ ਧੜਕਣ ਸੁਣਦੀ।

ਮਾਂ ਬੋਲੀ ਵਿਚ ਮੇਰੇ ਪੁਰਖੇ ਸੁੱਤੇ
ਜਿਨ੍ਹਾਂ ਦੇ ਸੁਪਨੇ ਮੈਂ ਨਿੱਤ ਜਾਗਾਂ।

ਮਾਂ ਬੋਲੀ ਵਿਚ ਮਿਰਜ਼ੇ ਹੀਰਾਂ ਅਲਖ ਜਗਾਵਣ।
ਮਾਂ ਬੋਲੀ ਵਿਚ ਸ਼ਬਦ ਗੁਰਾਂ ਦੇ ਪਰੀਆਂ ਗਾਵਣ।
ਸਭ ਕੁਝ ਸਿਰਜੇ ਬਿਨਸੇ ਮਾਂ ਬੋਲੀ ਹੀ।

ਅਮਰਜੀਤ ਚੰਦਨ

## ਵੋਟਾਂ

ਚੋਣਾਂ ਆਈਆਂ ਜਾਗੇ ਨੇਤਾ
ਹੁਣ ਲੋਕਾਂ ਦਾ ਆਇਆ ਚੇਤਾ
ਬਦਲ ਪਾਰਟੀ ਇਕ-ਦੂਜੇ ਨਾਲ
ਹੋ ਕੇ ਘਾਲੇ ਮਾਲੇ ਆਏ
ਵੋਟਾਂ ਮੰਗਣ ਵਾਲੇ ਆਏ

ਉਂਝ ਵੱਡੀਆਂ-ਵੱਡੀਆਂ ਕਰਦੇ ਗੱਲਾਂ
ਠੱਗੀ ਵਿਚ ਇਨ੍ਹਾਂ ਮਾਰੀਆਂ ਮੱਲਾਂ
ਕੁਝ ਨੀ ਹੋਇਆ, ਕੁਝ ਨੀ ਹੋਣਾ
ਲਾਰੇ ਲੈ ਕੇ ਨਾਲੇ ਆਏ
ਵੋਟਾਂ ਮੰਗਣ ਵਾਲੇ ਆਏ।

ਚੋਰਾਂ ਨੇ ਵੀ ਚਿੱਟੇ ਪਾਏ
ਐਵੇਂ ਮੂਰਖਾਂ ਜੱਗ ਹਸਾਏ
ਉਪਰੋਂ ਦੁੱਧੀ ਧੋਤੇ ਜਾਪਣ
ਅੰਦਰੋਂ ਦਿਲਾਂ ਦੇ ਕਾਲੇ ਆਏ
ਵੋਟਾਂ ਮੰਗਣ ਵਾਲੇ ਆਏ

ਨਾ ਸੋਡੀ ਗੱਲ ਦਾ ਦੇਣ ਜਵਾਬ
ਰੱਖਦੇ ਨੀ ਇਹ ਕੋਈ ਹਿਸਾਬ
ਇਹਨਾਂ ਸੋਨੂੰ ਕੁਝ ਨੀ ਦੱਸਣਾ
ਲਾ ਜੀਭਾਂ 'ਤੇ ਤਾਲੇ ਆਏ
ਵੋਟਾਂ ਮੰਗਣ ਵਾਲੇ ਆਏ।

ਲੋਕੋ ਸੁਣੋ, ਤੁਸੀਂ ਕੁਝ ਸੋਚੋ
ਆਪਣਾ ਲੁੱਟਦਾ ਤੁਸਾਂ ਵੀ ਵੇਚੋ।
'ਦਲਬੀਰ' ਸਹੀ ਤੇ ਮੋਹਰਾਂ ਠੋਕੋ
ਭਾਵੇਂ ਨਾਥੂ ਖਾਂ ਦੇ ਸਾਲ਼ੇ ਆਏ
ਵੋਟਾਂ ਮੰਗਣ ਵਾਲੇ ਆਏ।

ਦਲਬੀਰ ਬੀਰ ਔਲਖ, ਪਟਿਆਲਾ
095101-13036

## ਕਿਹੜੀ ਕੌਮ



ਪਾੜ ਦਿੱਤੀਆਂ ਜੇ ਜੁਆਕਾਂ ਨੇ
ਤਿੰਨ-ਰੰਗੀਆਂ ਲੀਰਾਂ
ਤਾਂ ਤੁਸੀਂ ਮੱਚ ਉਠੇ ਹੋ
ਪਿੱਠ ਨੂੰ ਬੜਾ ਸੇਕ ਲੱਗਿਆ ਹੈ
ਬਿਆਨਾਂ ਨਾਲ ਕਰ ਰਹੇ ਹੋ
ਕਾਲੇ ਅਖ਼ਬਾਰ
'ਕੌਮ ਦਾ ਅਪਮਾਨ ਹੋਇਆ ਹੈ'
ਜਰਾ ਦੱਸਣਾ ਤਾਂ ਸਹੀ
ਕੌਮ ਤੋਂ ਤੁਹਾਡਾ ਭਾਵ?

ਕੌਮ ਉਹ ਹੈ ਜੋ
ਬੰਗਲਿਆਂ 'ਚ ਵਸਦੀ ਹੈ?
ਜਾਂ ਫਿਰ ਉਹ ਜੋ
ਫੁੱਟ-ਪਾਥਾਂ 'ਤੇ ਸੌਂਦੀ ਹੈ?
ਕੌਮ ਉਹ ਹੈ ਜੋ
ਆਏ ਪਹਿਰੇ ਸੂਟ ਬਦਲਦੀ ਹੈ?
ਜਾਂ ਫਿਰ ਉਹ ਜੋ
ਸਿਆਲ ਭਰ ਕੁਰਨ ਕੁਰਨ ਕਰਦੀ ਹੈ?
ਕੌਮ ਉਹ ਹੈ ਜੋ
ਗੋਲੀਆਂ ਦੇ ਵਾਰ ਕਰਦੀ ਹੈ?
ਜਾਂ ਫਿਰ ਉਹ ਜੋ
ਗੋਲੀਆਂ ਨੂੰ ਹਿੱਕ 'ਤੇ ਜਰਦੀ ਹੈ?
ਕੌਮ ਉਹ ਹੈ ਜੋ
ਦਿਲੀ 'ਚ ਬਹਿਕੇ ਹੁਕਮ ਕਰਦੀਹੈ?
ਜਾਂ ਫਿਰ ਉਹ ਜੋ
ਛੰਭ-ਜੋੜੀਆਂ 'ਚ ਲੜ ਮਰਦੀ ਹੈ?

ਅੰਨ੍ਹੇ ਨੂੰ ਪੁੱਛੋ
ਸੁਜਾਖੇ ਨੂੰ ਪੁੱਛੋ
ਭਲਾਂ ਇਕ ਕਿਵੇਂ ਹੋ ਸਕਦੀ ਹੈ
ਪਹਿਲੀ ਤੇ ਦੂਸਰੀ ਕਿਸਮ ਦੀ ਕੌਮ?
ਤੇ ਇਕ ਕਿਵੇਂ ਹੋ ਸਕਦਾ ਹੈ
ਫਿਰ ਦੋਨਾਂ ਦਾ ਝੰਡਾ?
ਤੁਹਾਡੇ ਬਿਆਨਾਂ 'ਤੇ ਮੈਨੂੰ ਗਿਲਾ ਨਹੀਂ
ਪਰ ਖੁੱਲ੍ਹਕੇ ਦੱਸੋ
ਕਿਹੜੀ ਕੌਮ ਦਾ ਅਪਮਾਨ ਹੋਇਆ ਹੈ?

ਪਾੜ ਦਿੱਤੀਆਂ ਜੇ ਜੁਆਕਾਂ ਨੇ
ਤਿੰਨ ਰੰਗੀਆਂ ਲੀਰਾਂ
ਤਾਂ ਤੁਸੀਂ ਬੜੇ ਟੱਪੇ ਹੋ
ਪਰ ਮੈਂ ਪੁੱਛਦਾ ਹਾਂ
ਇਹ ਕਿਹੜੀ ਅਨਹੋਣੀ ਹੋਈ ਹੈ?
ਭਲਾਂ ਕਾਤਲਾਂ ਨੂੰ ਹਾਰ ਕਿਉਂ ਪਾਵੇਗੀ?
ਗੋਲੀਆਂ ਸਹਿਣ ਵਾਲੀ ਕੌਮ
ਝੁੱਗੀਆਂ 'ਚ ਰਹਿਣ ਵਾਲੀ ਕੌਮ
ਪਾਲ਼ਿਆਂ ਵਿਚ ਠਰਨ ਵਾਲੀ ਕੌਮ
ਸਰਹੱਦਾਂ 'ਤੇ ਮਰਨ ਵਾਲੀ ਕੌਮ...

- ਓਮ ਪ੍ਰਕਾਸ਼ ਸ਼ਰਮਾ

# ਸੁਖਮਿੰਦਰ ਹੰਸਰਾ ਇੱਕ ਵਿਅੱਕਤੀ/ ਇੱਕ ਵਿਚਾਰ ਧਾਰਾ

ਵਧੇਰੇ ਕਰਕੇ ਕੁਝ ਲੋਕ ਮੇਰੇ ਅੰਦਰ ਕਿਸੇ ਖਾਸ ਤਰੀਕੇ ਨਾਲ ਬਸੇਰਾ ਕਰ ਬਹਿੰਦੇ ਹਨ। ਇਹ ਵਿਰਤੀ ਹਰ ਇਨਸਾਨ ਵਿੱਚ ਹੈ ਪਰ ਮੇਰੇ ਵਿੱਚ ਇਸ ਦੀ ਮਾਤਰਾ ਕੁਝ ਵਧੇਰੇ ਕਰਕੇ ਹੀ ਘਰ ਕਰ ਜਾਂਦੀ ਹੈ। ਹੈਰਾਨੀ ਇਸ ਵਿੱਚ ਹੈ ਕਈ ਅਜੇਹੇ ਵਿਅੱਕਤੀ ਵੀ ਹਨ ਜੋ ਮੇਰੇ ਮਿੱਤਰ ਵੀ ਨਹੀਂ ਹਨ, ਮੈਂ ਉਹਨਾ ਨੂੰ ਵੇਖਿਆ ਤਕ ਨਹੀਂ ਫਿਰ ਵੀ ਮੇਰੇ ਕਿਰਦਾਰ ਦਾ ਭਾਗ ਹਨ। ਕਈ ਵਾਰੀ ਇਹਨਾਂ ਦਾ ਚਿਹਰਾ ਮੁਹਰਾ, ਇਹਨਾਂ ਦੀ ਵਿਚਾਰ ਧਾਰਾ, ਇਹਨਾਂ ਦੇ ਬੋਲਣ ਜਾਂ ਰਹਿਣ ਸਹਿਣ ਦਾ ਅੰਦਾਜ਼, ਇਹਨਾਂ ਦੀਆਂ ਲਿਖਤਾਂ ਇਹਨਾਂ ਦੀ ਆਵਾਜ਼, ਨਿੱਕੀ ਜੇਹੀ ਛੋਹ ਵੀ ਕਈ ਵਾਰ ਮੇਰੇ ਅਤੀਤ ਤੇ ਚੰਗੀਆਂ ਮਾੜੀਆਂ ਲਕੀਰਾਂ ਖਿੱਚ ਜਾਂਦੀਆਂ ਹਨ। ਅਤੇ ਮੈਂ ਇਹਨਾਂ ਦਾ ਸਵਾਦ ਇਹਨਾਂ ਦੀ ਮਿਠਾਸ, ਖਟਾਸ, ਨਮਕੀਨੀ ਅਤੇ ਕਈ ਵਾਰ ਕੁੜੱਤਣ ਮਾਣਦਾ ਹਾਂ। ਇਹ ਮੇਰੇ ਅਪਣੇ ਆਚਾਰ ਦਾ ਇੱਕ ਭਾਗ ਹੈ। ਇਹ ਹੀ ਇੱਕ ਕਾਰਣ ਹੈ ਕਿ ਅੱਜ ਤੀਕ ਮੈਂ ਅਪਣੇ ਦੁਸ਼ਮਣਾ ਅਤੇ ਦੋਸਤਾਂ ਵਿੱਚ ਕੋਈ ਲਕੀਰ ਨਹੀਂ ਖਿਚ ਸਕਿਆ ਤੇ ਨਹੀਂ ਜਾਣਦਾ ਕਿ ਮੇਰੇ ਦੁਸ਼ਮਣ ਕੌਣ ਹਨ। ਇਹਨਾਂ ਵਿੱਚ ਹੀ ਇੱਕ ਕਿਰਦਾਰ ਸੁਖਮਿੰਦਰ ਹੰਸਰਾ ਕੋਈ ਪੰਜ ਸਾਲ ਤੋਂ ਮੇਰੇ ਜੀਵਨ ਵਿੱਚ ਸਬੰਧ ਰਖਦਾ ਹੈ।

ਕੁਝ ਪਿਛਲੇ ਸਾਲਾਂ ਅੰਦਰ ਇਸ ਦੀ ਸਿਹਤ ਵਧੇਰੇ ਕਰਕੇ ਚੰਗੀ ਨਹੀਂ ਰਹੀ, ਇਸ ਕਰਕੇ ਹੋਰ ਵੀ ਨੇੜੇ ਹੋ ਕੇ ਅਖਬਾਰ ਸਬੰਧੀ ਕੁਝ ਜ਼ੁੰਮੇਵਾਰੀਆਂ ਅਪਣੇ ਤੇ ਲੈਣਾ ਚਾਹੁੰਦਾ ਸੀ। ਮੇਰੇ ਇੱਕ ਸਵਾਲ ਦਾ ਜਵਾਬ ਜੋ ਅਪਣੇ ਆਪ ਵਿੱਚ ਸੱਚਾਈ ਵੀ ਸੀ ਇਸ ਪ੍ਰਕਾਰ ਹੈ ਕਿ ਮੈਂ ਇਹ ਕਹਿ ਬੈਠਾ ਕਿ ਕੰਮ ਦਾ ਬੋਝ ਘਟ ਕਰ ਦਿਓ। ਆਖਣ ਲੱਗਾ, "ਡਾਕਟਰ ਨੇ ਤਾਂ ਇਹ ਆਖਿਆ ਸੀ ਕਿ ਤੈਨੂੰ ਰਾਜੀ ਕਰਨ ਦਾ ਇਹ ਹੀ ਇੱਕ ਕਾਰਣ ਹੈ ਕਿ ਤੂੰ ਕੰਮ ਲਈ ਫਿਟ ਹੋ ਸਕੇਂ; ਦਸੋਂ ਕਿਹਦੀ ਗੱਲ ਮੰਨਾ!" ਮੇਰੇ ਵਿਚਾਰ ਅਨੁਸਾਰ ਸੁਖਮਿੰਦਰ (ੱਰਕਅਹੋਲਚਿ) ਕੰਮ ਦਾ ਨਸ਼ੱਈ ਹੈ। ਮੇਰੇ ਵੇਖਣ ਦੀ ਗੱਲ ਹੈ ਕਿ ਕਈ ਵਾਰ ਦਿਨ ਭਰ ਦੀਆਂ ਮੀਟਿੰਗਾਂ, ਕਈ ਪ੍ਰੋਗਰਾਮ, ਮਸਲੇ ਸਿਆਸੀ ਹੋਣ ਜਾਂ ਸਮਾਜੀ, ਘਰੇਲੂ ਹੋਣ ਜਾਂ ਧਾਰਮਿਕ ਇਹਨਾਂ ਵਿੱਚ ਸਾਰਾ ਸਾਰਾ ਦਿਨ ਵੀ ਉਲਝ ਕੇ ਰਾਤ ਨੂੰ ਦੋ ਦੋ ਵਜੇ ਤਕ ਪੰਜਾਬੀ ਡੇਲੀ ਦੀ ਬੁਣਤਰ ਤਿਆਰ ਕਰਨਾ, ਸਿਖ ਪ੍ਰੈਸ ਲਈ ਲਿਖਣਾ ਅਤੇ ਫਿਰ ਰੋਜ਼ਾਨਾ ਅਣਖੀਲਾ ਪੰਜਾਬ ਰੇਡੀਓ ਲਈ ਤਿਆਰੀ ਕਿਸੇ ਅਸਧਾਰਣ ਵਿਅੱਕਤੀ ਦਾ ਹੀ ਕੰਮ ਹੈ!

ਯਾਰਾਂ ਦਾ ਯਾਰ ਹੋਣਾ ਅਤੇ ਇਹਨਾਂ ਲਈ ਰੋਜ਼ ਹੀ ਕਿਸੇ ਲੰਚ ਜਾਂ ਡਿਨਰ; ਹੋਰ ਨਹੀਂ ਤਾਂ ਟਿਮ ਹੋਰਟਨ ਦਾ ਮੀਡੀਅਮ ਕੱਪ; ਹਮੇਸ਼ਾ ਹੀ ਤਿਆਰ ਹੁੰਦਾ ਹੈ। ਅਸਲ ਵਿੱਚ ਇਹ ਵੀ ਇੱਕ ਅਜੇਹਾ ਮੋੜ ਹੈ ਕਿ ਅੰਮ੍ਰਿਤ ਧਾਰੀ ਹੋਣ ਤੇ ਇਹ ਨਹੀਂ ਸਮਝਦਾ ਕਿ ਹੁਣ ਉਹ ਕੋਈ ਅਜੋਕੀ ਹਸਤੀ ਬਣ ਕੇ ਯਾਰਾਂ ਦੀ ਮਹਿਫਲ ਤੋਂ ਗਾਫ਼ਿਲ ਹੈ। ਸਾਰੇ ਦਫਤਰ ਵਿੱਚ ਕੋਈ ਇੱਕ ਅਲਮਾਰੀ ਧਾਰਮਿਕ ਅਤੇ ਸਿਆਸੀ ਰੰਗ ਦੀਆਂ ਕਿਤਾਬਾਂ ਦੇ ਢੇਰ ਪਏ ਹਨ। ਮੋਟੀਆਂ ਮੋਟੀਆਂ ਅਖਾਂ ਹੇਠ ਲੰਮੀ ਦਾਹੜੀ ਵਿੱਚ ਲੁਕਿਆ ਰੋਹਬ ਦਾਬ ਵਾਲਾ ਚਿਹਰ ਇੱਕ ਦੋਸਤ ਬਰਦਾਸ਼ਤ ਨਾ ਕਰ ਸੱਕਿਆ ਅਤੇ ਆਖਦਾ ਹੈ, "ਮੇਰਾ ਦੂਰ ਹੋ ਜਾਣ ਦਾ ਕਾਰਣ ਇਹ ਹੀ ਸੀ ਕਿ ਇਹਦੇ ਸਾਹਮਣੇ ਮੈਂ ਅਪਣਾ ਸਾਰਾ ਵਿਅੱਕਤੀਤਵ ਗੁਆ ਬਹਿੰਦਾ ਹਾਂ।"

ਦਲੀਲ ਪੱਖੋਂ ਬੜਾ ਹੀ ਨਿਰੋਆ ਅਤੇ ਨਿਖਰਵੀਂ ਹਸਤੀ ਰਖਦਾ ਹੈ। ਸਿਆਸੀ ਸਪੀਚ ਹੋਵੇ ਤੇ ਜਾਂ ਫਿਰ ਧਾਰਮਿਕ ਮੇਰੇ ਵਿਚਾਰ ਅਨੁਸਾਰ ਪਛਮੀਂ ਸਿਖ ਸੰਸਾਰ ਵਿੱਚ ਇੱਕ ਮਹਾਨ ਰੁਤਬੇ ਵਾਲਾ ਬੁਲਾਰਾ ਹੈ। ਰਹੀ ਗੱਲ ਸਿਆਸੀ ਪਹਿਲੂ ਦੀ, ਇੱਕ ਵਾਰ ਗੱਲ ਬਾਤ ਦੁਰਾਨ ਆਖਦਾ ਹੈ ਕਿ, " ਮੇਰੇ ਲੂੰ ਲੂੰ ਵਿੱਚ ਸਿਆਸਤ ਘਰ ਕਰ ਗਈ ਹੈ; ਇਹ ਕੱਡ ਦਿਓ ਮੈਂ ਬਾਕੀ ਕੀ ਰਹਿ ਜਾਵਾਂਗਾ!" ਇਹ ਇੱਕ ਵਿਚਾਰ ਧਾਰਾ ਹੈ ਇਸ ਦਾ ਕਾਇਮ ਹੋਣਾ ਨਾ ਹੋਣਾ ਇੱਕ ਅਲੱਗ ਵਿਸ਼ਾ ਹੈ ਜੋ ਕਦੀ ਕਿਸੇ ਹੋਰ ਥਾਂ ਤੇ ਵਿਚਾਰ ਕਰਾਂਗੇ। ਸਵਾਲ ਇੱਕ ਦਰਿੜਤਾ, ਇੱਕ ਪੁਖਤਗੀ ਦਾ ਹੈ।

ਇਸ ਦੇ ਨਿੱਜੀ ਵਿਅੱਕਤੀਤਵ ਦੇ ਪਛੋਕੜ ਨੂੰ ਛਡ ਕੇ ਅੱਜ ਸੁਖਮਿੰਦਰ ਹੰਸਰਾ ਦੀ ਮਾਨਸਿਕ ਮਨੋਕਾਮਨਾਵਾਂ ਤੇ ਹੀ ਝਾਤ ਮਾਰਾਂਗਾ। ਮੇਰੇ ਵਿਚਾਰ ਅਨੁਸਾਰ ਹੰਸਰਾ ਧਰਮ ਧਾਰੀ ਹੋਣ ਦੇ ਨਾਲ ਜੋ ਕੁਝ ਵੀ ਧਰਮ ਵਿੱਚ ਵੇਖਦਾ, ਸੁਣਦਾ ਅਤੇ ਵਿਚਾਰਦਾ ਹੈ ਇਸ ਦਾ ਕਰਮ ਕਾਂਡੀ ਵੀ ਹੈ। ਸੱਚਾਈ ਇਹ ਹੀ ਹੈ ਕਿ ਉਹ ਧਰਮ ਨੂੰ ਕਿਸੇ ਚਾਰ ਦੀਵਾਰਾਂ ਵਿੱਚ ਬੰਦ ਸੋਚ ਨੂੰ ਨਹੀਂ ਪੜ੍ਹਦਾ ਸਗੋਂ ਇਸ ਦਾ ਰੋਜ਼ ਬਰੋਜ਼ ਜੀਵਨ ਵਿੱਚ ਢਲ ਜਾਣ ਦਾ ਨਾਂ ਸਮਝਦਾ ਹੈ। ਇਹ ਹੀ ਇੱਕ ਕਾਰਣ ਹੈ ਜੋ ਵੇਖਣ ਵਿੱਚ ਆਇਆ ਹੈ ਕਿ ਅਪਣੇ ਨਿੱਜੀ ਦੋਸਤ ਤਾਂ ਇੱਕ ਪਾਸੇ ਕੋਈ ਵੀ ਵਿਅੱਕਤੀ ਆ ਕੇ ਅਪਣਾ ਮਸਲਾ ਖੋਲ੍ਹ ਬੈਠਦਾ ਹੈ ਤਾਂ ਸੁਖਮਿੰਦਰ ਇਸ ਨੂੰ ਅਪਣਾ ਮਸਲਾ ਬਣਾ ਕੇ ਹੱਲ ਲਭਣ ਵਿੱਚ ਸਹਾਈ ਹੁੰਦਾ ਹੈ। ਦੂਜੀ ਗੱਲ ਇਹ ਵੀ ਵੇਖਣ ਵਿੱਚ ਆਈ ਹੈ ਕਿ ਠਰੰਮ੍ਹਾ, ਸਹਿਜ ਸੁਭਾ ਅਤੇ ਸਹਿਨ ਸ਼ੀਲਤਾ ਦਾ ਅਰਥ ਮੈਂ ਇਸ ਦੇ ਕਿਰਦਾਰ ਵਿੱਚ ਰਚਮਿਚ ਗਿਆ ਵੇਖਦਾ ਹਾਂ। ਬੇਸ਼ਕ ਇਸ ਦਾ ਇਹ ਭਾਵ ਨਹੀਂ ਕਿ ਉਹ ਅਜੇਹੀ ਮਿਠਾਸ ਹੁੰਦਿਆ ਹੋਇਆਂ ਵੀ ਤਪਸ਼ ਅਤੇ ਆਫਤਾਬੀ ਜੋਸ਼ ਤੋਂ ਬੇਖਬਰ ਹੈ।

ਸਭ ਤੋਂ ਵਧੇਰੇ ਤੀਬਰਤਾ ਵਾਲੀ ਇੱਕ ਮਹਾਨ ਲੀਡਰ ਹੋਣ ਦੀ ਖੂਬੀ ਇਸ ਦੇ ਸੁਪਣੇ ਵੇਖਣ ਵਾਲੇ ਕਿਰਦਾਰ ਵਿੱਚ ਹੁੰਦੀ ਹੈ। ਅਸਲ ਵਿੱਚ ਸੰਸਾਰ ਦੇ ਵਧੇਰੇ ਕਰਕੇ ਉਹਨਾਂ ਲੋਕਾਂ ਨੂੰ ਮੈਂ ਪੜ੍ਹਿਆ ਹੈ ਜੋ ਕੇਵਲ ਖਾਬ ਹੀ ਵੇਖਦੇ ਸਨ ਅਤੇ ਅੱਜ ਤਕ ਅਜੇਹੇ ਲੋਕ ਇਸ ਸੰਸਾਰ ਦੀ ਤਾਬੀਰ ਇਹਨਾਂ ਖਾਬਾਂ ਵਿੱਚ ਹੀ ਤਾਮੀਲ ਹੁੰਦੀ ਵੇਖਦੇ ਹਨ। ਪਰ ਇਹਨਾਂ ਦੇ ਖਾਬ ਹਮੇਸ਼ਾ ਹੀ ਜਾਗਦਿਆਂ ਆਉਂਦੇ ਸਨ। ਜਾਗਦਿਆਂ ਇਹਨਾਂ ਨੇ ਅਜੇਹੇ ਖਾਬ ਵੇਖੇ ਅਤੇ ਸੁੱਤ ਨੀਦੜਿਆਂ ਨੂੰ ਜਗਾਉਣ ਲਈ ਹੀ ਇਹਨਾਂ ਦੇ ਖਾਬ ਸਨ। ਸੁਖਮਿੰਦਰ ਰੋਜ਼ ਅਜੇਹੇ ਖਾਬ ਵੇਖਦਾ ਹੈ, ਰੋਜ਼ ਇਹਨਾ ਦੀ ਭਵਿਸ਼ਵਾਣੀ ਦੀ ਸਿਰਜਨਾ ਅਪਣੇ ਲੋਕਾਂ ਅਪਣੀ ਕਮਿਊਨਟੀ ਵਿੱਚ ਉਸਰਦੀ ਵੇਖਦਾ ਹੈ। ਮੈਂ ਉਸ ਨੂੰ ਰੋਜ਼ ਹੀ ਕਿਸੇ ਨਵੇ ਖਾਬ ਦੀ ਪਹਿਲ ਕਦਮੀ ਲਈ ਅਤੇ ਨਿਸ਼ਾਨ ਦੇਹੀ ਦਾ ਪਹਿਲਾ ਟੱਪਾ ਮਾਰਨ ਲਈ ਹਰ ਵਕਤ ਸਰਗਰਮ ਵੇਖਦਾ ਹਾਂ। ਉਹ ਆਪ ਆਖਦਾ ਹੈ,

"ਤੁਸੀਂ ਮੈਨੂੰ ਸਿਆਸੀ ਸਰਗਰਮ ਕਹਿ ਸਕਦੇ ਹੋ, ਤੁਸੀਂ ਮੈਨੂੰ ਮਨੁਖੀ ਅਧਿਕਾਰਾਂ ਦਾ ਸਰਗਰਮ ਆਖ ਸਕਦੇ ਹੋ, ਤੁਸੀਂ ਮੈਨੂੰ ਆਜ਼ਾਦੀ ਦਾ ਸਰਗਰਮ ਘੋਲਾਟੀਆਂ ਕਹਿ ਸਕਦੇ ਹੋ, ਹਰ ਪਖੋਂ ਹੀ ਮੈਂ ਸਰਗਰਮ ਹਾਂ। ਕੁਝ ਚੰਗਾ ਕਰਨ ਲਈ ਹਰ ਵੇਲੇ ਹੀ ਸਰ ਗਰਮ ਹਾਂ। ਲੋਕਾਂ ਲਈ ਕੁਝ ਹਮੇਸ਼ਾ ਕਰਦੇ ਰਹਿਣ ਵਿੱਚ ਸਰਗਰਮ। ਇਸ ਯਤਨ ਵਿੱਚ ਸਰਗਰਮ ਹਾਂ" ਕੇਨੇਡੀਅਨ ਸਿਆਸਤ ਵਿੱਚ ਇੱਕ ਕਾਂਸੂਲਰ ਦੀ ਹੈਸੀਅਤ ਵਿੱਚਲੀ ਪੁਲਾਂਗ ਇੱਕ ਨਵਾਂ ਇੱਤਹਾਸ, ਇੱਕ ਨਵਾਂ ਕਦਮ ਮੁਬਾਰਕ।

ਡਾ :ਐਸ ਨਾਜ਼ (416-271-1040)


BRAMPTON DESERVES CHANGE!

Support the Voice that Cannot be Ignored!

- Keep property taxes down
- Lobby for a University in Brampton.
- LRT in Brampton to improve commuter flow.
- Affordable housing in Brampton
- Attract new modern industry to create jobs.
- End to mismanagement and entitlement at the City Hall.
- Increased policing to fight crime & drugs in streets.

Advance Polls

Saturday Oct 18 10am to 6pm
Brampton Soccer Centre
Cassie Campbell Community Centre
South Fletcher's Sportsplex

Election Day Mon. October 27th

Hansra_SS SukhminderSinghHansra SinghHansra

905-455-9999
www.ElectHansra.ca

ELECT SUKHMINDER SINGH HANSRA



For City Councillor
WARDS 2&6


Please Support
JOHAL
SATPAUL SINGH
Candidate for
Peel District School Board Trustee
Brampton Ward 7-8 (Bramalea-Gore)
• Support kids who live in poverty • No Racism & bullying at schools
• Safe schools • Equity & diversity (Equality in Hiring)
• No drugs in schools • Encourage parent/guardian and school staff interaction
• Prevent traffic congestion (drop off-pick up) around schools
Phone: 416.895.3784 | Email: satpaulsinghjohal@gmail.com


MAROK LAW OFFICE
Always Taking You Forward
• Corporate Law • Real Estate
Wills • Affidavits • Power of Attorney
VIPANDEEP SINGH MAROK
Barrister, Solicitor & Notary Public M.A., LLB
7033 Telford Way, Unit # 9, Mississauga, ON L5S 1V4
Tel. 905-672-7800, Fax. 905-672-7804
Email: vipanmarok@gmail.com
www.maroklaw.com


S. Mehanga Singh Saraf
M.S. Int. Jewellers Inc.
22Kt./24kt. Gold Jewellery
CASH FOR GOD
CASH FOR DIAMOND
& CASH FOR PLATINUM
DIAMONDS
14K, 18K Yellow & White Gold, Platinum Jewellery
905-671-9934
2985 DREW RD, UNIT #116, MISSISSAUGA


SUPERVISA & LIFE INSURANCE
* RESP (with govt. grants & extra bonus)
* VISITORS INSURANCE
* TRAVEL INSURANCE
* DISABILITY INSURANCE
* RRSP & TFSA
RAVINDERJIT BASRA
416-845-6232
www.ravinderjitbasra.com


INSURANCE
* Auto * Home
* Commercial
* Business
Call us for lowest rates
MULTIRISK
Harleen Basra
416-817-1600
hbasra@multirisk.ca


Commitment to Excellent Services
Punjab Insurance Inc
Punjab Insurance Inc
Your Insurance Advisor
Super Visa Insurance
Disability Insurance | Life Insurance| Critical Illness Insurance|
Mortgage Insurance Segregated Funds| RRSP & TFSA | RESP|
Email : dharbans@hotmail.com www.numberoneinsurance.ca
Harbans Singh
416-817-7142